# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 03 | 17 January 2018 to 23 January 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਖੰਡ ਮਿਲਾਂ ਦਾ ਮਾਲਕ 'ਰੇਤਾ ਉਤੇ ਡਿੱਗਿਆ'

## ਦੋਸ਼ਾਂ 'ਚ ਘਿਰੇ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਆਖ਼ਰ ਦੇਣਾ ਪਿਆ ਅਸਤੀਫ਼ਾ

ਚੰਡੀਗੜ੍ਹ/ਬਿਊਰੋ ਨਿਊਜ਼: ਪੰਜਾਬ ਸਰਕਾਰ ਵਲੋਂ ਰੇਤਾ ਖੱਡਾਂ ਦੀ ਪਿਛਲੇ ਸਾਲ ਕੀਤੀ ਨਿਲਾਮੀ 'ਚ ਅਸਿੱਧੇ ਤੌਰ ਉੱਤੇ ਭਾਗ ਲੈਣ ਦੇ ਦੋਸ਼ਾਂ ਵਿੱਚ ਘਿਰੇ ਆ ਰਹੇ ਪੰਜਾਬ ਦੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ ਨੂੰ ਆਖ਼ਰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ ਹੈ। ਰਾਣਾ ਗੁਰਜੀਤ ਸਿੰਘ ਦੀ ਕਿਸਮਤ ਦਾ ਫ਼ੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ 18 ਜਨਵਰੀ ਨੂੰ ਦਿੱਲੀ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਹੋਵੇਗਾ। ਰਾਣਾ ਗੁਰਜੀਤ ਸਿੰਘ ਵਲੋਂ ਮੁੱਖ ਮੰਤਰੀ ਕੇਪਟਨ ਅਮਰਿੰਦਰ ਸਿੰਘ ਨੂੰ 4 ਜਨਵਰੀ ਨੂੰ ਦਿੱਤੇ ਅਸਤੀਫੇ ਦੀ ਅਸਲੀਅਤ ਅਖ਼ਬਾਰਾਂ ਵਿੱਚ ਛਪੀਆਂ ਰਿਪੋਰਟਾਂ ਬਾਅਦ ਹੀ ਲੋਕਾਂ ਤੱਕ ਪੁੱਜੀ। ਅਸਤੀਫ਼ਾ ਸੌਂਪ ਚੁੱਕੇ ਰਾਣਾ ਨੇ ਕਿਹਾ ਕਿ ਉਨ੍ਹਾਂ ਨੇ ਨੈਤਿਕ ਅਧਾਰ 'ਤੇ ਅਜਿਹਾ ਦੂਜੀ ਵਾਰ ਕੀਤਾ ਹੈ ਤੇ ਅਸਤੀਫ਼ੇ ਦਾ ਫੈਸਲਾ ਪਾਰਟੀ ਪ੍ਰਧਾਨ ਰਾਹੁਲ ਗਾਂਧੀ ਅਤੇ ਮੁੱਖ ਮੰਤਰੀ 'ਤੇ ਨਿਰਭਰ ਕਰਦਾ ਹੈ। ਉਧਰ ਸੂਬੇ ਦੀਆਂ ਵਿਰੋਧੀ ਪਾਰਟੀਆਂ ਮੰਤਰੀ ਦੇ ਅਸਤੀਫੇ ਨੂੰ ਫੌਰੀ ਪ੍ਰਵਾਨ ਕਰਨ ਲਈ ਜ਼ੋਰ ਪਾ ਰਹੀਆਂ ਹਨ।



ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਰਾਣਾ ਦੇ ਪੁੱਤਰ ਨੂੰ ਸੰਮਨ ਜਾਰੀ ਕੀਤੇ ਜਾਣ ਤੋਂ ਬਾਅਦ ਮੰਤਰੀ ਦੀਆਂ ਮੁਸ਼ਕਲਾਂ ਵਧ ਗਈਆਂ ਸਨ। ਵਰਨਣਯੋਗ ਹੈ ਕਿ ਪਿਛਲੇ ਸਾਲ ਮਈ ਮਹੀਨੇ ਵਿੱਚ ਰੇਤ ਖੱਡਾਂ ਦੀ ਨਿਲਾਮੀ ਸਮੇਂ ਕੈਬਨਿਟ ਮੰਤਰੀ ਰਾਣਾ ਗੁਰਜੀਤ 'ਤੇ ਦੋਸ਼ ਲੱਗੇ

ਬਾਕੀ ਸਫ਼ਾ 28 'ਤੇ

### ਰਾਣਾ ਦਾ ਅਸਤੀਫਾ ਆਪ ਦੀ ਜਿੱਤ : ਖਹਿਰਾ

ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ ਵਲੋਂ ਕੀਤੀ ਗਈ ਅਸਤੀਫੇ ਦੀ ਪੇਸ਼ਕਸ਼ ਨੂੰ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਸੱਚ ਅਤੇ ਲੋਕਾਂ ਦੀ ਜਿੱਤ ਕਰਾਰ ਦਿੱਤਾ ਹੈ। ਖਹਿਰਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸ਼ੁਰੂ ਤੋਂ ਹੀ ਭ੍ਰਿਸ਼ਟਾਚਾਰ ਅਤੇ ਭ੍ਰਿਸ਼ਟ ਆਗੂਆਂ ਖਿਲਾਫ ਜਮ ਕੇ ਲੜਾਈ ਲੜੀ ਇਸ ਦਾ ਹੀ ਸਿੱਟਾ ਹੈ ਕਿ ਇਕ ਭ੍ਰਿਸ਼ਟਾਚਾਰ ਦੇ ਮੁਜੱਸਮੇ ਵਰਗੇ ਆਗੂ ਨੂੰ ਜਨਤਾ ਸਾਹਮਣੇ ਝੁਕਣਾ ਪਿਆ ਅਤੇ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਿਆ। ਖਹਿਰਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਰਾਣਾ ਗੁਰਜੀਤ ਸਿੰਘ ਦਾ ਅਸਤੀਫਾ 4 ਜਨਵਰੀ ਨੂੰ ਹੀ ਪਹੁੰਚ ਗਿਆ ਸੀ ਪਰ ਫਿਰ ਵੀ ਕੈਪਟਨ ਨੇ ਆਪਣੇ ਇਸ ਚਹੇਤੇ ਲੀਡਰ 'ਤੇ ਕੋਈ ਫੈਸਲਾ ਨਹੀਂ ਲਿਆ। ਉਨ੍ਹਾਂ ਕਿਹਾ ਕਿ ਕੈਪਟਨ ਅਜੇ ਵੀ ਰਾਣਾ ਗੁਰਜੀਤ ਸਿੰਘ ਦਾ ਅਸਤੀਫਾ ਸਵੀਕਾਰ ਨਾ ਕਰਕੇ ਪੰਜਾਬ ਦੇ ਲੋਕਾਂ ਨਾਲ ਧੋਖਾ ਕਰ ਰਹੇ ਹਨ। ਖਹਿਰਾ ਨੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਰਾਣਾ ਗੁਰਜੀਤ ਸਿੰਘ ਕੈਪਟਨ



ਬਾਕੀ ਸਫ਼ਾ 28 'ਤੇ

### ਐਨ ਆਈ ਏ ਨੇ ਚੁੱਪ ਚੁਪੀਤੇ ਲਿਆ ਜੱਗੀ ਜੌਹਲ ਦਾ 5 ਦਿਨਾਂ ਰਿਮਾਂਡ

ਮੋਹਾਲੀ/ਬਿਊਰੋ ਨਿਊਜ਼ : ਕੌਮੀ ਜਾਂਚ ਏਜੰਸੀ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਚੁੱਪ ਚੁਪੀਤੇ ਬਰਤਾਨਵੀ ਨਾਗਰਿਕ ਸਿੱਖ ਨੌਜਵਾਨ ਜਗਤਾਰ ਸਿੰਘ ਜੱਗੀ ਜੌਹਲ ਤੋਂ ਪੁੱਛਗਿੱਛ ਲਈ ਇੱਥੋਂ ਦੀ ਅਦਾਲਤ ਤੋਂ 5 ਦਿਨ ਦਾ ਰਿਮਾਂਡ ਲੈ ਕੇ ਉਸਨੂੰ ਅਣਦੱਸੀ ਥਾਂ ਉੱਤੇ ਲੈ ਗਈ। ਵਿਸ਼ੇਸ਼ ਐਨ ਆਈ ਏ ਜੱਜ ਅਡੀਸ਼ਨਲ ਸੈਸ਼ਨ ਜੱਜ ਅੰਸ਼ੁਲ ਬੇਰੀ ਦੇ ਛੁੱਟੀ ਉੱਤੇ ਹੋਣ ਕਾਰਨ ਐਨ ਆਈ ਏ ਦੀ ਟੀਮ ਬਿਨ੍ਹਾਂ ਕਿਸੇ ਅਗਾਊ ਸੂਚਨਾ ਦੇ ਬੁੱਧਵਾਰ ਨੂੰ ਇੱਥੇ ਅਡੀਸ਼ਨਲ ਸੈਸ਼ਨ ਜੱਜ ਸੰਜੇ ਅਗਨੀਹੋਤਰੀ ਦੀ ਅਦਾਲਤ ਵਿੱਚ ਲੈ ਕੇ ਆਈ ਤੇ 22 ਜਨਵਰੀ ਤੱਕ ਪੁਲੀਸ ਰਿਮਾਂਡ ਲੈ ਕੇ ਚਲਦੀ ਬਣੀ।



ਪਤਾ ਲੱਗਾ ਹੈ ਕਿ ਸਾਰੀ ਕਾਰਵਾਈ ਹਨੇਰੇ ਵਿੱਚ ਰੱਖਣ ਕਾਰਨ ਜੱਗੀ ਜੌਹਲ ਦੇ ਵਕੀਲ ਅਦਾਲਤ ਵਿੱਚ ਉਸਦੀ ਪੈਰਵੀ ਨਾ ਕਰ ਸਕੇ। ਵਰਨਣਯੋਗ ਹੈ ਕਿ ਪੰਜਾਬ ਪੁਲੀਸ ਨੇ ਜੱਗੀ ਜੌਹਲ ਉੱਤੇ ਪੰਜਾਬ ਵਿੱਚ ਹਿੰਦੂ ਆਗੂਆਂ

ਬਾਕੀ ਸਫ਼ਾ 07 'ਤੇ

# ਬਹਿਬਲ ਗੋਲੀ ਕਾਂਡ ਦੀ ਜਾਂਚ ਹਾਲੇ ਤੱਕ ਕਿਸੇ ਨਤੀਜੇ ਤੱਕ ਨਾ ਪਹੁੰਚੀ

## ਗੋਲੀਆਂ ਚਲਾਉਣ ਵਾਲਿਆਂ ਦੀ ਹਾਲੇ ਤੱਕ ਸ਼ਨਾਖ਼ਤ ਨਹੀਂ ਨਾ ਹੋਈ

### ਗੋਲੀਆਂ ਨਾਲ ਛੇੜਖਾਨੀ ਕਰਕੇ ਸਬੂਤ ਮਿਟਾ ਦਿੱਤੇ ਗਏ ਤਾਂ ਜੋ ਪਤਾ ਨਾ ਲੱਗ ਸਕੇ ਗੋਲੀਆਂ ਕਿਸ ਹਥਿਆਰ ਤੋਂ ਚੱਲੀਆਂ

ਚੰਡੀਗੜ੍ਹ/ਬਿਊਰੋ ਨਿਊਜ਼: ਪੰਜਾਬ ਦੀ ਸਿਆਸਤ ਵਿਚ ਤੂਫ਼ਾਨ ਲਿਆਉਣ ਵਾਲੀ ਸਭ ਤੋਂ ਚਰਚਿਤ ਘਟਨਾ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਦੋ ਸਾਲ ਬਾਅਦ ਵੀ ਕਿਸੇ ਨਤੀਜੇ ਤੱਕ ਨਹੀਂ ਪਹੁੰਚੀ, ਸਬੂਤ ਜ਼ਰੂਰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਦੋ ਨਿਆਂਇਕ ਕਮਿਸ਼ਨ ਬਣੇ, ਐਸਆਈਟੀ ਨੂੰ ਜਾਂਚ ਸੌਂਪੀ ਗਈ ਪਰ ਗੋਲੀ ਚਲਾਉਣ ਵਾਲਿਆਂ ਦੀ ਹਾਲੇ ਤੱਕ ਸ਼ਨਾਖ਼ਤ ਨਹੀਂ ਹੋ ਸਕੀ। ਕੇਸ ਦੀ ਸਭ ਤੋਂ ਅਹਿਮ ਗੱਲ ਲਾਸ਼ਾਂ 'ਚੋਂ ਮਿਲੀਆਂ ਗੋਲੀਆਂ, ਜੋ ਚਲਾਉਣ ਵਾਲੇ ਪੁਲੀਸ ਵਾਲਿਆਂ ਦੀ ਸ਼ਨਾਖ਼ਤ ਕਰਨ ਦਾ ਸਭ ਤੋਂ ਅਹਿਮ ਸਬੂਤ ਸਨ, ਉਨ੍ਹਾਂ ਨਾਲ ਹੀ ਛੇੜਖਾਨੀ ਕਰ ਦਿੱਤੀ ਗਈ।

(ਬਾਕੀ ਸਫ਼ਾ 07 'ਤੇ)





### ਬੁਲੇਟ ਨਾਲ ਛੇੜਖਾਨੀ

ਚੰਡੀਗੜ੍ਹ ਸਥਿਤ ਕੇਂਦਰ ਦੀ ਫਾਰੈਂਸਿਕ ਲੈਬ ਨੇ ਜਾਂਚ ਕਮਿਸ਼ਨ ਨੂੰ ਦਿੱਤੀ ਰਿਪੋਰਟ ਵਿਚ ਕਿਹਾ ਕਿ ਜਿਹੜੀ ਗੋਲੀ ਜਾਂਚ ਲਈ ਆਈ ਸੀ, ਉਹ ਐੱਸਐੱਲਆਰ ਤੋਂ ਹੀ ਚਲੀ ਸੀ, ਪਰ ਕਿਸ ਦੇ ਹਥਿਆਰ ਤੋਂ ਚੱਲੀ ਇਹ ਕਹਿਣਾ ਮੁਸ਼ਕਲ ਹੈ, ਕਿਉਂਕਿ ਬੁਲੇਟ ਨਾਲ ਬੁਰੀ ਤਰ੍ਹਾਂ ਛੇੜਖਾਨੀ ਹੋਈ ਹੈ। ਉਨ੍ਹਾਂ ਨੇ ਅਜਿਹਾ ਕਰਨ ਵਾਲਿਆਂ 'ਤੇ ਕਾਰਵਾਈ ਦੀ ਸਿਫਾਰਸ਼ ਵੀ ਕੀਤੀ ਹੈ। ਇਸ ਤੋਂ ਬਾਅਦ ਜਸਟਿਸ ਰਣਜੀਤ ਸਿੰਘ ਨੇ ਇਸ ਮਾਮਲੇ ਵਿਚ ਡੀਜੀਪੀ ਸੁਰੇਸ਼ ਅਰੋੜਾ ਨੂੰ ਜਾਂਚ ਦੇ ਨਿਰਦੇਸ਼ ਦਿੱਤੇ ਹਨ।

### ਗੋਲੀ ਕਿਸ ਐੱਸ ਐੱਲ ਆਰ ਤੋਂ ਚਲੀ ?

ਕੇਂਦਰ ਦੀ ਰਿਪੋਰਟ ਅਨੁਸਾਰ ਜਾਂਚ ਵਿਚ ਇਹ ਤਾਂ ਸਾਹਮਣੇ ਆਇਆ ਹੈ ਕਿ ਗੋਲੀ ਐੱਸ. ਐੱਲ. ਆਰ. ਤੋਂ ਹੀ ਚੱਲੀ ਸੀ, ਪਰ ਕਿਸ ਐੱਸ. ਐੱਲ. ਆਰ. ਤੋਂ ਚੱਲੀ, ਇਹ ਨਹੀਂ ਕਿਹਾ ਜਾ ਸਕਦਾ, ਕਿਉਂਕਿ ਜੋ ਬੁਲੇਟਸ ਦਿੱਤੇ ਗਏ, ਉਨ੍ਹਾਂ ਦੇ ਨਾਲ ਏਨੀ ਛੇੜਖਾਨੀ ਕੀਤੀ ਜਾ ਚੁੱਕੀ ਹੈ ਕਿ ਪਤਾ ਲਗਾਉਣਾ ਮੁਸ਼ਕਲ ਹੈ।

### ਪੱਖਪਾਤੀ ਪੰਜਾਬ ਦੀ ਫਾਰੈਂਸਿਕ ਲੈਬ ਰਿਪੋਰਟ

ਬੁਲੇਟ ਦੀ ਜਾਂਚ ਤੋਂ ਬਾਅਦ ਪੰਜਾਬ ਦੀ ਫਾਰੈਂਸਿਕ ਲੈਬ ਨੇ ਹੈਰਾਨ ਕਰਨ ਵਾਲੀ ਰਿਪੋਰਟ ਦਿੱਤੀ ਹੈ। ਉਸ ਨੇ ਦੱਸਿਆ ਕਿ ਜੋ ਬੁਲੇਟ ਤੇ ਐੱਸ ਐੱਲ. ਆਰ. ਜਾਂਚ ਲਈ ਦਿੱਤੀਆਂ ਗਈਆਂ ਸਨ, ਉਹ ਸਬੰਧਿਤ ਐੱਸ. ਐੱਲ. ਆਰ. ਤੋਂ ਚੱਲੇ ਹੀ ਨਹੀਂ ਸਨ। ਜਦ ਕਿ ਉਨ੍ਹਾਂ ਨੇ ਬੁਲੇਟ ਨਾਲ ਛੇੜਖਾਨੀ ਹੋਣ ਦੀ ਕੋਈ ਗੱਲ ਨਹੀਂ ਕੀਤੀ। ਅਜਿਹੇ ਵਿਚ ਪੰਜਾਬ ਐੱਸ. ਐੱਫ. ਐੱਲ. ਦੀ ਇਹ ਰਿਪੋਰਟ ਵੀ ਸਵਾਲਾਂ ਦੇ ਘੇਰੇ ਵਿਚ ਹੈ। ਰਿਪੋਰਟ ਵਿਚ ਟੈਂਪਰਿੰਗ ਦਾ ਵੀ ਕੋਈ ਜ਼ਿਕਰ ਨਹੀਂ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੋ ਬੁਲੇਟ ਮ੍ਰਿਤਕਾਂ ਤੇ ਜ਼ਖ਼ਮੀਆਂ ਨੂੰ ਲੱਗੇ ਹਨ, ਉਸ ਦਾ ਪਤਾ ਨਹੀਂ ਕਿਸ ਨੇ ਗੋਲੀ ਚਲਾਈ। ਇਹ ਇੱਕ ਤਰ੍ਹਾਂ ਨਾਲ ਕਲੀਨਚਿੱਟ ਦੇ ਦਿੱਤੀ ਗਈ। ਸਵਾਲ ਇਹ ਖੜ੍ਹਾ ਹੈ ਕਿ ਇੱਕ ਹੀ ਸਬੂਤ ਦੀ ਜਾਂਚ ਵਿਚ ਦੋ ਫਾਰੈਂਸਿਕ ਲੈਬ ਦੀਆਂ ਵੱਖ-ਵੱਖ ਰਿਪੋਰਟਾਂ ਤੋਂ ਇਸ ਮਾਮਲੇ ਵਿਚ ਜਾਂਚ ਕਮਿਸ਼ਨ ਵੀ ਸ਼ਸ਼ੋਪੰਜ ਵਿਚ ਪੈ ਗਿਆ ਹੈ। ਕਮਿਸ਼ਨ ਦੇ ਸਾਹਮਣੇ ਇਹ ਸਵਾਲ ਖੜ੍ਹਾ ਹੋ ਗਿਆ ਹੈ ਕਿ ਉਹ ਕਿਸ ਰਿਪੋਰਟ ਨੂੰ ਸਹੀ ਮੰਨੇ।

## 12 ਬੱਚਿਆਂ ਨੂੰ ਘਰ 'ਚ ਬੰਧਕ ਬਣਾਉਣ ਦੇ ਦੋਸ਼ ਹੇਠ ਪਤੀ ਪਤਨੀ ਗ੍ਰਿਫਤਾਰ

ਲਾਸ-ਏਂਜਲਸ/(ਨੀਟਾ ਮਾਛੀਕੇ, ਕੁਲਵੰਤ ਧਾਲੀਆਂ): ਦੱਖਣੀ ਕੈਲੇਫੋਰਨੀਆਂ ਦਾ ਇੱਕ ਗੋਰਾ ਜੋੜਾ ਅਪਣੇ ਬੱਚਿਆਂ ਨੂੰ ਨਰਕ ਭਰੀ ਜਿੰਦਿਉਣ ਵਾਸਤੇ ਮਜਬੂਰ ਕਰਨ ਦੇ ਦੋਸ਼ਾਂ ਹੇਠ ਇਸ ਸਮੇਂ ਜੇਲ੍ਹ ਦੀ ਹਵਾ ਖਾ ਰਿਹਾ ਹੈ। ਪਤੀ ਪਤਨੀ ਤੇ ਆਪਣੇ ਹੀ ਬੱਚਿਆਂ ਨੂੰ ਖ਼ਤਰੇ ਵਿੱਚ ਪਾਉਣ ਤੇ ਉਹਨਾਂ ਤੇ ਤਸ਼ੱਦਦ





ਢਾਉਣ ਦਾ ਦੋਸ਼ ਲੱਗਿਆ ਹੈ। ਤਲਾਸ਼ੀ ਦੌਰਾਨ ਉਹਨਾਂ ਦੇ ਘਰ ਵਿੱਚੋਂ 12 ਬੱਚੇ ਮੰਜਿਆਂ ਨਾਲ ਬੰਨੇ ਹੋਏ ਮਿਲੇ। ਡੇਵਿਡ ਟਰਪਿਨ (57 ਸਾਲ )ਅਤੇ ਲੁਇਸ ਟਰਪਿਨ (49 ਸਾਲ) ਪਤੀ ਪਤਨੀ ਰਿਵਰਸਾਇਡ ਕਾਊਂਟੀ ਜੇਲ੍ਹ 'ਚ 9 ਮਿਲੀਆਨ ਡਾਲਰ

ਬਾਕੀ ਸਫ਼ਾ 28 'ਤੇ


ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949

JASPREET SINGH
Attorney-At-law





Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE
OVER THE ROAD



FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours
For Trucking Companies
Call for a Quote
(855)641-6955

Punjabi
408-272-5200
KHALSA
INSURANCE AGENCY, INC.
COVERED CALIFORNIA
OBAMACARE
Call Now for the
Lowest Health Insurance
Premiums available
Some Households
qualify for
FREE HEALTHCARE
408-272-2500

TRANS-ALLIANCE



SAVE UPTO 24¢
PER GALLON ON DIESEL
FUEL CARD
FACTORING
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
PETRO

# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

## Truck Parking Available for 500+ Trucks

i5 TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਸੈਨਹੋਜ਼ੇ ਗੁਰਦੁਆਰਾ ਕਮੇਟੀ ਵਲੋਂ ਭਾਈ ਸਰਬਜੋਤ ਸਿੰਘ ਸਵੱਦੀ ਨੂੰ ਸੇਵਾ ਮੁਕਤ ਕੀਤਾ

**ਸੈਨਹੋਜ਼ੇ/ਬਿਊਰੋ ਨਿਊਜ਼:** ਸੈਨਹੋਜ਼ੇ ਗੁਰਦੁਆਰਾ ਕਮੇਟੀ ਨੇ ਭਾਈ ਸਰਬਜੋਤ ਸਿੰਘ ਸਵੱਦੀ ਨੂੰ ਕਮੇਟੀ ਦੇ 15 ਮੈਂਬਰਾਂ ਵਲੋਂ ਵੋਟਾਂ ਪਾ ਕੇ ਕੱਢ ਦਿੱਤਾ ਹੈ। ਗੁਰਦੁਆਰਾ ਕਮੇਟੀ ਵਲੋਂ ਲੰਘੇ ਐਤਵਾਰ ਕੀਤੇ ਗਏ ਇਹ ਤਾਨਾਸ਼ਾਹੀ ਫੈਸਲੇ ਵਿਰੁਧ ਰੋਸ ਵਜੋਂ ਇਕ ਹੋਰ ਕਮੇਟੀ ਮੈਂਬਰ ਨੀਟੂ ਸਿੰਘ ਕਾਹਲੋਂ ਵੀ ਅਸਤੀਫ਼ਾ ਦੇ ਗਿਆ ਹੈ। ਭਾਈ ਸਵੱਦੀ ਨੂੰ ਕਮੇਟੀ ਵਿਚੋਂ ਕੱਢੇ ਜਾਣ ਦਾ ਕਾਰਨ ਸੰਤ ਰਣਜੀਤ ਸਿੰਘ ਢੱਡਰੀਆਂ ਵਾਲਾ ਦੱਸਿਆ ਜਾਂਦਾ ਹੈ। ਕਮੇਟੀ ਦੇ ਜਨਰਲ ਸੈਕਟਰੀ ਪ੍ਰੀਤਮ ਸਿੰਘ ਗਰੇਵਾਲ ਨੇ ਦੋਸ਼ ਲਾਇਆ ਕਿ ਸੰਤ ਢੱਡਰੀਆਂ ਵਾਲਿਆਂ ਦੇ ਪ੍ਰੋਗਰਾਮ ਵੇਲੇ ਹੋਏ ਝਗੜੇ ਵੇਲੇ ਦਮਦਮੀ ਟਕਸਾਲ ਦੇ ਸਿੰਘਾਂ ਨੂੰ ਭਾਈ ਸਵੱਦੀ ਨੇ ਬੁਲਾਇਆ ਸੀ। ਹੈਰਾਨੀ ਦੀ ਗੱਲ ਹੈ ਕਿ ਦਮਦਮੀ ਟਕਸਾਲ ਦੇ ਸਿੰਘਾਂ ਨੂੰ ਸੈਨਹੋਜ਼ੇ ਬੁਲਾਉਣ ਵਾਲਿਆਂ ਵਿਚ ਭਾਈ ਸੁਖਦੇਵ ਸਿੰਘ ਬੈਨੀਵਾਲ ਵੀ ਸੀ। ਪਿਛਲੇ ਦੋ-ਤਿੰਨ ਸਾਲਾਂ ਤੋਂ ਪ੍ਰੀਤਮ ਸਿੰਘ ਗਰੇਵਾਲ ਹੀ ਬਾਬ ਢਿਲੋਂ ਵਿਰੁੱਧ ਭਾਈ ਸਵੱਦੀ ਅਤੇ ਨੀਟੂ ਕਾਹਲੋਂ ਨੂੰ ਵਰਤਦਾ ਆ ਰਿਹਾ ਹੈ ਅਤੇ ਇਕ ਅਲੱਗ ਧੜਾ ਬਣਾ ਕੇ ਚੋਣਾਂ ਲੜਨ ਦੀ ਵਿਉਂਤ ਵੀ ਬਣਾਉਂਦਾ ਰਿਹਾ ਹੈ ਪਰ ਹੁਣ ਉਹ ਪਾਸਾ ਬਦਲਕੇ ਭਾਈ ਸਵੱਦੀ ਨੂੰ ਕਢਵਾਉਣ ਲਈ ਬਾਬ ਢਿਲੋਂ ਨਾਲ ਜਾ ਰਲਿਆ। ਦਸਿਆ ਜਾਂਦਾ ਹੈ ਕਿ ਪ੍ਰੀਤਮ ਸਿੰਘ ਗਰੇਵਾਲ ਦੇ ਸੰਤ ਢੱਡਰੀਆਂ ਵਾਲੇ ਨਾਲ ਨਜ਼ਦੀਕੀ ਸਬੰਧ ਹਨ ਅਤੇ ਉਸ ਦਾ ਗਰੀਨ ਕਾਰਡ ਵੀ ਇਸ ਗੁਰਦੁਆਰਾ ਸਾਹਿਬ ਵਿਚੋਂ ਹੀ ਅਪਲਾਈ ਹੋਇਆ ਹੈ। ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦੇ ਭਾਈ ਸਵੱਦੀ ਨੇ ਕਿਹਾ ਕਿ ਹੁਣ ਤੱਕ 100 ਤੋਂ ਉਪਰ ਗਰੀਨ ਕਾਰਡ ਕਮੇਟੀ ਅਪਲਾਈ ਕਰ ਚੁੱਕੀ ਹੈ ਅਤੇ ਕਈ ਉਹਨਾਂ ਵਿਚੋਂ ਜਥੇ ਵੀ ਨਹੀਂ।


ਪ੍ਰਧਾਨ ਅਤੇ ਸਮੂੰਹ ਕਮੇਟੀ ਮੈਂਬਰ ਗੁਰਦੁਆਰਾ ਸਾਹਿਬ ਸੈਨਹੋਜੇ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ

ਮੈਂ ਨੀਟੂ ਸਿੰਘ ਕਾਹਲੋਂ ਨੇ ਗੁਰੂ ਕਿਰਪਾ ਨਾਲ ਗੁਰਦੁਆਰਾ ਸਾਹਿਬ ਸੈਨਹੋਜੇ ਬਤੌਰ ਕਮੇਟੀ ਮੈਂਬਰ ਸੇਵਾ ਕੀਤੀ ਹੈ। ਅੱਜ ਮੈਂ ਕਮੇਟੀ ਦੀਆਂ ਖੁੱਬ ਆਪ ਹੁੰਦਰੀਆਂ ਕਰਕੇ ਇਸ ਕਮੇਟੀ ਵਿੱਚੋਂ ਅਸਤੀਫਾ ਦਿੰਦਾ ਹਾਂ ਮੈਂ ਆਪ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੇਰਾ ਅਸਤੀਫਾ ਤਰੁੰਤ ਪ੍ਰਵਾਣ ਕੀਤਾ ਜਾਵੇ।

ਨੀਟੂ ਸਿੰਘ ਕਾਹਲੋਂ

01-12-18

Neetu Singh Kahlon



ਵਰਨਣਯੋਗ ਹੈ ਕਿ ਸੈਨਹੋਜ਼ੇ ਗੁਰਦੁਆਰਾ ਸਾਹਿਬ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਹੈ ਪਰ ਇਸ ਦੇ ਪ੍ਰਧਾਨ, ਜਨਰਲ ਸੈਕਟਰੀ ਅਤੇ ਖਜ਼ਾਨਚੀ ਦੇ ਅਹੁਦੇ 'ਚੇ ਬੈਠੇ ਵਿਅਕਤੀਆਂ ਵਿਚੋਂ ਇਕ ਵੀ ਅੰਮ੍ਰਿਤਧਾਰੀ ਨਹੀਂ। ਇਸ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਪੰਥ ਦੇ ਚੱਲ ਰਹੇ ਸੰਘਰਸ਼ ਦੇ ਵਿਰੁੱਧ ਹੀ ਭੁਗਤਦੀ ਆ ਰਹੀ ਹੈ ਅਤੇ ਭਾਰਤੀ ਕੌਂਸਲੇਟ ਦੇ ਲੋਕ ਇਥੋਂ ਸਿਰੋਪਾਓ ਲੈਂਦੇ ਰਹੇ ਹਨ। ਸਾਰੀ ਦੁਨੀਆਂ ਦੇ ਗੁਰਦੁਆਰਾ ਸਾਹਿਬਾਨ ਨੇ ਹਾਲ ਹੀ ਵਿਚ ਭਾਰਤੀ ਕੌਂਸਲੇਟਾਂ ਦੀ ਗੁਰਦੁਆਰਿਆਂ ਵਿਚ ਦਖ਼ਲ ਅੰਦਾਜ਼ੀ ਰੋਕਦੇ ਹੋਏ ਉਨ੍ਹਾਂ ਨੂੰ ਕਿਸੇ ਵੀ ਕਮੇਟੀ ਦੇ ਪ੍ਰੋਗਰਾਮ ਵਿਚ ਬੋਲਣ ਜਾਂ ਸੱਦਣ 'ਤੇ ਪਾਬੰਦੀ ਲਾਈ ਹੈ ਪਰ ਇਸ ਗੁਰਦੁਆਰਾ ਕਮੇਟੀ ਨੇ ਉਸ ਲਹਿਰ ਨਾਲੋਂ ਪਾਸਾ ਹੀ ਵੱਟੀ ਰੱਖਿਆ ਅਤੇ ਕੋਈ ਪਾਬੰਦੀ ਨਹੀਂ ਲਗਾਈ। ਇਸੇ ਤਰ੍ਹਾਂ ਕੈਲੀਫੋਰਨੀਆ ਦੇ ਗੁਰਦੁਆਰਿਆਂ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ 1984 ਦੇ ਹਮਲੇ ਦੀ ਯਾਦ ਵਿਚ ਸੈਨਫਰਾਂਸਿਸਕੋ 'ਚ ਹਰ ਸਾਲ ਹੁੰਦੇ ਨਗਰ ਕੀਰਤਨ ਵਿਚ ਇਸ ਗੁਰਦੁਆਰੇ ਦੀ ਕਮੇਟੀ ਨੇ ਸ਼ਮੂਲੀਅਤ ਕਰਨ ਤੋਂ ਵੀ ਨਾਂਹ ਕਰ ਦਿੱਤੀ ਸੀ। ਸਿੱਖਾਂ ਦੀ ਮਾਇਆ ਨਾਲ ਬਣੇ ਗੁਰਦੁਆਰੇ ਸਿੱਖਾਂ ਦੇ ਹੱਕਾਂ ਵਿਰੁੱਧ ਹੀ ਵਰਤੇ ਜਾ ਰਹੇ ਹਨ।

'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਨਾਲ ਗੱਲਬਾਤ ਕਰਦੇ ਹੋਏ ਨੀਟੂ ਸਿੰਘ ਕਾਹਲੋਂ ਨੇ ਕਿਹਾ ਕਿ 'ਬਾਬ ਢਿਲੋਂ ਦਾ ਪਤਨ ਸ਼ੁਰੂ ਹੋ ਗਿਆ ਹੈ। ਅੱਤ ਤੇ ਖੁਦਾ ਦਾ ਵੈਰ ਹੁੰਦਾ ਹੈ। ਜਦੋਂ ਤੁਸੀਂ ਆਪਣੇ ਲੋਕਾਂ ਨਾਲ ਧੋਖਾ ਕਰਨ ਲੱਗ ਜਾਓ ਤਾਂ ਜ਼ਿਆਦਾ ਦੇਰ ਤਾਕਤ ਬਰਕਰਾਰ ਰੱਖਣੀ ਸੰਭਵ ਨਹੀਂ।' ਯਾਦ ਰਹੇ, ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਪਿਛਲੇ 9-10 ਸਾਲ ਤੋਂ ਗੁਰਦੁਆਰਾ ਕਮੇਟੀ ਨੂੰ ਉਸਾਰੀ 'ਤੇ ਲੱਗੇ ਤਕਰੀਬਨ 25 ਮਿਲੀਅਨ ਡਾਲਰਾਂ ਦਾ ਆਡਿਟ ਕਰਾਉਣ ਦੀ ਬੇਨਤੀ ਕਰ ਰਿਹਾ ਹੈ ਪਰ ਕਮੇਟੀ ਨੇ ਹਾਲੇ ਤੱਕ ਕਿਸੇ ਵੀ ਆਜ਼ਾਦਾਨਾ ਕੰਪਨੀ ਵਲੋਂ ਆਡਿਟ ਨਹੀਂ ਕਰਾਇਆ।

ਆਖੀਰ ਵਿਚ ਭਾਈ ਸਵੱਦੀ ਨੇ ਕਿਹਾ ਕਿ, 'ਸੰਗਤ ਵਿਚ ਬਾਬ ਢਿਲੋਂ ਦਾ ਅਕਸ ਇੰਨਾ ਚੰਗਾ ਨਹੀਂ ਅਤੇ ਮੈਂ ਉਸ ਨੂੰ ਚੈਲੰਜ ਕਰਦਾ ਹਾਂ ਕਿ ਮੇਰੇ ਨਾਲ ਚੋਣ ਲੜਕੇ ਦੇਖ ਲਏ ਤਾਂ ਪਤਾ ਲੱਗ ਜਾਏਗਾ ਕਿ ਸੰਗਤ ਕਿਸ ਨਾਲ ਹੈ।' ਪ੍ਰੀਤਮ ਸਿੰਘ ਗਰੇਵਾਲ ਬਾਰੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਇਸ ਦਾ ਕੋਈ ਸਟੈਂਡ ਨਹੀਂ ਅਤੇ ਉਹ ਦਿਨ ਦੂਰ ਨਹੀਂ ਜਦੋਂ ਬਾਬ ਢਿਲੋਂ ਨੇ ਇਸ ਨੂੰ ਵੀ ਬਾਹਰ ਦਾ ਰਸਤਾ ਦਿਖਾ ਦੇਣਾ ਹੈ।

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਡਾ. ਪ੍ਰਿਤਪਾਲ ਸਿੰਘ ਦੇ ਮਾਤਾ ਹਰਚਰਨ ਕੌਰ ਜੀ ਦੇ ਅਕਾਲ ਚਲਾਣੇ ਦੀ ਅੰਤਮ ਅਰਦਾਸ



**ਮਿਲਪੀਟਸ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਤੇ ਸਿੱਖ ਆਗੂ ਡਾਕਟਰ ਪ੍ਰਿਤਪਾਲ ਸਿੰਘ ਦੇ ਮਾਤਾ ਜੀ ਹਰਚਰਨ ਕੌਰ, ਲਗਪਗ 90 ਸਾਲ ਦੀ ਉਪਰ ਵਿਚ, ਪੰਜਾਬ ਜਲੰਧਰ ਵਿਚ ਪਿਛਲੇ ਦਿਨੀ ਸਵਰਗਵਾਸ ਹੋ ਗਏ ਸਨ ਜਿਥੇ ਉਨਾਂ ਦਾ ਅੰਤਮ ਸਸਕਾਰ ਕਰ ਦਿਤਾ ਗਿਆ ਸੀ। ਪਰਿਵਾਰ ਵੱਲੋਂ ਮਾਤਾ ਜੀ ਦੀ ਯਾਦ ਵਿਚ ਇਥੇ ਮਿਲਪੀਟਸ ਗੁਰਦੁਆਰਾ ਸਾਹਿਬ ਵਿਚ ਅੰਤਮ ਅਰਦਾਸ ਵਜੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਤੇ ਕੀਰਤਨ ਦਰਬਾਰ ਕਰਵਾਇਆ ਗਿਆ, ਜਿਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੀਰਤਨ ਵਿਭਾਗ ਦੇ ਮੁਖੀ ਡਾਕਟਰ ਗੁਰਨਾਮ ਸਿੰਘ ਤੇ ਭਾਈ ਸੁਖਦੇਵ ਸਿੰਘ ਤੇ ਭਾਈ ਗੁਰਮੀਤ ਸਿੰਘ ਜੰਮੂ ਦੇ ਕੀਰਤਨੀ ਜਥਿਆਂ ਨੇ ਵੈਰਾਗ ਮਈ ਕੀਰਤਨ ਕੀਤਾ। ਦੂਰੋਂ ਨੇੜਿਓਂ ਆਏ ਪੰਥਕ ਬੁਲਾਰਿਆਂ ਤੇ ਗੁਰਦੁਆਂਰਾ ਪ੍ਰਬੰਧਕ ਕਮੇਟੀਆਂ ਨੇ ਮਾਤਾ ਜੀ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ, ਉਨਾਂ ਦੀ ਪੰਥਕ ਸੇਵਾ ਨੂੰ ਸਲਾਹਿਆ ਤੇ ਡਾ: ਪ੍ਰਿਤਪਾਲ ਸਿੰਘ

ਬਾਕੀ ਸਫ਼ਾ 29 'ਤੇ




# ਭਾਰਤੀ ਅਧਿਕਾਰੀਆਂ ਦੇ ਬਾਹਰਲੇ ਮੁਲਕਾਂ ਦੇ ਗੁਰਦੁਆਰਿਆਂ ਅੰਦਰ ਬੋਲਣ ਦੀ ਮਨਾਹੀ ਸ਼ਲਾਘਾਯੋਗ ਉਪਰਾਲਾ : ਹਰਮਿੰਦਰ ਸਿੰਘ ਮਿੰਟੂ ਅਤੇ ਰਤਨਦੀਪ ਸਿੰਘ

### *ਦੋਵਾਂ ਖਾੜਕੂ ਸਿੰਘਾਂ ਦੀ ਦਿੱਲੀ ਅਦਾਲਤ ਵਿਚ ਪੇਸ਼ੀ*

**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁੱਖੀ ਭਾਈ ਹਰਮਿੰਦਰ ਸਿੰਘ ਮਿੰਟੂ ਅਤੇ ਬੀਟੀਕੇਐਫ ਦੇ ਮੁੱਖੀ ਭਾਈ ਰਤਨਦੀਪ ਸਿੰਘ ਉਰਫ ਜਿੰਦਰ ਨੂੰ ਬੀਤੇ ਦਿਨ ਪੰਜਾਬ ਪੁਲਿਸ ਵਲੋਂ ਸਖਤ ਪਹਿਰੇ ਵਿਚ ਦਿੱਲੀ ਵਿੱਖੇ ਜੱਜ ਸਿੱਧਾਰਥ ਸ਼ਰਮਾ ਦੀ ਅਦਾਲਤ ਵਿਚ ਸਪੈਸ਼ਲ ਸੈਲ ਦੇ ਐਫ ਆਈ ਨੰ 66/16 ਅਤੇ 375/99 ਦੀ ਵੱਖ ਵੱਖ ਧਾਰਾਵਾਂ ਅਧੀਨ ਸਮੇਂ ਨਾਲੋਂ ਤਕਰੀਬਨ ਦੋ ਘੰਟੇ ਦੀ ਦੇਰੀ ਨਾਲ ਪੇਸ਼ ਕੀਤਾ ਗਿਆ । ਅਜ ਅਦਾਲਤ ਅੰਦਰ ਭਾਈ ਮਿੰਟੂ ਦੇ ਮਾਮਲੇ ਦਾ ਇਕ ਗਵਾਹ ਪੇਸ਼ ਹੋਇਆ ਸੀ ਜਿਸਨੇ ਅਪਣੀ ਗਵਾਹੀ ਦਰਜ ਕਰਵਾਈ ਤੇ ਰਤਨਦੀਪ ਸਿੰਘ ਦੇ ਮਾਮਲੇ ਦਾ ਚਲਾਨ ਤੇਤੇ ਦਿਨ ਅਦਾਲਤ ਅੰਦਰ ਪੇਸ਼ ਕੀਤਾ ਗਿਆ । ਦੋਨਾਂ ਸਿੰਘਾਂ ਵਲੋਂ ਵਕੀਲ ਭਾਈ ਪਰਮਜੀਤ ਸਿੰਘ ਪੇਸ਼ ਹੋਏ ਸਨ। ਪੇਸ਼ੀ ਭੁਗਤਣ ਉਪਰੰਤ ਭਾਈ ਹਰਮਿੰਦਰ ਸਿੰਘ ਮਿੰਟੂ ਅਤੇ ਰਤਨਦੀਪ ਸਿੰਘ ਨੇ ਪ੍ਰੈਸ ਨਾਲ ਗਲਬਾਤ ਦੌਰਾਨ ਕਿਹਾ ਕਿ ਬਾਹਰਲੇ ਮੁਲਕਾਂ ਦੇ ਸਿੰਘਾਂ ਵਲੋਂ ਦਰਬਾਰ ਸਾਹਿਬ ਤੇ ਹੋਏ ਸਰਕਾਰੀ ਹਮਲੇ ਉਪਰੰਤ ਨਵੰਬਰ 84 ਦੇ ਸਿੱਖ ਕਤਲੇਆਮ ਦੇ ਇਕ ਵੀ ਦੋਸ਼ੀ ਨੂੰ 34 ਸਾਲ ਬੀਤ ਜਾਣ ਤੋਂ ਬਾਅਦ ਵੀ ਸਜ਼ਾ ਨਾ ਮਿਲਣ ਦੇ ਵਿਰੋਧ ਵਿਚ ਭਾਰਤੀ ਅਧਿਕਾਰੀਆਂ ਤੇ ਨੁਮਾਇੰਦਿਆਂ ਉਪਰ ਵਿਦੇਸ਼ੀ ਗੁਰਦੁਆਰਾ ਸਾਹਿਬਾਨ ਅੰਦਰ ਬੋਲਣ ਦੀ ਮਨਾਹੀ ਦਾ ਫੈਸਲਾ ਸ਼ਲਾਘਾਯੋਗ ਹੈ । ਜਿਹੜੇ ਹੋਰ ਮੁਲਕ ਇਸ ਫੈਸਲੇ ਤੋ ਬਾਕੀ ਰਹਿ ਗਏ ਹਨ ਉਨ੍ਹਾਂ ਨੂੰ ਵੀ ਜਲਦੀ ਫੈਸਲਾ ਲੈਣਾ ਚਾਹੀਦਾ ਹੈ ।

ਦੋਵਾਂ ਖਾੜਕੂ ਸਿੰਘਾਂ ਨੇ ਕਿਹਾ ਕਿ ਮੁੰਬਈ ਸਮਾਗਮ ਦੌਰਾਨ ਗਿਆਨੀ ਗੁਰਬਚਨ ਸਿੰਘ ਵਲੋਂ ਸਿੱਖੀ ਰਹਿਤ ਮਰਿਆਦਾ ਦੀ ਉਲੰਘਣਾ



ਹਾਈਕੋਰਟ ਦੇ ਆਦੇਸ਼ ਦੇ ਬਾਵਜੂਦ ਰਤਨਦੀਪ ਨੂੰ ਨਹੀ ਮਿਲ ਰਿਹਾ ਜੇਲ੍ਹ ਅੰਦਰ ਇਲਾਜ

ਕਰਨਾ ਕੌਮ ਲਈ ਬਹੁਤ ਨਮੋਸ਼ੀ ਵਾਲੀ ਗਲ ਹੈ ਤੇ ਸਮੂਹ ਪੰਥਕ ਜੱਥੇਬੰਦੀਆਂ ਨੂੰ ਇਸ ਮਾਮਲੇ ਵਿਚ ਸਿਰ ਜੋੜ ਕੇ ਬੈਠ ਕੇ ਵਿਚਾਰਨਾ ਚਾਹੀਦਾ ਹੈ ਤੇ ਇਕ ਠੋਸ ਰਣਨੀਤੀ ਓਲੀਕਣੀ ਚਾਹੀਦੀ ਹੈ ਜਿਸ ਨਾਲ ਅਗੇ ਤੋਂ ਕੋਈ ਸਿੱਖ ਮਰਿਆਦਾ ਨਾਲ ਖਿਲਵਾੜ ਨਾ ਕਰ ਸਕੇ । ਉਨ੍ਹਾਂ ਕਿਹਾ ਕਿ ਅਪਣੀ ਇਸ ਬੱਜਰ ਗਲਤੀ ਲਈ ਗਿਆਨੀ ਗੁਰਬਚਨ ਸਿੰਘ ਨੂੰ ਸੰਗਤਾਂ ਦੇ ਸਨਮੁੱਖ ਹੋ ਕੇ ਅਪਣੀ ਗਲਤੀ ਦਾ ਅਹਿਸਾਸ ਕਰਨਾ ਚਾਹੀਦਾ ਹੈ ।

ਭਾਈ ਰਤਨਦੀਪ ਸਿੰਘ ਨੇ ਫਿਰ ਨਾਭਾ ਜੇਲ੍ਹ ਅਧਿਕਾਰੀਆਂ ਵਲੋਂ ਉਨ੍ਹਾਂ ਦਾ ਇਲਾਜ ਨਾ ਕਰਵਾਉਣ ਦੇ ਦੋਸ਼ ਲਾਏ ਗਏ ਹਨ । ਉਨ੍ਹਾਂ ਕਿਹਾ ਕਿ ਹਾਈਕੋਰਟ ਵਲੋਂ ਅੱਖ ਦੇ ਮੋਤਿਆਬਿੰਦ ਅਤੇ ਦੰਦਾਂ ਦੇ ਦਰਦ ਦੇ ਇਲਾਜ ਕਰਵਾਓਣ ਦੇ ਆਦੇਸ਼ ਦੇ ਬਾਵਜੂਦ ਬਾਰ ਬਾਰ ਸ਼ਿਕਾਇਤ ਕਰਨ ਤੇ ਵੀ ਨਾਭਾ ਜੇਲ੍ਹ ਵਾਲੇ ਇਲਾਜ ਨਹੀ ਕਰਵਾ ਰਹੇ ਹਨ । ਉਨ੍ਹਾਂ ਕਿਹਾ ਕਿ ਜੇਲ੍ਹ ਅਧਿਕਾਰੀ ਸਾਡੇ ਮਨੁਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ । ਇਸ ਲਈ ਮਨੁਖੀ ਅਧਿਕਾਰਾਂ ਦੀ ਰਾਖ਼ੀ ਲਈ ਸਰਗਰਮ ਜੱਥੇਬੰਦੀਆਂ ਨੂੰ ਇਸ ਗਲ ਦਾ ਨੋਟਿਸ ਲੈ ਕੇ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ ਤਾਂ ਜੋ ਜੇਲ੍ਹਾਂ ਵਿਚ ਬੰਦ ਕੈਦੀਆਂ ਦੇ ਮਨੁੱਖੀ ਅਧਿਕਾਰਾਂ ਦੀ ਰਖਿਆ ਕੀਤੀ ਜਾ ਸਕੇ । ਭਾਈ ਮਿੰਟੂ ਦੇ ਮਾਮਲੇ ਦੀ ਅਗਲੀ ਪੇਸ਼ੀ 18 ਜਨਵਰੀ ਅਤੇ ਭਾਈ ਰਤਨਦੀਪ ਦੇ ਮਾਮਲੇ ਦੀ ਅਗਲੀ ਸੁਣਵਾਈ 20 ਫਰਵਰੀ ਨੂੰ ਹੋਵੇਗੀ ।

# ਹਲਕਾ ਬੰਗਾ ਦੇ ਵਿਧਾਇਕ ਡਾ. ਸੁੱਖਵਿੰਦਰ ਕੁਮਾਰ ਸੁੱਖੀ ਦਾ ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਚ ਸਨਮਾਨ



**ਸੈਨਹੋਜੇ/ਹੁਸਨ ਲੜੋਆ ਬੰਗਾ),** ਉਤਰੀ ਅਮਰੀਕਾ ਦੇ ਗੁਰਦੁਆਰਾ ਸਾਹਿਬ ਸੈਨਹੋਜੇ ਵਿਚ ਹਲਕਾ ਬੰਗਾ ਤੋਂ ਅਕਾਲੀ ਐਮ.ਐਲ.ਏ. ਡਾ. ਸੁਖਵਿੰਦਰ ਕੁਮਾਰ ਸੁੱਖੀ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੇਲੋਂ ਸਿਰੋਪਾਓ ਅਤੇ ਕਿਰਪਾਨ ਭੇਂਟ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ । ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ, ਗੁਰਸੇਵਕ ਸਿੰਘ ਭੰਗੂ, ਸੁੱਚਾ ਰਾਮ ਭਾਰਟਾ, ਹਰਦੁਮਣ ਸਿੰਘ ਸੰਘੇੜਾ, ਬਲਜੀਤ ਸਿੰਘ, ਭੁਪਿੰਦਰ ਸਿੰਘ ਗਿੱਲ, ਇੰਦਰਜੀਤ ਸਿੰਘ ਥਿੰਦ, ਰਣਜੀਤ ਸਿੰਘ ਨਾਗਰਾ, ਸਰਬਜੋਤ ਸਿੰਘ ਸਵੱਦੀ ਅਤੇ ਨੀਟੂ ਸਿੰਘ ਕਾਹਲੋਂ ਹਾਜ਼ਰ ਸਨ। ਡਾ. ਸੁੱਖੀ ਨੇ ਇਸ ਸਮੇਂ ਪ੍ਰਭਾਵਸ਼ਾਲੀ ਤਕਰੀਰ ਵੀ ਕੀਤੀ ।

# ਖਾਲਸਾ ਕੇਅਰ ਫਾਉਂਡੇਸ਼ਨ ਵਿਖੇ ਧੂਮ ਧਾਮ ਨਾਲ ਮਨਾਈ ਲੋਹੜੀ





**ਲਾਸ ਏਂਜਲਸ/ਬਿਊਰੋ ਨਿਊਜ਼:** ਆਪਸੀ ਸਾਂਝ ਨੂੰ ਹੋਰ ਮਜਬੂਤ ਕਰਨ ਤੇ ਸਰਦੀ ਰੁੱਤੇ ਰਲ ਮਿਲ ਕੇ ਧੂਣੀ ਦਾ ਨਿੱਘ ਮਾਨਣ ਦੇ ਮਨਸ਼ੇ ਨਾਲ ਖਾਲਸਾ ਕੇਅਰ ਫਾਉਂਡੇਸ਼ਨ ਵਿਖੇ ਲੋਹੜੀ ਦਾ ਤਿਉਹਾਰ ਭਾਰੀ ਉਤਸ਼ਾਹ ਤੇ ਧੂਮ ਧਾਮ ਨਾਲ ਮਨਾਇਆ ਗਿਆ। ਖਾਲਸਾ ਕੇਅਰ ਫਾਉਂਡੇਸ਼ਨ ਦੇ ਸੇਵਾਦਾਰਾਂ ਵਲੋਂ ਕਈ ਦਿਨ ਪਹਿਲਾਂ ਆਰੰਭੀਆਂ ਤਿਆਰੀਆਂ ਬਾਅਦ 13 ਜਨਵਰੀ ਸ਼ਨਿਚਵਾਰ ਵਾਲੇ ਦਿਨ ਸ਼ਾਮੀਂ ਲੋਹੜੀ ਦੀਆਂ ਰੌਣਕਾਂ ਦਾ ਸਭਨਾਂ ਨੇ ਆਨੰਦ ਮਾਣਿਆ। ਕੀਰਤਨ ਦਰਬਾਰ ਦੌਰਾਨ ਬਾਹਰ ਲੋਹੜੀ ਬਾਲਣ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਸੀ। ਜਿਉਂ ਹੀ ਲੋਹੜੀ ਬਾਲਣ ਦਾ ਇਸ਼ਾਰਾ ਕੀਤਾ ਗਿਆ ਦੋ ਸੇਵਾਦਾਰਾਂ ਨੇ ਵੱਡੇ ਭਾਂਡੇ 'ਚ ਤਾਜੀ ਮੂੰਗਫਲੀ ਭੁੰਨਣ ਲੱਗ ਪਏ ਜਿਹੜੀ ਸਭਨਾਂ ਨੂੰ ਵਰਤਾਉਣੀ ਸ਼ੁਰੂ ਕੀਤੀ ਗਈ। ਇਸਤੋ ਇਲਾਵਾ ਮੱਕੀ ਦੀਆਂ ਖਿੱਲਾਂ ਤੇ ਰਿਉਂੜੀਆਂ ਵੀ ਵੰਡੀਆਂ ਜਾ ਰਹੀਆਂ ਸਨ। ਬਹੁਤੇ ਜਣੇ ਅੱਗ ਸੇਕਦਿਆਂ ਮੂੰਗਫਲੀ ਦੇ ਛਿਲੜ ਅੱਗ 'ਚ ਸੁੱਟ ਕੇ ਧੂਣੀ ਹੋਰ ਭਖਾ ਰਹੇ ਸਨ। ਤਿਲ ਸੁੱਟ ਕੇ ਸਭਨਾਂ ਦੇ ਭਲੇ ਦੀ ਕਾਮਨਾ ਲੋਹੜੀ ਦਾ ਮੁੱਖ ਮੰਤਵ ਹੁੰਦਾ ਹੈ । ਇਹ ਦੁਆ ਹਰ ਇੱਕ ਦੀ ਜ਼ੁਬਾਨ ਉੱਤੇ ਸੀ। ਖਾਲਸਾ ਕੇਅਰ ਫਾਉਂਡੇਸ਼ਨ ਦੀ ਰਵਾਇਤ ਅਨੁਸਾਰ ਸਾਰਿਆਂ ਲਈ ਤਾਜ਼ੇ ਪੀਜ਼ੇ ਦੇ ਰੂਪ ਵਿੱਚ ਲੰਗਰ ਵਰਤਾਇਆ ਗਿਆ । ਵੱਖ ਵੱਖ ਸਵਾਦਾਂ ਵਾਲੇ ਪਕਵਾਨ ਦਾ ਹਰ ਇੱਕ ਨੇ ਖੂਬ ਆਨੰਦ ਲਿਆ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES





Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

## ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਨਹੀਂ ਰਹੇ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਮਨਜੀਤ ਸਿੰਘ ਕਲਕੱਤਾ ਬੁੱਧਵਾ ਸਵੇਰੇ ਚਲਾਣਾ ਕਰ ਗਏ। ਪ੍ਰਾਪਤ ਜਾਣਕਾਰੀ ਅਨੁਸਾਰ ਮਨਜੀਤ ਸਿੰਘ



ਕਲਕੱਤਾ ਬੀਤੇ ਕੁਝ ਸਮੇਂ ਤੋਂ ਬਿਮਾਰ ਸੀ ਅਤੇ ਅੰਮ੍ਰਿਤਸਰ ਸਥਿਤ ਕੱਕੜ ਹਸਪਤਾਲ ਵਿੱਚ ਦਾਖਲ ਸੀ ਜਿੱਥੇ ਉਨ੍ਹਾਂ ਨੇ 7 ਜਨਵਰੀ ਸਵੇਰੇ ਆਖਰੀ ਸਾਹ ਲਿਆ। ਵਰਨਣਯੋਗ ਹੈ ਕਿ ਸਾਬਕਾ ਮੰਤਰੀ ਸ. ਕਲਕੱਤਾ ਉੱਘੇ ਸਿੱਖ ਆਗੂ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਿਹੜੇ ਲੰਮਾ ਸਮਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ, ਦੇ ਬੇਹੱਦ ਨੇੜ੍ਹਲੇ ਅਤੇ ਵਿਸ਼ਵਾਸ਼ ਪਾਤਰਾਂ 'ਚ ਸਨ। ਸ. ਕਲਕੱਤਾ ਨੇ ਪ੍ਰਕਾਸ਼ ਸਿੰਘ ਬਾਦਲ ਦੀਆਂ ਪੰਥ ਵਿਰੋਧੀ ਨੀਤੀਆਂ ਕਾਰਨ ਅਕਾਲੀ ਦਲ (ਬਾਦਲ) ਨਾਲੋਂ ਕਾਫ਼ੀ ਸਮਾਂ ਪਹਿਲਾਂ ਪੂਰੀ ਤਰ੍ਹਾਂ ਨਾਤਾ ਤੋੜ ਲਿਆ ਸੀ।

## ਕਾਂਗਰਸ ਆਗੂ ਸੱਜਣ ਕੁਮਾਰ ਸਿੱਖ ਕਤਲੇਆਮ ਵਿੱਚ ਸ਼ਾਮਲ ਸੀ: ਸ਼ੀਲਾ ਕੌਰ ਦਾ ਅਦਾਲਤ 'ਚ ਬਿਆਨ

**ਨਵੀਂ ਦਿੱਲੀ/ ਸਿੱਖ ਸਿਆਸਤ ਬਿਊਰੋ:** ਸੁਲਤਾਨਪੁਰੀ ਵਿਖੇ ਨਵੰਬਰ 1984 ਦੌਰਾਨ ਹੋਏ ਸਿੱਖਾਂ ਦੇ ਕਤਲੇਆਮ ਸਬੰਧੀ ਮੁਕੱਦਮੇ ਵਿੱਚ ਸ਼ੀਲਾ ਕੌਰ ਨੇ ਪਟਿਆਲਾ ਹਾਊਸ ਅਦਾਲਤ 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਗਵਾਹੀ ਦਿੰਦਿਆਂ ਕਿਹਾ ਕਿ ਸੱਜਣ ਕੁਮਾਰ ਸਿੱਖ ਕਤਲੇਆਮ ਵਿੱਚ ਸ਼ਾਮਲ ਸੀ ਅਤੇ ਉਸ ਦਾ ਨਾਂ ਲੈਣ 'ਤੇ ਉਸ ਦੇ ਬੱਚਿਆਂ ਨੂੰ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ।
ਸ਼ੀਲਾ ਨੇ ਅਦਾਲਤ ਤੋਂ ਆਪਣੀ ਸੁਰੱਖਿਆ ਦੀ ਮੰਗ ਵੀ ਕੀਤੀ। ਪਟਿਆਲਾ ਹਾਊਸ ਕੋਰਟ ਦੀ ਸੈਸ਼ਨ ਜੱਜ ਪੂਨਮ ਬਾਮਾ ਦੀ ਅਦਾਲਤ ਵਿੱਚ ਸੱਜਣ ਕੁਮਾਰ ਦੇ ਵਕੀਲ ਅਨਿਲ ਵੱਲੋਂ ਜ਼ਿਰਹਾ ਕੀਤੀ ਗਈ। ਸ਼ੀਲਾ ਕੌਰ ਵੱਲੋਂ ਪੇਸ਼ ਵਕੀਲ ਐਚ. ਐਸ. ਫੂਲਕਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ਼ੀਲਾ ਕੌਰ ਦੇ ਬਿਆਨ 'ਤੇ ਸੱਜਣ ਕੁਮਾਰ ਦੇ ਵਕੀਲ ਵੱਲੋਂ ਕੀਤੇ ਜਾ ਰਹੇ ਸਵਾਲ-ਜਵਾਬ 7 ਫਰਵਰੀ ਨੂੰ ਵੀ ਜਾਰੀ ਰਹਿਣਗੇ। ਸੁਲਤਾਨਪੁਰੀ ਵਿੱਚ ਹੋਏ ਸਿੱਖ ਕਤਲੇਆਮ ਬਾਰੇ ਸ਼ੀਲਾ ਨੇ ਦੱਸਿਆ ਕਿ ਸੱਜਣ ਕੁਮਾਰ ਨੇ ਉੱਥੇ ਭੜਕਾਊ ਭਾਸ਼ਣ ਦਿੱਤਾ ਤੇ ਸਿੱਖਾਂ ਨੂੰ ਮਾਰਨ ਦੀਆਂ ਗੱਲਾਂ ਕੀਤੀਆਂ। ਸ਼ੀਲਾ ਦੇ ਪਰਿਵਾਰਕ ਮੈਂਬਰ ਇਸ ਦੌਰਾਨ ਮਾਰੇ ਗਏ ਸਨ। ਸੀਬੀਆਈ ਵੱਲੋਂ ਵਕੀਲ ਜੀਪੀ ਸਿੰਘ ਤੇ ਤਰੰਨੁਮ ਚੀਮਾ ਅਦਾਲਤ ਵਿੱਚ ਹਾਜ਼ਰ ਹੋਏ। ਦਿੱਲੀ ਕਮੇਟੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਗਵਾਹ ਨੂੰ ਕਥਿਤ ਧਮਕਾਉਣ ਦੀ ਸ਼ਿਕਾਇਤ ਦਿੱਲੀ ਪੁਲੀਸ ਨੂੰ ਕੀਤੀ ਹੋਈ ਹੈ

# ਭਾਰਤੀ ਅਖ਼ਬਾਰਾਂ ਦੇ ਸਿੱਖ ਵਿਰੋਧੀ ਕਿਰਦਾਰ ਦੀ ਪੋਲ ਖੁਲ੍ਹੀ

## *ਅੰਗਰੇਜ਼ੀ ਅਖ਼ਬਾਰ ਹਿੰਦੋਸਤਾਨ ਟਾਈਮਜ਼ ਨੇ ਉਤਰ ਪ੍ਰਦੇਸ਼ ਦੇ ਹਿੰਦੂ ਨੇਤਾ ਤੋਂ 2015 'ਚ ਫੜੀ ਗਈ ਹਥਿਆਰਾਂ ਦੀ ਖੇਪ ਸਿੱਖਾਂ ਸਿਰ ਮੜ੍ਹੀ*

### 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੀ ਵਿਸ਼ੇਸ਼ ਰਿਪੋਰਟ

**ਚੰਡੀਗੜ੍ਹ:**
ਅਪਣੇ ਹਿੰਦੂਤਵੀ ਕਿਰਦਾਰ ਕਾਰਨ ਹਮੇਸ਼ਾਂ ਹੀ ਦੇਸ-ਵਿਦੇਸ਼ ਵਿੱਚ ਸਿੱਖ ਵਿਰੋਧੀ ਖ਼ਬਰਾਂ ਰਾਹੀਂ ਪੰਥ ਨੂੰ ਬਦਨਾਮ ਕਰਨ ਵਾਲੇ ਭਾਰਤੀ ਅਖ਼ਬਾਰਾਂ ਦੇ ਸਿੱਖ ਵਿਰੋਧੀ ਕਿਰਦਾਰ ਦੀ ਪੋਲ ਖੁਲ੍ਹ ਗਈ ਹੈ। ਉਤਰੀ ਭਾਰਤ ਵਿਚ ਛਪਦੇ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਹਿੰਦੋਸਤਾਨ ਟਾਈਮਜ਼ ਨੇ ਆਪਣੇ 9 ਜਨਵਰੀ 2018 ਦੇ ਵੈਬ ਐਡੀਸ਼ਨ ਵਿਚ 'ਨਿਊ ਬਰੈਂਡ ਆਫ ਸਿੱਖ ਮਿਲੀਟੈਂਸੀ (ਸਿੱਖ ਖਾੜਕੂਆਂ ਦਾ ਨਵਾਂ ਬਰਾਂਡ)' ਸਿਰਲੇਖ ਹੇਠ ਖ਼ਬਰ ਛਾਪੀ ਹੈ ਜਿਸ ਵਿਚ ਪੰਜਾਬ ਦੇ ਪੁਲਿਸ ਮੁਖੀ ਸੁਰੇਜ਼ ਅਰੋੜਾ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਬਾਹਰਲੇ ਮੁਲਕਾਂ 'ਚ ਬੈਠੇ ਖਾਲਿਸਤਾਨ ਪੱਖੀ ਗਰਮ ਖਿਆਲੀ ਆਗੂ ਸੋਸ਼ਲ ਮੀਡੀਆ ਰਾਹੀਂ ਖਾੜਕੂ ਸਫ਼ਾਂ ਵਿਚ ਭਰਤੀ ਕਰ ਰਹੇ ਹਨ।
ਅਖ਼ਬਾਰ ਨੇ ਲਿਖਿਆ ਹੈ ਕਿ ਨਵੇਂ ਬਰੈਂਡ ਦੇ ਖਾੜਕੂਆਂ ਵਿਚ ਕਲੀਨ ਸ਼ੇਵਨ, ਨਿਮਰ ਅਤੇ ਤਕਨਾਲੋਜੀ ਨਾਲ ਲੈਸ ਨੌਜਵਾਨਾਂ ਨੂੰ ਸੋਸ਼ਲ ਮੀਡੀਆ ਰਾਹੀਂ ਖਾੜਕੂਵਾਦ 'ਚ ਸ਼ਾਮਲ ਕੀਤਾ ਜਾ ਰਿਹਾ ਹੈ। ਪਿੱਛੇ ਜਿਹੀ ਪੰਜਾਬ 'ਚ ਹੋਈਆਂ ਆਰ.ਐਸ.ਐਸ. ਅਤੇ ਹੋਰ ਸਿੱਖ ਵਿਰੋਧੀ ਧਾਰਮਿਕ ਆਗੂਆਂ ਦੀਆਂ ਹਤਿਆਵਾਂ ਅਜਿਹੇ ਹੀ ਨਵੇਂ ਬਰੈਂਡ ਦੇ ਖਾੜਕੂਆਂ ਵਲੋਂ ਕਰਵਾਈਆਂ ਗਈਆਂ ਹਨ। ਅਖ਼ਬਾਰ ਨੇ ਆਪਣੀ ਖ਼ਬਰ ਵਿਚ ਪੰਜਾਬ 'ਚ 31 ਅਕਤੂਬਰ ਅਤੇ 7 ਨਵੰਬਰ 2017 ਵਿਚਕਾਰ ਹੋਈਆਂ ਵਰਦਾਤਾਂ ਦਾ ਹਵਾਲਾ ਦਿੱਤਾ ਹੈ। ਖਬਰ ਤੋਂ ਸਾਫ ਹੈ ਕਿ ਭਾਰਤੀ ਸਰਕਾਰ ਜੱਗੀ ਜੋਹਲ ਅਤੇ 40 ਤੋਂ ਉਪਰ ਫੜ੍ਹੇ ਸਿੰਘਾ ਨੂੰ ਲੰਮਾ ਸਮ੍ਹਾ ਜੇਲ੍ਹਾਂ ਵਿੱਚ ਰੱਖਣ ਦੇ ਪੱਕੇ ਪ੍ਰਬੰਧ ਕਰ ਰਹੀ ਹੈ।

**2015 ਅਤੇ ਹੁਣ 2018 ਵਿਚ ਛਾਪੀ ਗਈ ਇਸ ਤਸਵੀਰ ਵਿਚ ਸਾਰੇ ਪੁਲਿਸ ਅਧਿਕਾਰੀ ਅਤੇ ਹਥਿਆਰ ਸਾਫ਼ ਨਜ਼ਰ ਆਉਂਦੇ ਹਨ ਸਿਰਫ਼ ਤਸਵੀਰ ਹੇਠਾਂ ਦਿੱਤੇ ਵੇਰਵੇ (ਕੈਪਸ਼ਨ) ਵਿਚ ਅੰਤਰ ਹੈ।**




ਅਖ਼ਬਾਰ ਦੀ ਪੂਰੀ ਖ਼ਬਰ ਇਸ ਤਰੀਕੇ ਨਾਲ ਬਣਾਈ ਗਈ ਹੈ ਜਿਵੇਂ ਪੰਜਾਬ ਪੁਲਿਸ ਅਤੇ ਭਾਰਤੀ ਸੁਰੱਖਿਆ ਤੇ ਖੁਫ਼ੀਆ ਏਜੰਸੀਆਂ ਨੂੰ ਰਾਸ ਆਉਂਦੀ ਹੈ ਅਤੇ ਸਿੱਖਾਂ ਨੂੰ ਮੁੜ ਖਾੜਕੂਵਾਦ ਅਤੇ ਦਹਿਸ਼ਤਗਰਦੀ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ। ਸਭ ਤੋਂ ਇਤਰਾਜ਼ਯੋਗ ਪੱਖ ਇਹ ਹੈ ਕਿ ਅਖ਼ਬਾਰ ਨੇ ਆਪਣੇ ਵੈਬ ਪੋਰਟਲ 'ਤੇ ਇਸ ਖ਼ਬਰ ਨਾਲ ਜਿਹੜੀ ਤਸਵੀਰ ਲਗਾਈ ਹੈ ਉਹ ਦੋ ਸਾਲ ਪਹਿਲਾਂ ਉਤਰ ਪ੍ਰਦੇਸ਼ ਵਿਚ ਇਕ ਹਿੰਦੂ ਐਮ.ਐਲ.ਏ. ਦੇ ਫਾਰਮ ਹਾਊਸ ਤੋਂ ਫੜੇ ਗਏ ਹਥਿਆਰਾਂ ਦੀ ਹੈ ਜਿਸ ਨੂੰ ਇਹ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਹਥਿਆਰ ਤਾਜ਼ਾ ਫੜੀ ਗਈ ਖੇਪ ਦਾ ਹਿੱਸਾ ਹਨ।
ਇਹ ਤਸਵੀਰ 6 ਜੁਲਾਈ 2015 ਦੇ ਅਖ਼ਬਾਰਾਂ ਵਿਚ ਛਪੀ ਹੈ ਜਿਸਵਿਚ ਸਪਸ਼ਟ ਹੈ ਕਿ ਇਹ ਹਥਿਆਰ ਫਿਰੋਜ਼ਪੁਰ ਪੁਲਿਸ ਨੇ ਯੂ.ਪੀ. ਦੇ ਬੀ.ਐਸ.ਪੀ. ਦੇ ਵਿਧਾਇਕ ਦੇ ਫਾਰਮ ਹਾਊਸ ਗੌਨਾ ਤੋਂ ਫੜੇ ਸਨ ਜੋ ਪੰਜਾਬ ਅਤੇ ਹਰਿਆਣੇ 'ਚ ਹਥਿਆਰਾਂ ਦੀ ਸਮਗਲਿੰਗ ਕਰਦਾ ਸੀ। ਉਸ ਖ਼ਬਰ ਵਿਚ ਫਿਰੋਜ਼ਪੁਰ ਪੁਲਿਸ ਦੇ ਤਕਾਲੀ ਡੀ.ਆਈ.ਜੀ. ਅਮਰ ਸਿੰਘ ਚਾਹਲ ਅਤੇ ਬਾਗਪਤ (ਯੂ.ਪੀ.) ਪੁਲਿਸ ਦੇ ਏ.ਐਸ.ਪੀ. ਵਿਦਿਆ ਦਾ ਬਿਆਨ ਵੀ ਪ੍ਰਕਾਸ਼ਿਤ ਹੋਇਆ ਹੈ।
ਹਿੰਦੋਸਤਾਨ ਟਾਈਮਜ਼ ਵਲੋਂ ਦਿੱਤੀ ਇਹ ਖ਼ਬਰ ਅਤੇ ਤਸਵੀਰ ਜ਼ਾਹਿਰ ਕਰਦੀ ਹੈ ਕਿ ਭਾਰਤੀ ਮੀਡੀਆ ਅਤੇ ਸੁਰੱਖਿਆ ਏਜੰਸੀਆਂ ਸਿੱਖਾਂ ਖਿਲਾਫ਼ ਕੂੜ ਪ੍ਰਚਾਰ ਕਰ ਕੇ ਪੂਰੀ ਦੁਨੀਆਂ 'ਚ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਹਲੇ ਤੱਕ ਪੰਜਾਬ ਪੁਲਿਸ ਨੇ ਇਸ ਖ਼ਬਰ ਜਾਂ ਫੋਟੋ ਦਾ ਖੰਡਨ ਵੀ ਨਹੀਂ ਕੀਤਾ।


# ਗੁਰਦੁਆਰਾ ਸਾਹਿਬ ਫਰੀਮਾਂਟ, ਕੈਲੀਫੋਰਨੀਆ

## Gurdwara Sahib Fremont

### Supreme Council Election Schedule 2018

| Activity | Date | Time |
|---|---|---|
| New Voter Registration Day 1 | Sunday, January 14, 2018 | 10:00 - 3:00 pm |
| New Voter Registration Day 2 | Wednesday, January 17, 2018 | 6:00 - 8:00 pm |
| New Voter Registration Day 3 | Sunday, January 21, 2018 | 10:00 - 3:00 pm |
| New Voter Registration Day 4 | Wednesday, January 24, 2018 | 6:00 - 8:00 pm |
| New Voter Registration Day 5 | Sunday, January 28, 2018 | 10:00 - 3:00 pm |
| New Voter Registration Day 6 | Wednesday, January 31, 2018 | 6:00 - 8:00 pm |

***Last Date for Supreme Council Application Submission, Sunday, February 4, 2018, 5:00 PM***
***Last date for Supreme Council Application withdrawal, Saturday, February 10, 2018, 5:00 PM***

Introduction of SC Candidates to Sangat, Sunday, February 25, 2018, 12:00 PM

**Voting Day Sunday, March 11, 2018, 9:00 am to 6:00 pm**

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਚੀਫ਼ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚੱਢਾ ਖ਼ਿਲਾਫ਼ ਮਤਾ ਪਾਸ

**ਅੰਮ੍ਰਿਤਸਰ/ਬਿਊਰੋ ਨਿਊਜ਼**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਤਰਾਜ਼ਯੋਗ ਵੀਡਿਓ ਮਾਮਲੇ ਵਿੱਚ ਚੀਫ ਖ਼ਾਲਸਾ ਦੀਵਾਨ ਦੇ ਆਗੂ ਚਰਨਜੀਤ ਸਿੰਘ ਚੱਢਾ ਖ਼ਿਲਾਫ਼ ਸਖ਼ਤ ਕਾਰਵਾਈ ਦੀ ਹਮਾਇਤ ਕੀਤੀ ਹੈ। ਇਸ ਸਬੰਧੀ ਇੱਕ ਮਤਾ ਪਾਸ ਕਰਕੇ ਅਕਾਲ ਤਖ਼ਤ ਦੇ ਜਥੇਦਾਰ ਕੋਲ ਅਗਲੀ ਕਾਰਵਾਈ ਲਈ ਭੇਜਿਆ ਗਿਆ ਹੈ। ਅੰਤ੍ਰਿੰਗ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਛੇ ਫ਼ੀਸਦੀ ਮਹਿੰਗਾਈ ਭੱਤਾ ਦੇਣ ਅਤੇ ਸਿੱਖ ਮਸਲਿਆਂ ਦੇ ਹੱਲ ਲਈ ਭਾਰਤ ਸਰਕਾਰ ਤੱਕ ਪਹੁੰਚ ਕਰਨ ਦਾ ਵੀ ਫ਼ੈਸਲਾ ਕੀਤਾ। ਅੱਜ ਇੱਥੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਜਿਵੇਂ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਖ਼ਿਲਾਫ਼ ਪਰਾਈ ਨਾਰੀ ਨਾਲ ਸਬੰਧ ਰੱਖਣ ਦੇ ਦੋਸ਼ ਹੇਠ ਅਕਾਲ ਤਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਗਈ ਸੀ, ਉਸੇ ਤਰ੍ਹਾਂ ਚਰਨਜੀਤ ਸਿੰਘ ਚੱਢਾ ਖ਼ਿਲਾਫ਼ ਲੱਗੇ ਦੋਸ਼ਾਂ 'ਤੇ ਵੀ ਕਾਰਵਾਈ ਹੋਣੀ ਚਾਹੀਦੀ ਹੈ। ਅੰਤ੍ਰਿੰਗ ਕਮੇਟੀ ਵੱਲੋਂ ਇਸ ਸਬੰਧੀ ਮਤਾ ਪਾਸ ਕੀਤਾ ਗਿਆ ਹੈ, ਜਿਸ ਰਾਹੀਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਕਿਰਦਾਰ ਨੂੰ ਢਾਹ ਲਾਉਣ ਵਾਲੇ ਲੋਕਾਂ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਸਿੱਖ ਕਿਰਦਾਰ ਨੂੰ ਪਹਿਲਾਂ ਵਾਂਗ ਸਿਖਰ 'ਤੇ ਪਹੁੰਚਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾਣ।

ਵਿਦੇਸ਼ਾਂ ਵਿੱਚ ਸਿੱਖ ਗੁਰਦੁਆਰਾ ਕਮੇਟੀਆਂ ਵੱਲੋਂ ਭਾਰਤੀ ਅਧਿਕਾਰੀਆਂ ਦੀ ਗੁਰਦੁਆਰਾ ਪ੍ਰਬੰਧਾਂ ਵਿੱਚ ਦਖ਼ਲਅੰਦਾਜ਼ੀ 'ਤੇ ਲਾਈ ਰੋਕ ਨੂੰ ਚਿੰਤਾ ਦਾ ਵਿਸ਼ਾ ਕਰਾਰ ਦਿੰਦਿਆਂ ਭਾਈ ਲੌਂਗੋਵਾਲ ਨੇ ਆਖਿਆ ਕਿ ਭਾਰਤ ਸਰਕਾਰ ਨੂੰ ਸਿੱਖਾਂ ਨਾਲ ਜੁੜੇ ਮਸਲਿਆਂ ਦੇ ਹੱਲ ਲਈ ਸੰਜੀਦਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਸਿੱਖ ਮਸਲਿਆਂ ਦੇ ਹੱਲ ਲਈ ਜਲਦੀ ਹੀ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਨਗੇ। ਮੁੰਬਈ ਵਿੱਚ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਸਬੰਧੀ ਕਰਾਏ ਗੁਰਮਤਿ ਸਮਾਗਮ ਵਿੱਚ ਰਹਿਤ ਮਰਿਆਦਾ ਦੀ ਉਲੰਘਣਾ ਦੇ ਮਾਮਲੇ ਤੋਂ ਸ਼੍ਰੋਮਣੀ ਕਮੇਟੀ ਨੇ ਆਪਣਾ ਪੱਲਾ ਝਾੜਨ ਦਾ ਯਤਨ ਕੀਤਾ ਹੈ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਜਦੋਂ ਪਤਿਤ ਸਿੱਖ ਗਾਇਕ ਮੀਕਾ ਸਿੰਘ ਵੱਲੋਂ ਕੀਰਤਨ ਕਰਨ ਕਾਰਨ ਮਰਿਆਦਾ ਦੀ ਉਲੰਘਣਾ ਹੋਈ ਸੀ, ਉਸ ਵੇਲੇ ਉਹ ਹਾਜ਼ਰ ਨਹੀਂ ਸਨ ਤੇ ਇਸ ਵਿਸ਼ੇ 'ਤੇ ਅਕਾਲ ਤਖ਼ਤ ਦੇ ਜਥੇਦਾਰ ਹੀ ਕੁਝ ਕਹਿ ਸਕਦੇ ਹਨ। ਉਂਜ,ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਇਹ ਕਹਿ ਕੇ ਪੱਲਾ ਝਾੜ ਚੁੱਕੇ ਹਨ ਕਿ ਇਹ ਸਮਾਗਮ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਕਰਾਇਆ ਗਿਆ ਸੀ।

# ਮਰਹੂਮ ਇੰਦਰਪ੍ਰੀਤ ਸਿੰਘ ਚੱਢਾ ਦੀ ਯਾਦ 'ਚ ਲੰਗਰ ਲਾਏ ਤੋਂ ਵੀ ਵਿਵਾਦ ਉਭਰਿਆ

**ਅੰਮ੍ਰਿਤਸਰ/ਬਿਊਰੋ ਨਿਊਜ਼:** ਇਤਰਾਜ਼ਯੋਗ ਵੀਡਿਓ ਕਾਰਨ ਵਿਵਾਦ ਵਿਚ ਫਸੇ ਚੀਫ ਖਾਲਸਾ ਦੀਵਾਨ ਦੇ ਸਾਬਕਾ ਆਗੂ ਚਰਨਜੀਤ ਸਿੰਘ ਚੱਢਾ ਵੱਲੋਂ ਐਤਵਾਰ ਨੂੰ ਇਥੇ ਸੈਂਟਰਲ ਯਤੀਮਖਾਨਾ ਵਿਖੇ ਆਪਣੇ ਸਵਰਗੀ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਦੀ ਯਾਦ ਵਿਚ ਲਾਏ ਲੰਗਰ 'ਤੇ ਵੀ ਵਿਵਾਦ ਸ਼ੁਰੂ ਹੋ ਗਿਆ । ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਅਤੇ ਸਿੱਖ ਫੋਰਮ ਦੇ ਮੁਖੀ ਭਾਗ ਸਿੰਘ ਅਣਖੀ ਨੇ ਦੋਸ਼ ਲਾਇਆ ਕਿ ਚਰਨਜੀਤ ਸਿੰਘ ਚੱਢਾ ਵਲੋਂ ਯਤੀਮਖਾਨਾ ਵਿਚ ਲੰਗਰ ਦੇ ਨਾਂ 'ਤੇ ਮੀਟਿੰਗ ਕਰਕੇ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਸੱਦਾ ਦਿੱਤਾ ਕਿ ਸਿੱਖ ਸੰਸਥਾ ਨੂੰ ਬਚਾਉਣ ਲਈ ਅੱਗੇ ਆਵੇ। ਵਿਵਾਦਤ ਸਿੱਖ ਆਗੂ ਚੱਢਾ ਦੇ ਬੇਟੇ ਇੰਦਰਪ੍ਰੀਤ ਸਿੰਘ ਚੱਢਾ ਵਲੋਂ ਕੁਝ ਦਿਨ ਪਹਿਲਾਂ ਖੁਦਕੁਸ਼ੀ ਕਰ ਲਈ ਸੀ ਅੱਜ ਉਸੇ ਦੀ ਯਾਦ ਵਿਚ ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਹੇਠ ਚਲ ਰਹੇ ਯਤੀਮਖਾਨੇ ਵਿਖੇ ਲਵਾਰਸ ਬੱਚਿਆਂ ਅਤੇ ਬਜ਼ੁਰਗਾਂ ਵਾਸਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ। ਜਿਸ ਵਿਚ ਸ਼ਾਮਲ ਹੋਣ ਲਈ ਸਵਰਗੀ ਇੰਦਰਪ੍ਰੀਤ ਦੇ ਪਰਿਵਾਰਕ ਮੈਂਬਰ ਪੁੱਜੇ ਹੋਏ ਸਨ। ਇਨ੍ਹਾਂ ਵਿਚ ਚਰਨਜੀਤ ਸਿੰਘ ਚੱਢਾ ਅਤੇ ਦੀਵਾਨ ਦੇ ਕੁਝ ਮੈਂਬਰ ਵੀ ਸ਼ਾਮਲ ਸਨ। ਜਿਨ੍ਹਾਂ ਵਿਚ ਕਾਰਜਕਾਰੀ ਪ੍ਰਧਾਨ ਧਨਰਾਜ ਸਿੰਘ , ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਨਾ, ਹਰਮਿੰਦਰ ਸਿੰਘ ਤੇ ਹੋਰ ਸ਼ਾਮਲ ਸਨ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਰਾਜ ਕੁਮਾਰ ਵੇਰਕਾ, ਓਪੀ ਸੋਨੀ, ਸਾਬਕਾ ਵਿਧਾਇਕ ਪ੍ਰੋ. ਦਰਬਾਰੀ ਲਾਲ ਤੇ ਹੋਰ ਵੀ ਹਾਜ਼ਰ ਸਨ।



ਯਤੀਮਖਾਨਾ ਵਿੱਚ ਲੰਗਰ ਦੌਰਾਨ ਚਰਨਜੀਤ ਸਿੰਘ ਚੱਢਾ ਅਤੇ ਵਿਧਾਇਕ ਰਾਜ ਕੁਮਾਰ ਤੇ ਹੋਰ ਦਿਖਾਈ ਦਿੰਦੇ ਹੋਏ।

ਇਸ ਦੌਰਾਨ ਦੀਵਾਨ ਦੇ ਸਾਬਕਾ ਆਨਰੇਰੀ ਸਕੱਤਰ ਭਾਗ ਸਿੰਘ ਅਣਖੀ ਨੇ ਸੋਸ਼ਲ ਮੀਡੀਆ 'ਤੇ ਆਪਣਾ ਇਕ ਬਿਆਨ ਵਾਇਰਲ ਕਰਦਿਆਂ ਆਖਿਆ ਕਿ ਚਰਨਜੀਤ ਸਿੰਘ ਚੱਢਾ ਵਲੋਂ ਯਤੀਮਖਾਨਾ ਕੈਂਪਸ ਵਿਚ ਦੀਵਾਨ ਦੇ ਮੈਂਬਰਾਂ ਨਾਲ ਮੀਟਿੰਗ ਕਰਕੇ ਸ੍ਰੀ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਚੱਢਾ ਖਿਲਾਫ ਸਖ਼ਤ ਕਾਰਵਾਈ ਦੀ ਅਪੀਲ ਕੀਤੀ ਹੈ। ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਨਾ ਨੇ ਆਖਿਆ ਕਿ ਚਰਨਜੀਤ ਸਿੰਘ ਚੱਢਾ ਨੇ ਦੀਵਾਨ ਦੇ ਮੈਂਬਰਾਂ ਨਾਲ ਕੋਈ ਮੀਟਿੰਗ ਨਹੀਂ ਕੀਤੀ ਹੈ। ਇਸ ਮੌਕੇ ਇੰਦਰਪ੍ਰੀਤ ਸਿੰਘ ਚੱਢਾ ਦੇ ਪਰਿਵਾਰ ਵਲੋਂ ਉਸ ਦੀ ਯਾਦ ਵਿਚ ਇਥੇ ਲਵਾਰਸ ਬੱਚਿਆਂ ਤੇ ਬਜ਼ੁਰਗਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਵਿਚ ਉਹ ਸਾਰੇ ਸ਼ਾਮਲ ਹੋਏ ਸਨ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang

Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



B Sons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.703.1451 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533








ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਬਹਿਬਲ ਗੋਲੀ ਕਾਂਡ ਦੀ ਜਾਂਚ ਹਾਲੇ ਤੱਕ ਕਿਸੇ ਨਤੀਜੇ ਤੱਕ ਨਾ ਪਹੁੰਚੀ

### ਮਾਮਲੇ ਦੀ ਸੁਣਵਾਈ 29 ਫਰਵਰੀ ਨੂੰ

ਪੁਲੀਸ ਫਾਇਰਿੰਗ ਵਿਚ ਸ਼ਹੀਦ ਹੋਏ ਸਰਾਵਾਂ ਪਿੰਡ ਦੇ ਸੁਰਜੀਤ ਸਿੰਘ ਦੇ ਭਰਾ ਤੇ ਨਿਯਾਮੀ ਵਾਲਾ ਦੇ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਪ੍ਰਭਦੀਪ ਨੂੰ ਸਰਕਾਰ ਨੇ ਮੁਆਵਜ਼ੇ ਦੇ ਤੌਰ 'ਤੇ ਨੌਕਰੀ ਦੇ ਦਿੱਤੀ। ਪਰ ਇਨਸਾਫ਼ ਨਹੀਂ ਦਿੱਤਾ। ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦੇ ਭਰਾ ਰੇਸ਼ਮ ਸਿੰਘ ਨੇ 8 ਫਰਵਰੀ 2017 ਨੂੰ ਫਰੀਦਕੋਟ ਕੋਰਟ ਵਿਚ ਪੁਲੀਸ ਦੇ ਖ਼ਿਲਾਫ਼ ਇਸਤਗਾਸਾ ਦਾਇਰ ਕੀਤਾ ਸੀ। ਇਸ ਵਿਚ ਉਨ੍ਹਾਂ ਨੇ ਆਪਣੇ ਭਰਾ ਨੂੰ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਉਸ ਵੇਲੇ ਦੇ ਆਈਜੀ ਪਰਮਰਾਜ ਉਮਰਾਨੰਗਲ, ਐੱਸ. ਐੱਸ. ਪੀ. ਮੋਗਾ ਚਰਨਜੀਤ ਸ਼ਰਮਾ, ਐੱਸਪੀ ਫਰੀਦਕੋਟ ਵਿਕਰਮਜੀਤ ਸਿੰਘ, ਐੱਸ. ਐੱਚ. ਓ. ਥਾਣਾ ਬਾਜਾਖਾਨਾ ਅਮਰਜੀਤ ਸਿੰਘ ਕੁਲਾਰ ਨੂੰ ਦੋਸ਼ੀ ਬਣਾਇਆ ਸੀ। ਇਸ ਮਾਮਲੇ ਵਿਚ ਸੁਣਵਾਈ ਦੌਰਾਨ ਕੋਰਟ ਨੇ 29 ਨਵੰਬਰ 2017 ਨੂੰ ਸਰਕਾਰ ਤੇ ਪੁਲੀਸ ਨੂੰ ਸਟੇਟਸ ਰਿਪੋਰਟ ਫਾਈਲ ਕਰਨ ਲਈ ਕਿਹਾ। 29 ਨਵੰਬਰ ਨੂੰ ਪੁਲੀਸ ਨੇ ਸਟੇਟਸ ਰਿਪੋਰਟ ਤਾਂ ਫਾਈਲ ਕੀਤੀ, ਪਰ ਉਸ ਵਿਚ ਦੋਸ਼ੀਆਂ ਨੂੰ ਫਿਰ ਤੋਂ ਅਣਪਛਾਤਾ ਪੁਲੀਸ ਮੁਲਾਜ਼ਮ ਦੱਸਿਆ। ਇਸ 'ਤੇ ਅਦਾਲਤ ਨੇ ਪੁਲੀਸ ਦੀ ਸਟੇਟਸ ਰਿਪੋਰਟ ਤੋਂ ਅਸੰਤੁਸ਼ਟੀ ਜਤਾਉਂਦਿਆਂ 29 ਫਰਵਰੀ 2018 ਨੂੰ ਸਟੇਟਸ ਰਿਪੋਰਟ ਦੋਸ਼ੀਆਂ ਦੇ ਨਾਂਵਾਂ ਸਮੇਤ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ। ਹੁਣ ਇਸ ਕੇਸ ਵਿਚ ਪੁਲੀਸ ਦੁਬਾਰਾ ਰਿਪੋਰਟ ਪੇਸ਼ ਕਰੇਗੀ।

### ਹੁਣ ਤੱਕ ਇਹ ਕੁਝ ਹੋਇਆ

-12 ਅਕਤੂਬਰ 2015 ਨੂੰ ਕੋਟਕਪੂਰਾ ਦੇ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ।

-14 ਅਕਤੂਬਰ 2015 ਨੂੰ ਬੇਅਦਬੀ ਦੇ ਰੋਸ ਵਿਚ ਪਿੰਡ ਬਹਿਬਲਕਲਾਂ ਵਿਚ ਸੜਕ 'ਤੇ ਸ਼ਾਂਤਮਈ ਧਰਨਾ ਦੇ ਰਹੇ ਲੋਕਾਂ 'ਤੇ ਪੁਲੀਸ ਨੇ ਫਾਇਰਿੰਗ ਕਰ ਦਿੱਤੀ। ਫਾਇਰਿੰਗ ਵਿਚ ਸੁਰਜੀਤ ਸਿੰਘ ਨਿਵਾਸੀ ਸਰਾਵਾਂ, ਕ੍ਰਿਸ਼ਨ ਭਗਵਾਨ ਸਿੰਘ ਨਿਵਾਸੀ ਨਿਯਾਮੀਵਾਲਾ ਦੀ ਮੌਤ ਹੋ ਗਈ ਸੀ, ਜਦ ਕਿ 3 ਹੋਰ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋਏ ਸਨ।

- 18 ਅਕਤੂਬਰ 2015 ਨੂੰ ਐੱਸਆਈਟੀ ਦੀ ਰਿਪੋਰਟ 'ਤੇ ਅਣਪਛਾਤੇ ਪੁਲੀਸ ਮੁਲਾਜ਼ਮਾਂ 'ਤੇ ਹੱਤਿਆ ਤੇ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਗਿਆ। ਇਸ ਵਿਚ ਐੱਫਆਈਆਰ 'ਚ ਇਹ ਤਾਂ ਲਿਖਿਆ ਗਿਆ ਕਿ ਪੁਲੀਸ ਟੀਮ ਦੀ ਅਗਵਾਈ ਉਸ ਸਮੇਂ ਦੇ ਮੋਗਾ ਦੇ ਐੱਸਐੱਸਪੀ ਚਰਨਜੀਤ ਸ਼ਰਮਾ ਕਰ ਰਹੇ ਸਨ, ਪਰ ਰਿਪੋਰਟਰ ਵਿਚ ਅਣਪਛਾਤੇ ਪੁਲੀਸ ਮੁਲਾਜ਼ਮ ਹੀ ਦਿਖਾਏ ਗਏ।

-18 ਅਕਤੂਬਰ 2015 ਨੂੰ ਹੀ ਸਰਕਾਰ ਨੇ ਮਾਮਲੇ ਦੀ ਨਿਆਂਇਕ ਜਾਂਚ ਵੀ ਬਿਠਾ ਦਿੱਤੀ ਤੇ ਜਸਟਿਸ ਜੋਰਾ ਸਿੰਘ ਕਮਿਸ਼ਨ ਗਠਿਤ ਕੀਤਾ ਗਿਆ। ਇਸ ਵਿਚ 1 ਜੂਨ 2016 ਨੂੰ ਕਮਿਸ਼ਨ ਨੇ ਆਪਣੀ ਰਿਪੋਰਟ ਦੇ ਦਿੱਤੀ, ਪਰ ਗੋਲੀਆਂ ਚਲਾਉਣ ਵਾਲਿਆਂ ਦੇ ਚਿਹਰੇ ਫਿਰ ਵੀ ਸਾਫ਼ ਨਹੀਂ ਹੋਏ।

- ਅਪ੍ਰੈਲ 2017 ਵਿਚ ਕੈਪਟਨ ਸਰਕਾਰ ਬਣਨ ਤੋਂ ਬਾਅਦ ਉਨ੍ਹਾਂ ਨੇ ਇਸ ਕੇਸ ਦੀ ਜਾਂਚ ਲਈ ਇੱਕ ਨਵਾਂ ਕਮਿਸ਼ਨ ਜਸਟਿਸ ਰਣਜੀਤ ਸਿੰਘ ਦੀ ਅਗਵਾਈ 'ਚ ਬਣਾ ਦਿੱਤਾ। ਇਸ ਕਮਿਸ਼ਨ ਨੇ ਹੁਣ ਤੱਕ 241 ਲੋਕਾਂ ਦੇ ਬਿਆਨ ਦਰਜ ਕਰ ਲਏ ਹਨ। ਜਾਂਚ ਹਾਲੇ ਤੱਕ ਜਾਰੀ ਹੈ।

ਸਫ਼ਾ ਇਕ ਦੀ ਬਾਕੀ

## ਐਨ ਆਈ ਏ ਨੇ ਚੁੱਪ ਚੁਪੀਤੇ ਲਿਆ ਜੱਗੀ ਜੌਹਲ ਦਾ 5 ਦਿਨਾਂ ਰਿਮਾਂਡ

ਦੇ ਕਤਲਾਂ 'ਚ ਹੱਥ ਹੋਣ ਅਤੇ ਰਾਜ ਵਿੱਚ ਗੜਬੜੀ ਫੈਲਾਉਣ ਲਈ ਬਾਹਰਲੇ ਮੁਲਕਾਂ ਤੋਂ ਪੈਸਾ ਲਿਆਉਣ ਦੇ ਕੇਸ ਪਾ ਕੇ ਉਸਨੂੰ ਲੰਮੇ ਸਮੇਂ ਤੋਂ ਨਜ਼ਰਬੰਦ ਰੱਖਿਆ ਹੋਇਆ। ਜੱਗੀ ਜੌਹਲ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦਸਿਆ ਕਿ ਐਨ ਆਈ ਏ ਵਲੋਂ ਉਸਨੂੰ ਸੂਚਿਤ ਕੀਤੇ ਬਿਨਾਂ ਹੀ ਅਦਾਲਤ 'ਚ ਪੇਸ਼ ਕਰਕੇ ਰਿਮਾਂਡ ਲੈ ਲਿਆ ਗਿਆ। ਇਹ ਵੀ ਨਹੀਂ ਪਤਾ ਕਿ ਅਦਾਲਤ ਨੇ ਕਿਹੜੇ ਕੇਸ ਵਿੱਚ ਰਿਮਾਂਡ ਦਿੱਤਾ ਹੈ।

### ਪੁਲੀਸ ਵਧੀਕੀ ਦਾ ਅਮੁੱਕ ਸਿਲਸਿਲਾ

ਜੱਗੀ ਜੌਹਲ ਨੂੰ ਉਸਦੇ ਕਾਨੂੰਨੀ ਹੱਕਾਂ ਤੋਂ ਵਾਂਝਿਆਂ ਰੱਖਣ ਦਾ ਇਹ ਪਹਿਲਾ ਮੌਕਾ ਨਹੀਂ। ਪਹਿਲਾਂ ਪੰਜਾਬ ਪੁਲੀਸ ਕਿਸੇ ਨਾ ਕਿਸੇ ਬਹਾਨੇ ਉਸਦਾ ਪੁਲੀਸ ਰਿਮਾਂਡ ਵਧਵਾ ਕੇ ਉਸ ਉੱਤੇ ਤਸ਼ੱਦਦ ਢਾਹੁੰਦੀ ਆ ਰਹੀ ਹੈ। ਵਰਨਣਯੋਗ ਹੈ ਕਿ ਸਕਾਟਲੈਂਡ ਦੇ ਜੰਮਪਲ ਜਗਤਾਰ ਸਿੰਘ ਜੌਹਲ 'ਤੇ ਭਾਰਤ ਦੀ ਪੁਲਿਸ ਵਲੋਂ ਹਿਰਾਸਤ 'ਚ ਕੀਤੇ ਗਏ ਤਸ਼ੱਦਦ ਦਾ ਮਾਮਲਾ ਬੀਤੇ ਵਰ੍ਹੇ ਬਰਤਾਨੀਆ ਦੀ ਸੰਸਦ ਹਾਊਸ ਆਫ ਕਾਮਨਸ' 'ਚ ਚੁੱਕਿਆ ਗਿਆ ਸੀ। ਇੱਥੋਂ ਤੱਕ ਕਿ ਪਿਛਲੇ ਵਰ੍ਹੇ 24 ਨਵੰਬਰ ਨੂੰ ਪੰਜਾਬ ਪੁਲਿਸ ਵਲੋਂ ਬਰਤਾਨਵੀ ਦੂਤਘਰ ਦੇ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ ਨੂੰ ਮਿਲਣ ਤੱਕ ਨਹੀਂ ਦਿੱਤਾ ਸੀ। ਹੈਰਾਨੀ ਇਸ ਗੱਲ ਦੀ ਕਿ ਲੁਧਿਆਣਾ ਦੇ ਡਿਊਟੀ ਮੈਜਿਸਟ੍ਰੇਟ ਨੇ ਜਗਤਾਰ ਸਿੰਘ ਜੱਗੀ ਦੀ ਬੇਨਤੀ 'ਤੇ ਪੰਜਾਬ ਪੁਲਿਸ ਨੂੰ ਲਿਖਤੀ ਤੌਰ 'ਤੇ ਇਹ ਹੁਕਮ ਦਿੱਤਾ ਹੋਇਆ ਸੀ ਕਿ 24 ਨਵੰਬਰ ਨੂੰ ਸ਼ਾਮੀਂ 6:00 ਵਜੇ ਤੋਂ 7 ਵਜੇ ਤਕ ਐਂਡਰਿਊ ਐਰੀ ਦੀ ਅਗਵਾਈ 'ਚ ਬਰਤਾਨਵੀ ਹਾਈ ਕਮਿਸ਼ਨ ਨੂੰ ਜੱਗੀ ਨੂੰ "ਇਕੱਲਿਆਂ" 'ਚ ਮਿਲਵਾਇਆ ਜਾਵੇ।

ਇੰਨਾ ਹੀ ਨਹੀਂ ਪਰ ਪੰਜਾਬ ਸਰਕਾਰ ਇੱਥੋਂ ਤੱਕ ਕਿ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਕਹਿੰਦਾ ਰਿਹਾ ਹੈ ਕਿ ਸਕਾਟਿਸ਼/ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੌਹਲ ਉਰਫ ਜੱਗੀ 'ਤੇ ਪੰਜਾਬ ਪੁਲਿਸ ਵਲੋਂ ਹਿਰਾਸਤ 'ਚ ਤਸ਼ੱਦਦ ਕਰਨ ਦੇ ਦੋਸ਼ ਝੂਠ ਹਨ। ਮੁੱਖ ਮੰਤਰੀ ਦੇ ਬਿਆਨ ਤੋਂ ਬਾਅਦ ਜਗਤਾਰ ਸਿੰਘ ਜੱਗੀ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਸਵਾਲ ਕੀਤਾ ਸੀ ਕਿ ਅਮਰਿੰਦਰ ਸਿੰਘ ਕਿਵੇਂ ਦਾਅਵਾ ਕਰ ਸਕਦੇ ਹਨ ਕਿ ਤਸ਼ੱਦਦ ਨਹੀਂ ਹੋਇਆ, ਕੀ ਉਹ ਖੁਦ ਪੁੱਛਗਿੱਛ ਵੇਲੇ ਉਥੇ ਮੌਜੂਦ ਸਨ? ਪਰ ਸਰਕਾਰ ਤੇ ਪੁਲੀਸ ਢੀਠਾਂ ਵਾਂਗ ਮੁਕਰਦੀ ਆ ਰਹੀ ਹੈ।

# ਸਿੱਖਾਂ ਨੂੰ ਇਨਸਾਫ਼ ਨਹੀਂ ਮਿਲੇਗਾ : ਗੁਰਤੇਜ ਸਿੰਘ ਆਈਏਐਸ

**ਚੰਡੀਗੜ੍ਹ:**
ਉੱਘੇ ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਭਾਰਤ ਸਰਕਾਰ ਸਿੱਖਾਂ ਨਾਲ ਗੁਲਾਮਾਂ ਵਰਗਾ ਵਿਹਾਰ ਕਰ ਰਹੀ ਹੈ। ਅੱਜ ਤੱਕ ਜਿੰਨ੍ਹੇ ਵੀ ਸਿੱਖਾਂ ਉੱਪਰ ਸਰਕਾਰੀ ਅਟੈਕ ਹੋਏ ਹਨ, ਉਸ ਵਿਚ ਕਿਸੇ ਵੀ ਕਾਂਡ ਦੌਰਾਨ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਚਾਹੇ ਉਹ ਜੰਮੂ-ਕਸ਼ਮੀਰ ਵਿਚ ਹੋਇਆ, ਚਿੱਟੀਸਿੰਘਪੁਰਾ ਦਾ ਸਿੱਖ ਕਤਲੇਆਮ ਸੀ, ਜਿਸ ਵਿਚ ਸਰਕਾਰੀ ਕੈਟਾਂ ਦੁਆਰਾ ਸਿੱਖਾਂ ਦਾ ਕਤਲ ਕੀਤਾ ਗਿਆ ਤੇ ਨਾਮ ਕਸ਼ਮੀਰੀ ਖਾੜਕੂਆਂ ਦਾ ਲਗਾ ਦਿੱਤਾ ਗਿਆ। ਉਸ ਸਮੇਂ ਵਾਜਪਾਈ ਦੀ ਸਰਕਾਰ ਸੀ। ਦਿੱਲੀ ਸਿੱਖ ਕਤਲੇਆਮ, ਨਵੰਬਰ 84 ਤੇ ਜੂਨ 84 ਤੋਂ ਬਾਅਦ ਝੂਠੇ ਪੁਲੀਸ ਮੁਕਾਬਲੇ ਤੋਂ ਬਾਅਦ ਸਿੱਖਾਂ ਦੀਆਂ ਕੀਤੀਆਂ ਹੱਤਿਆਵਾਂ, ਲਾਵਾਰਸ ਲਾਸ਼ਾਂ ਵਿਚ ਵੀ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲਿਆ। ਇਹ ਕੋਈ ਅਰਥ ਨਹੀਂ ਰੱਖਦਾ ਕਿ ਪੰਜਾਬ 'ਤੇ ਰਾਜ ਕੌਣ ਕਰ ਰਿਹਾ ਹੈ। ਬਾਦਲ ਦਲ ਦੇ ਰਾਜ ਦੌਰਾਨ ਸਿੱਖਾਂ ਉੱਪਰ ਜ਼ੁਲਮ ਤੇਜ਼ ਹੋਏ ਹਨ। 2012 ਦੌਰਾਨ ਗੁਰਦਾਸਪੁਰ ਵਿਚ ਬਲਵੰਤ ਸਿੰਘ ਰਾਜੋਆਣਾ ਨੂੰ ਫਾਂਸੀ ਦੇ ਮਾਮਲੇ ਦੌਰਾਨ ਜਸਪਾਲ ਸਿੰਘ ਆਪਣੇ ਸਾਥੀਆਂ ਨਾਲ ਗੁਰਦਾਸਪੁਰ ਵਿਚ ਸ਼ਾਂਤਮਈ ਸੰਘਰਸ਼ ਕਰ ਰਿਹਾ ਸੀ ਤੇ ਉਸ ਉੱਪਰ ਪੁਲੀਸ ਨੇ ਗੋਲੀਆਂ ਚਲਾਈਆਂ, ਜਾਂਚ ਦੌਰਾਨ ਪੁਲੀਸ ਨੂੰ ਅਣਪਛਾਤੀ ਕਰਾਰ ਦਿੱਤੀ, ਗੋਲੀਆਂ ਦੇ ਨਿਸ਼ਾਨ ਮਿਟਾ ਦਿੱਤੇ ਗਏ। ਬਾਦਲ ਰਾਜ ਦੌਰਾਨ ਦੂਸਰਾ ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਹੈ। ਬੜੇ ਸਾਜ਼ਿਸ਼ੀ ਢੰਗ ਦੇ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ। ਸ਼ਾਂਤਮਈ ਸੰਘਰਸ਼ ਕਰ ਰਹੇ ਸਿੱਖਾਂ 'ਤੇ ਬਹਿਬਲ ਕਲਾਂ ਵਿਚ ਗੋਲੀ ਚਲਾਈ ਗਈ, ਜਿਸ ਵਿਚ ਦੋ ਸਿੱਖ ਕ੍ਰਿਸ਼ਨ ਭਗਵਾਨ ਸਿੰਘ ਤੇ ਗੁਰਜੀਤ ਸਿੰਘ ਸ਼ਹੀਦ ਕਰ ਦਿੱਤੇ ਗਏ। ਹੁਣ ਤੱਕ ਦੋਸ਼ੀ ਲੱਭੇ ਨਹੀਂ ਗਏ। ਕਿਹਾ ਗਿਆ ਕਿ ਇਹ ਅਣਪਛਾਤੀ ਪੁਲੀਸ ਦਾ ਕਾਰਾ ਹੈ। ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਪੁਲੀਸ ਵੀ ਅਣਪਛਾਤੀ ਹੋ ਗਈ ਤੇ ਹਥਿਆਰ ਲੁਕੋ ਦਿੱਤੇ ਗਏ, ਗੋਲੀਆਂ ਨਿਸ਼ਾਨ ਮਿਟਾ ਦਿੱਤੇ ਗਏ। ਇਸ ਨੂੰ ਵਰਦੀ ਤੇ ਸਟੇਟ ਦੀ ਦਹਿਸ਼ਤਗਰਦੀ ਕਹੀ ਜਾ ਸਕਦੀ ਹੈ। ਕੀ ਅਸੀਂ ਇਕ ਆਜ਼ਾਦ ਦੇਸ਼ ਵਿਚ ਰਹਿ ਰਹੇ ਹਾਂ, ਜਿੱਥੇ ਸਾਡੀ ਗੁਲਾਮਾਂ ਨਾਲ ਮਾੜੀ ਹਾਲਾਤ ਤੇ ਦਾਸਤਾਨ ਹੈ। ਇਹ ਸਭ ਕਿਸ ਦੇ ਇਸ਼ਾਰੇ 'ਤੇ ਹੋ ਰਿਹਾ ਹੈ? ਕੇਂਦਰ ਸਰਕਾਰ ਦੇ, ਪੰਜਾਬ ਸਰਕਾਰ ਦੇ ਜਾਂ ਕੋਈ ਤੀਸਰੀ ਏਜੰਸੀ ਹੈ। ਇਸ ਦੀ ਕੋਈ ਜਾਂਚ ਨਹੀਂ ਹੋਵੇਗੀ। ਜੇ ਜਾਂਚ ਕਰਨੀ ਹੈ ਤਾਂ ਸੁਹਿਰਦ ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਇਸ ਸੱਚ ਨੂੰ ਫਰੋਲਣ ਲਈ ਅੱਗੇ ਵਧਣਾ ਪਵੇਗਾ। ਪਰ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲੇਗਾ।




A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE: 209.537.0975 FAX: 209.537.0375

# ਭਾਰਤ ਦੀ ਸੁਪਰੀਮ ਦੇ ਕੰਮ-ਕਾਜ ਸਬੰਧੀ ਚਾਰ ਸੀਨੀਅਰ ਵਲੋਂ ਉਠਾਏ ਗੰਭੀਰ ਸਵਾਲ ਅਜੇ ਹੱਲ ਹੋਣੇ ਬਾਕੀ

## *ਸੀਨੀਅਰ ਜੱਜਾਂ ਦੇ ਹੱਥ ਮਿਲੇ, ਪਰ ਮਨ ਘੁੱਟੇ ਰਹੇ*

**ਨਵੀਂ ਦਿੱਲੀ/ਬਿਊਰੋ ਨਿਊਜ਼:**
ਭਾਰਤ ਦੀ ਸੁਪਰੀਮ ਦੇ ਕੰਮ-ਕਾਜ ਵਿਚਲੀ ਪਾਰਦਰਸ਼ਤਾ ਅਤੇ ਮੌਜੂਦਾ ਚੀਫ਼ ਜਸਟਿਸ ਦੇ ਕਥਿੱਤ ਪੱਖਪਾਤੀ ਰਵੱਈਏ ਸਬੰਧੀ ਚਾਰ ਸੀਨੀਅਰ ਵਲੋਂ ਉਠਾਏ ਗੰਭੀਰ ਸਵਾਲ ਅਜੇ ਹੱਲ ਹੋਣੇ ਬਾਕੀ ਹਨ। ਲੰਘੇ ਐਤਵਾਰ ਚਾਰ ਜੱਜਾਂ ਵਲੋਂ ਪ੍ਰੈਸ ਕਾਨਫਰੰਸ ਕਰਕੇ ਨਿਆਂਪਾਲਿਕਾਂ ਦੀ ਨਿਰਪੱਖਤਾ ਸਬੰਧੀ ਪ੍ਰਗਟਾਏ ਫ਼ਿਕਰ ਅਤੇ ਰੋਸ ਬਾਅਦ ਮਸਲਾ ਵੱਖ ਵੱਖ ਪੱਧਰਾ ਉੱਤੇ ਵਿਚਾਰਿਆ ਗਿਆ।

ਇਸੇ ਦੌਰਾਨ ਭਾਰਤ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਨੇ ਮੱਤਭੇਦ ਦੂਰ ਕਰਨ ਲਈ ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜਾਂ, ਜਿਨ੍ਹਾਂ ਨੇ ਚੀਫ ਜਸਟਿਸ ਖ਼ਿਲਾਫ਼ ਗੰਭੀਰ ਮਸਲਿਆਂ ਨਾਲ ਸਬੰਧਤ ਜਨਹਿੱਤ ਪਟੀਸ਼ਨਾਂ ਦੀ ਵੰਡ ਦੇ ਮੁੱਦੇ ਸਮੇਤ ਹੋਰ ਦੋਸ਼ ਲਾਏ ਸਨ, ਨਾਲ ਮੁਲਾਕਾਤ ਕੀਤੀ। ਸੂਤਰਾਂ ਮੁਤਾਬਕ ਚੀਫ ਜਸਟਿਸ ਨੇ ਬੀਤੇ ਦਿਨ ਕੰਮ-ਕਾਜ ਸ਼ੁਰੂ ਕਰਨ ਤੋਂ ਪਹਿਲਾਂ ਚਾਰ ਜੱਜਾਂ ਜੇ ਚੇਲਾਮੇਸ਼ਵਰ, ਰੰਜਨ ਗੋਗੋਈ, ਐਮ ਬੀ ਲੋਕੁਰ ਅਤੇ ਕੁਰੀਅਨ ਜੋਜ਼ੇਫ ਨਾਲ ਤਕਰੀਬਨ 15 ਮਿੰਟ ਮੁਲਾਕਾਤ ਕੀਤੀ। ਇਸ ਮੀਟਿੰਗ ਵਿੱਚ ਕੁੱਝ ਹੋਰ ਜੱਜ ਵੀ ਮੌਜੂਦ ਸਨ।



ਇਸ ਮੀਟਿੰਗ ਦੌਰਾਨ ਮੱਤਭੇਦ ਹੱਲ ਹੋਣ ਜਾਂ ਚਾਰ ਜੱਜਾਂ ਵੱਲੋਂ ਉਠਾਏ ਕਿਸੇ ਮਸਲੇ ਦਾ ਕੋਈ ਹੱਲ ਨਿਕਲਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਜਸਟਿਸ ਮਿਸ਼ਰਾ ਵੱਲੋਂ ਇਨ੍ਹਾਂ ਚਾਰ ਜੱਜਾਂ ਨਾਲ ਭਲਕੇ ਵੀ ਮੁਲਾਕਾਤ ਕੀਤੇ ਜਾਣ ਦੀ ਸੰਭਾਵਨਾ ਹੈ।

ਚੀਫ ਜਸਟਿਸ ਖ਼ਿਲਾਫ਼ ਜਨਤਕ ਤੌਰ 'ਤੇ ਦੋਸ਼ ਲਾਏ ਜਾਣ ਬਾਅਦ ਸਿਖ਼ਰਲੀ ਅਦਾਲਤ 'ਚ ਪੈਦਾ ਹੋਇਆ ਸੰਕਟ ਸੋਮਵਾਰ ਨੂੰ ਸ਼ਾਂਤ ਹੋ ਗਿਆ ਜਾਪਦਾ ਸੀ ਪਰ ਬਗ਼ਾਵਤ ਵਾਲੀ ਚਿਣਗ ਅਜੇ ਵੀ ਪੂਰੀ ਤਰ੍ਹਾਂ ਬੁਝੀ ਨਹੀਂ ਲੱਗਦੀ।ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਮੌਕੇ ਕਹਿਣਾ ਪਿਆ, ਮੈਨੂੰ ਲੱਗਦਾ ਹੈ ਕਿ ਇਹ (ਸੰਕਟ) ਅਜੇ ਹੱਲ ਨਹੀਂ ਹੋਇਆ। ਉਮੀਦ ਹੈ ਕਿ 2-3 ਦਿਨਾਂ ਅੰਦਰ ਇਹ ਮਸਲਾ ਪੂਰੀ ਤਰ੍ਹਾਂ ਹੱਲ ਹੋ ਜਾਵੇਗਾ।' ਹਾਲਾਂਕਿ ਕੱਲ੍ਹ ਅਟਾਰਨੀ ਜਨਰਲ ਅਤੇ ਬਾਰ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਮਨਨ ਕੁਮਾਰ ਮਿਸ਼ਰਾ ਨੇ ਕਿਹਾ ਸੀ ਕਿ ਸੰਕਟ ਖ਼ਤਮ ਹੋ ਗਿਆ ਹੈ ਅਤੇ ਹੁਣ ਕੋਈ ਵਿਵਾਦ ਨਹੀਂ ਹੈ।

ਸੁਪਰੀਮ ਕੋਰਟ ਬਾਰ ਐਸੋਸੀਏਸ਼ਨ (ਐਸਸੀਬੀਏ) ਦੇ ਪ੍ਰਧਾਨ ਵਿਕਾਸ ਸਿੰਘ ਨੇ ਕਿਹਾ ਕਿ ਅਗਲੇ ਕੁਝ ਦਿਨਾਂ ਤਕ ਇਸ ਸੰਕਟ ਦੇ ਹੱਲ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਐਤਵਾਰ ਨੂੰ ਜਦੋਂ ਉਨ੍ਹਾਂ ਨੇ ਐਸਸੀਬੀਏ ਦਾ ਮਤਾ ਚੀਫ ਜਸਟਿਸ ਨੂੰ ਸੌਂਪਿਆ ਸੀ ਤਾਂ ਉਨ੍ਹਾਂ ਨੂੰ ਲੱਗਿਆ ਸੀ ਕਿ ਇਹ ਸੰਕਟ ਹੱਲ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਚੀਫ ਜਸਟਿਸ ਨੂੰ ਉਮੀਦ ਹੈ ਕਿ ਇਕ ਹਫ਼ਤੇ ਅੰਦਰ ਹਾਲਾਤ ਆਮ ਵਾਂਗ ਹੋ ਜਾਣਗੇ। ਦੱਸਣਯੋਗ ਹੈ ਕਿ ਸ਼ਨਿਚਰਵਾਰ ਨੂੰ ਹੰਗਾਮੀ ਮੀਟਿੰਗ 'ਚ ਐਸਸੀਬੀਏ ਨੇ ਮਤਾ ਪਾਸ ਕੀਤਾ ਸੀ ਕਿ ਚੀਫ ਜਸਟਿਸ ਨੂੰ ਸੁਪਰੀਮ ਕੋਰਟ ਜੱਜਾਂ ਦੀ ਫੁੱਲ ਕੋਰਟ ਮੀਟਿੰਗ ਸੱਦਣੀ ਚਾਹੀਦੀ ਹੈ ਅਤੇ ਪੰਜ ਸਭ ਤੋਂ ਸੀਨੀਅਰ ਜੱਜਾਂ, ਜੋ ਕੌਲਿਜੀਅਮ ਦੇ ਮੈਂਬਰ ਹਨ, ਕੋਲ ਸੁਣਵਾਈ ਲਈ ਪਈਆਂ ਸਾਰੀਆਂ ਜਨਹਿੱਤ ਪਟੀਸ਼ਨਾਂ ਨੂੰ ਟਰਾਂਸਫਰ ਕਰ ਦੇਣਾ ਚਾਹੀਦਾ ਹੈ।

### ਬਾਹਰੀ ਦਖ਼ਲ ਦੀ ਲੋੜ ਨਹੀਂ

ਜਸਟਿਸ ਜੋਜ਼ੇਫ਼ ਮੁਤਾਬਕ ਕਿਸੇ ਬਾਹਰੀ ਦਖ਼ਲ ਦੀ ਲੋੜ ਨਹੀਂ: ਚੀਫ਼ ਜਸਟਿਸ ਦੇ ਕੰਮਕਾਜ 'ਤੇ ਸਵਾਲ ਉਠਾਉਣ ਵਾਲੇ ਚਾਰ ਜੱਜਾਂ 'ਚ ਸ਼ਾਮਲ ਸੁਪਰੀਮ ਕੋਰਟ ਦੇ ਸੀਨੀਅਰ ਜੱਜ ਜਸਟਿਸ ਕੁਰੀਅਨ ਜੋਜ਼ੇਫ਼ ਨੇ ਕਿਹਾ ਕਿ ਮਸਲੇ ਨੂੰ ਸੁਲਝਾਉਣ ਲਈ ਕਿਸੇ ਬਾਹਰੀ ਦਖ਼ਲ ਦੀ ਕੋਈ ਲੋੜ ਨਹੀਂ ਹੈ। ਜਸਟਿਸ ਜੋਜ਼ੇਫ਼ ਨੇ ਆਸ ਜਤਾਈ ਕਿ ਸਮੱਸਿਆ ਦੀ ਸਾਰਿਆਂ ਨੂੰ ਜਾਣਕਾਰੀ ਮਿਲ ਗਈ ਹੈ ਅਤੇ ਭਵਿੱਖ 'ਚ ਅਜਿਹਾ ਕੋਈ ਦੁਹਰਾਅ ਨਹੀਂ ਹੋਵੇਗਾ। ਰਾਸ਼ਟਰਪਤੀ ਕੋਲ ਇਹ ਮੁੱਦਾ ਨਾ ਲੈ ਕੇ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਚੀਫ਼ ਜਸਟਿਸ ਆਫ਼ ਇੰਡੀਆ ਦੇ ਪੱਧਰ 'ਤੇ ਕੋਈ ਸੰਵਿਧਾਨਕ ਕੋਤਾਹੀ ਨਹੀਂ ਕੀਤੀ ਗਈ ਸੀ।

ਜਸਟਿਸ ਗੋਗੋਈ ਨੂੰ ਕੋਈ ਸੰਕਟ ਨਹੀਂ ਜਾਪਦਾ: ਚੀਫ਼ ਜਸਟਿਸ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਚਾਰ ਜੱਜਾਂ 'ਚ ਸ਼ਾਮਲ ਸੁਪਰੀਮ ਕੋਰਟ ਦੇ ਜੱਜ ਜਸਟਿਸ ਰੰਜਨ ਗੋਗੋਈ ਨੇ ਕਿਹਾ ਕਿ ਕਿਸੇ ਤਰ੍ਹਾਂ ਦਾ ਕੋਈ ਸੰਕਟ ਨਹੀਂ ਹੈ। ਉਨ੍ਹਾਂ ਦੇ ਕਦਮ ਨੂੰ ਅਨੁਸ਼ਾਸਨ ਭੰਗ ਹੋਣ ਨਾਲ ਜੋੜੇ ਜਾਣ ਸਬੰਧੀ ਜਦੋਂ ਪੁੱਛਿਆ ਗਿਆ ਤਾਂ ਉਹ ਛੇਤੀ ਜਾਣ ਦਾ ਬਹਾਨਾ ਬਣਾ ਕੇ ਸਵਾਲ ਨੂੰ ਟਾਲ ਗਏ।

### ਜੱਜ ਲੋਯਾ ਦੀ ਮੌਤ ਸਬੰਧੀ ਦਸਤਾਵੇਜ਼ ਪਟੀਸ਼ਨਰਾਂ ਨੂੰ ਸੌਂਪਣ ਦਾ ਹੁਕਮ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਮਹਾਰਾਸ਼ਟਰ ਸਰਕਾਰ ਨੂੰ ਹੁਕਮ ਦਿੱਤਾ ਕਿ ਜਸਟਿਸ ਬੀ ਐਚ ਲੋਯਾ ਦੀ ਮੌਤ ਨਾਲ ਸਬੰਧਤ ਸਾਰੇ ਦਸਤਾਵੇਜ਼ ਪਟੀਸ਼ਨਰਾਂ ਨੂੰ ਸੌਂਪੇ ਜਾਣ, ਜਿਨ੍ਹਾਂ ਵੱਲੋਂ ਇਸ ਵਿਸ਼ੇਸ਼ ਸੀਬੀਆਈ ਜੱਜ ਦੀ ਮੌਤ ਦੇ ਕਾਰਨਾਂ ਦੀ ਸੁਤੰਤਰ ਜਾਂਚ ਮੰਗੀ ਜਾ ਰਹੀ ਹੈ। ਮਹਾਰਾਸ਼ਟਰ ਸਰਕਾਰ ਵੱਲੋਂ ਜਸਟਿਸ ਲੋਯਾ ਦੀ ਪੋਸਟਮਾਰਟਮ ਰਿਪੋਰਟ ਸਮੇਤ ਹੋਰ ਦਸਤਾਵੇਜ਼ ਸੀਲਬੰਦ ਲਿਫਾਫੇ ਵਿੱਚ ਅਦਾਲਤ ਨੂੰ ਸੌਂਪੇ ਜਾਣ ਬਾਅਦ ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐਮ ਐਮ ਸ਼ਾਂਤਨਾਗੌਦਰ ਦੇ ਬੈਂਚ ਨੇ ਇਹ ਆਦੇਸ਼ ਦਿੱਤਾ। ਦੱਸਣਯੋਗ ਹੈ ਕਿ ਜਸਟਿਸ ਲੋਯਾ ਵੱਲੋਂ ਸੋਹਰਾਬੂਦੀਨ ਸ਼ੇਖ ਮੁਕਾਬਲਾ ਕੇਸ 'ਤੇ ਸੁਣਵਾਈ ਕੀਤੀ ਜਾ ਰਹੀ ਸੀ। ਜਸਟਿਸ ਲੋਯਾ ਦੀ ਮੌਤ ਦੀ ਸੁਤੰਤਰ ਜਾਂਚ ਦੀ ਮੰਗ ਕਰਨ ਵਾਲੀਆਂ ਦੋ ਜਨਹਿੱਤ ਪਟੀਸ਼ਨਾਂ ਉਤੇ ਸੁਣਵਾਈ ਕਰਨ ਵਾਲੇ ਇਸ ਬੈਂਚ ਨੇ ਬਿਨਾਂ ਕੋਈ ਤਰੀਕ ਦਿੱਤੇ ਇਕ ਹਫ਼ਤੇ ਲਈ ਸੁਣਵਾਈ ਮੁਲਤਵੀ ਕਰ ਦਿੱਤੀ । ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਿਕਾਸ ਸਿੰਘ ਨੇ ਕਿਹਾ ਕਿ ਸਾਰੀਆਂ ਜਨਹਿੱਤ ਪਟੀਸ਼ਨਾਂ ਦੀ ਸੁਣਵਾਈ ਚੀਫ਼ ਜਸਟਿਸ ਜਾਂ ਸੀਨੀਅਰ ਜੱਜਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਜਥੇਬੰਦੀ ਨੇ ਸੁਝਾਅ ਦਿੱਤਾ ਕਿ 15 ਜਨਵਰੀ ਲਈ ਸੂਚੀਬੱਧ ਸਾਰੀਆਂ ਜਨਹਿੱਤ ਪਟੀਸ਼ਨਾਂ ਹੋਰ ਬੈਂਚਾਂ ਤੋਂ ਬਦਲ ਕੇ ਚੀਫ਼ ਜਸਟਿਸ ਜਾਂ ਕੌਲਿਜੀਅਮ ਦੇ ਮੈਂਬਰਾਂ ਦੀਆਂ ਅਗਵਾਈ ਹੇਠਲੀ ਬੈਂਚਾਂ ਦੇ ਹਵਾਲੇ ਕੀਤੀਆਂ ਜਾਣ।

## ਚਾਰ ਸਾਬਕਾ ਜੱਜਾਂ ਨੇ ਵੀ ਲਿਖੀ ਚੀਫ ਜਸਟਿਸ ਨੂੰ ਚਿੱਠੀ

**ਸੁਪਰੀਮ ਕੋਰਟ ਦੇ ਇੱਕ ਸਾਬਕਾ ਜੱਜ ਸਮੇਤ ਚਾਰ ਸਾਬਕਾ ਜੱਜਾਂ ਨੇ ਐਤਵਾਰ ਨੂੰ ਚੀਫ ਜਸਟਿਸ ਦੀਪਕ ਮਿਸ਼ਰ ਦੇ ਨਾਂ ਇਕ ਖੁੱਲ੍ਹਾ ਪੱਤਰ ਲਿਖਿਆ। ਇਸ ਪੱਤਰ ਵਿਚ ਸੁਪਰੀਮ ਕੋਰਟ ਦੇ ਚਾਰ ਜੱਜਾਂ ਵੱਲੋਂ ਚੁੱਕੇ ਗਏ ਮੁੱਦਿਆਂ 'ਤੇ ਸਹਿਮਤੀ ਪ੍ਰਗਟਾਈ ਗਈ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਕੇਸਾਂ ਦੀ ਵੰਡ ਕਰਨ ਦੇ ਮੁੱਖ ਜੱਜ ਦੇ ਵਿਸ਼ੇਸ਼ ਅਧਿਕਾਰ ਨੂੰ ਹੋਰ ਜ਼ਿਆਦਾ ਪਾਰਦਰਸ਼ੀ ਤੇ ਨਿਯਮਿਤ ਕਰਨ ਦੀ ਲੋੜ ਹੈ।'**

**ਇਹ ਖੁੱਲ੍ਹਾ ਪੱਤਰ ਸੁਪਰੀਮ ਕੋਰਟ ਦੇ ਸਾਬਕਾ ਜੱਜ ਪੀ. ਬੀ. ਸਾਵੰਤ, ਦਿੱਲੀ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਏਪੀ ਸ਼ਾਹ, ਮਦਰਾਸ ਹਾਈ ਕੋਰਟ ਦੇ ਸਾਬਕਾ ਜੱਜ ਦੇ ਚੰਦਰੂ ਤੇ ਮੁੰਬਈ ਹਾਈ ਕੋਰਟ ਦੇ ਸਾਬਕਾ ਜੱਜ ਐੱਚ. ਸੁਰੇਸ਼ ਨੇ ਲਿਖਿਆ ਹੈ।**

**ਇਸ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਮੁਤਾਬਕ ਜਸਟਿਸ ਸ਼ਾਹ ਨੇ ਹੋਰ ਤਿੰਨ ਜੱਜਾਂ ਦੇ ਨਾਲ ਖੁੱਲ੍ਹਾ ਪੱਤਰ ਲਿਖਣ ਦੀ ਪੁਸ਼ਟੀ ਕੀਤੀ ਹੈ।**

**ਹੁਣ ਚਾਰ ਸਾਬਕਾ ਜੱਜਾਂ ਨੇ ਆਪਣੇ ਪੱਤਰ ਵਿਚ ਲਿਖਿਆ ਹੈ ਕਿ ਰੋਸਟਰ ਤੈਅ ਕਰਨ ਦਾ ਹੱਕ ਮੁੱਖ ਜੱਜ ਨੂੰ ਹੈ, ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਨੂੰ ਮਨਮਰਜ਼ੀ ਢੰਗ ਨਾਲ ਕੀਤਾ ਜਾਵੇ ਜਿਵੇਂ ਕਿ ਸੰਵੇਦਨਸ਼ੀਲ ਤੇ ਮਹੱਤਵਪੂਰਨ ਮਾਮਲੇ ਜੂਨੀਅਰ ਬੈਂਚਾਂ ਨੂੰ ਵੰਡਿਆ ਜਾਵੇ।**

ਪਿਆਰੇ ਚੀਫ ਜਸਟਿਸ,
ਸੁਪਰੀਮ ਕੋਰਟ ਦੇ ਚਾਰ ਸੀਨੀਅਰ ਜੱਜ ਸੁਪਰੀਮ ਕੋਰਟ ਦੀਆਂ ਵੱਖ-ਵੱਖ ਬੈਂਚਾਂ ਨੂੰ ਕੇਸਾਂ, ਖ਼ਾਸ ਕਰਕੇ ਸੰਵੇਦਨਸ਼ੀਲ ਕੇਸਾਂ ਦੀ ਵੰਡ ਦੇ ਤਰੀਕੇ ਨੂੰ ਲੈ ਕੇ ਇੱਕ ਗੰਭੀਰ ਮੁੱਦਾ ਸਾਹਮਣੇ ਲਿਆਏ ਹਾਂ। ਉਨ੍ਹਾਂ ਡੂੰਘੀ ਚਿੰਤਾ ਪ੍ਰਗਟਾਈ ਹੈ ਕਿ ਕੇਸ ਸਹੀ ਢੰਗ ਨਾਲ ਵੰਡੇ ਨਹੀਂ ਜਾ ਰਹੇ ਹਨ ਤੇ ਉਨ੍ਹਾਂ ਨੂੰ ਮਨਮਰਜ਼ੀ ਨਾਲ ਖ਼ਾਸ ਬੈਂਚਾਂ ਨੂੰ ਦਿੱਤਾ ਜਾ ਰਿਹਾ ਹੈ, ਕਈ ਵਾਰ ਇਹ ਜੂਨੀਅਰ ਜੱਜਾਂ ਦੀ ਅਗਵਾਈ ਵਾਲੀ ਬੈਂਚਾਂ ਨੂੰ ਦਿੱਤੇ ਜਾਂਦੇ ਹਨ।

ਇਸ ਦਾ ਨਿਆਂ ਦੇ ਪ੍ਰਸ਼ਾਸਨ ਤੇ ਕਾਨੂੰਨ ਦੇ ਰਾਜ 'ਤੇ ਕਾਫੀ ਜਾਨਲੇਵਾ ਅਸਰ ਹੋ ਰਿਹਾ ਹੈ। ਅਸੀਂ ਚਾਰ ਜੱਜਾਂ ਨਾਲ ਸਹਿਮਤ ਹਾਂ ਕਿ ਰੋਸਟਰ ਤੈਅ ਕਰਨ ਦਾ ਹੱਕ ਭਾਰਤ ਦੇ ਮੁੱਖ ਜੱਜ ਦਾ ਹੈ ਤੇ ਉਹ ਕੰਮ ਦੀ ਵੰਡ ਲਈ ਬੈਂਚਾਂ ਤੈਅ ਕਰ ਸਕਦੇ ਹਨ, ਇਸ ਦੇ ਅਰਥ ਇਹ ਨਹੀਂ ਹਨ ਕਿ ਅਜਿਹਾ ਮਨਮਰਜ਼ੀ ਨਾਲ ਕੀਤਾ ਜਾਵੇ ਜਿਵੇਂ ਸੰਵੇਦਨਸ਼ੀਲ ਤੇ ਅਹਿਮ ਕੇਸਾਂ ਨੂੰ ਚੀਫ਼ ਜਸਟਿਸ ਜੂਨੀਅਰ ਜੱਜਾਂ ਦੀ ਚੋਣਵੀਂਆਂ ਬੈਂਚਾਂ ਨੂੰ ਸੌਂਪ ਦੇਣ।

ਇਸ ਮੁੱਦੇ ਦਾ ਹੱਲ ਜ਼ਰੂਰੀ ਹੈ ਤੇ ਬੈਂਚਾਂ ਦੇ ਨਿਰਧਾਰਨ ਅਤੇ ਕੇਸਾਂ ਨੂੰ ਸੌਂਪੇ ਜਾਣ ਲਈ ਸਪੱਸ਼ਟ ਨਿਯਮ ਅਤੇ ਕਾਇਦੇ ਤੈਅ ਕੀਤੇ ਜਾਣੇ ਚਾਹੀਦੇ ਹਨ, ਜੋ ਤਰਕਸੰਗਤ, ਨਿਰਪੱਖ ਤੇ ਪਾਰਦਸ਼ੀ ਹੋਣ। ਜੱਜ ਤੇ ਸੁਪਰੀਮ ਕੋਰਟ ਵਿਚ ਲੋਕਾਂ ਦਾ ਭਰੋਸਾ ਬਹਾਲ ਕਰਨ ਲਈ ਅਜਿਹਾ ਤੁਰੰਤ ਕੀਤਾ ਜਾਣਾ ਚਾਹੀਦਾ ਹੈ। ਹਾਲਾਂ ਕਿ ਅਜਿਹਾ ਹੋਣ ਤੱਕ ਇਹ ਜ਼ਰੂਰੀ ਹੈ ਕਿ ਸਾਰੇ ਸੰਵੇਦਨਸ਼ੀਲ ਅਤੇ ਅਹਿਮ ਮਾਮਲਿਆਂ ਨੂੰ, ਜਿਨ੍ਹਾਂ ਵਿਚ ਬਕਾਇਆ ਮਾਮਲੇ ਵੀ ਸ਼ਾਮਲ ਹਨ। ਇਸ ਕੋਰਟ ਦੇ ਪੰਜ ਸੀਨੀਅਰ ਜੱਜਾਂ ਵਾਲੀ ਸੰਵਿਧਾਨਕ ਬੈਂਚ ਦੇਖੇ।

ਸਿਰਫ਼ ਅਜਿਹੇ ਉਪਾਅ ਹੀ ਲੋਕਾਂ ਨੂੰ ਭਰੋਸਾ ਦੇ ਸਕਦੇ ਹਨ ਕਿ ਸੁਪਰੀਮ ਕੋਰਟ ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਕੰਮ ਕਰ ਰਿਹਾ ਹੈ ਤੇ ਰੋਸਟਰ ਦੇ ਕਰਤਾ ਦੇ ਰੂਪ ਵਿਚ ਚੀਫ਼ ਜਸਟਿਸ ਦੀਆਂ ਸ਼ਕਤੀਆਂ ਦਾ ਅਹਿਮ ਤੇ ਸੰਵੇਦਨਸ਼ੀਲ ਮਾਮਲਿਆਂ ਵਿਚ ਖ਼ਾਸ ਨਤੀਜਾ ਹਾਸਲ ਕਰਨ ਲਈ ਦੁਰਵਰਤੋਂ ਨਹੀਂ ਹੋ ਰਹੀ ਹੈ। ਇਸ ਲਈ ਅਸੀਂ ਤੁਹਾਨੂੰ ਇਸ ਸਬੰਧੀ ਤੁਰੰਤ ਕਦਮ ਚੁੱਕਣ ਦੀ ਬੇਨਤੀ ਕਰਦੇ ਹਾਂ।

ਧੰਨਵਾਦ,

**ਜਸਟਿਸ ਪੀਬੀ ਸਾਵੰਤ (ਸੇਵਾਮੁਕਤ) ਸਾਬਕਾ ਜੱਜ, ਸੁਪਰੀਮ ਕੋਰਟ ਆਫ ਇੰਡੀਆ**

**ਜਸਟਿਸ ਏਪੀ ਸ਼ਾਹ (ਸੇਵਾਮੁਕਤ) ਸਾਬਕਾ ਚੀਫ ਜਸਟਿਸ, ਦਿੱਲੀ ਹਾਈ ਕੋਰਟ**

**ਜਸਟਿਸ ਕੇ. ਚੰਦਰੂ (ਸੇਵਾਮੁਕਤ) ਸਾਬਕਾ ਜੱਜ, ਮਦਰਾਸ ਹਾਈ ਕੋਰਟ**

**ਜਸਟਿਸ ਐੱਚ. ਸੁਰੇਸ਼ (ਸੇਵਾਮੁਕਤ) ਸਾਬਕਾ ਜੱਜ, ਮੁੰਬਈ ਹਾਈ ਕੋਰਟ ।**

## ਚਾਰ ਜੱਜਾਂ ਵਲੋਂ ਚੀਫ ਜਸਟਿਸ ਨੂੰ ਲਿਖੀ ਚਿੱਠੀ

***ਸੁਪਰੀਮ ਕੋਰਟ ਦੇ ਚਾਰ ਜੱਜਾਂ ਨੇ ਚੀਫ ਜਸਟਿਸ ਦੀਪਕ ਮਿਸ਼ਰ ਨੂੰ ਪੱਤਰ ਲਿਖ ਕੇ ਉੱਚ ਅਦਾਲਤ ਵੱਲੋਂ ਦਿੱਤੇ ਗਏ ਕੁਝ ਹੁਕਮਾਂ ਨੂੰ ਲੈ ਕੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹੁਕਮਾਂ ਦੇ ਕਾਰਨ ਨਿਆਂਪਾਲਿਕਾ ਦੀ ਕਾਰਜ ਪ੍ਰਣਾਲੀ 'ਤੇ ਬੁਰਾ ਅਸਰ ਹੋਇਆ ਹੈ। ਜਸਟਿਸ ਜੇ ਚੇਲਮੇਸ਼ਵਰ, ਰੰਜਨ ਗੋਗੋਈ, ਮਦਨ ਲੋਕੁਰ ਤੇ ਕੁਰੀਅਨ ਜੋਸਫ ਵੱਲੋਂ ਲਿਖੇ ਗਏ ਅੱਠ ਪੰਨਿਆਂ ਦੇ ਪੱਤਰ ਦਾ ਅਨੁਵਾਦ ਇਹ ਹੈ।***

**ਪਿਆਰੇ ਚੀਫ ਜਸਟਿਸ,**
ਬੜੀ ਨਾਰਾਜ਼ਗੀ ਤੇ ਚਿੰਤਾ ਨਾਲ ਅਸੀਂ ਇਹ ਸੋਚਿਆ ਕਿ ਇਹ ਪੱਤਰ ਤੁਹਾਡੇ ਨਾਂ ਲਿਖਿਆ ਜਾਵੇ, ਤਾਂ ਕਿ ਇਸ ਅਦਾਲਤ ਤੋਂ ਜਾਰੀ ਕੀਤੇ ਗਏ ਕੁਝ ਹੁਕਮਾਂ ਨੂੰ ਪੇਸ਼ ਕੀਤਾ ਜਾ ਸਕੇ, ਜਿਨ੍ਹਾਂ ਨੇ ਨਿਆਂ ਦੇਣ ਦੀ ਪੂਰੀ ਕਾਰਜ ਪ੍ਰਣਾਲੀ ਅਤੇ ਹਾਈ ਕੋਰਟ ਦੀ ਅਜ਼ਾਦੀ ਦੇ ਨਾਲ-ਨਾਲ ਭਾਰਤ ਦੇ ਸੁਪਰੀਮ ਕੋਰਟ ਦੇ ਕੰਮ ਕਰਨ ਦੇ ਤੌਰ-ਤਰੀਕਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ।

ਕਲਕੱਤਾ, ਮੁੰਬਈ ਤੇ ਮਦਰਾਸ ਵਿਚ ਤਿੰਨ ਹਾਈ ਕੋਰਟ ਸਥਾਪਿਤ ਹੋਣ ਤੋਂ ਬਾਅਦ ਨਿਆਂਇਕ ਪ੍ਰਸ਼ਾਸਨ ਵਿਚ ਕੁਝ ਪਰੰਪਰਾਵਾਂ ਤੇ ਮਾਨਤਾਵਾਂ ਭਲੀ-ਭਾਂਤ ਸਥਾਪਿਤ ਹੋਈਆਂ ਹਨ। ਇਨ੍ਹਾਂ ਹਾਈ ਕੋਰਟਾਂ ਦੇ ਸਥਾਪਿਤ ਹੋਣ ਦੇ ਲੱਗਭਗ ਇਕ ਦਹਾਕੇ ਬਾਅਦ ਸੁਪਰੀਮ ਕੋਰਟ ਹੋਂਦ ਵਿਚ ਆਇਆ। ਇਹ ਉਹ ਪਰੰਪਰਾਵਾਂ ਹਨ, ਜਿਨ੍ਹਾਂ ਦੀਆਂ ਜੜ੍ਹਾਂ ਇਸ ਤੋਂ ਪਹਿਲਾਂ ਵੀ ਨਿਆਂ ਤੰਤਰ ਵਿਚ ਸਨ।

ਭਲੀ ਭਾਂਤ ਸਥਾਪਿਤ ਸਿਧਾਂਤਾਂ ਵਿਚ ਇੱਕ ਸਿਧਾਂਤ ਇਹ ਵੀ ਹੈ ਕਿ ਰੋਸਟਰ ਦਾ ਫ਼ੈਸਲਾ ਕਰਨ ਦਾ ਵਿਸ਼ੇਸ਼ ਅਧਿਕਾਰ ਚੀਫ ਜਸਟਿਸ ਦੇ ਕੋਲ ਹੈ, ਤਾਂ ਕਿ ਇਹ ਵਿਵਸਥਾ ਬਣੀ ਰਹੇ ਕਿ ਇਸ ਅਦਾਲਤ ਦਾ ਕਿਹੜਾ ਮੈਂਬਰ ਤੇ ਕਿਹੜੀ ਬੈਂਚ ਕਿਸ ਮਾਮਲੇ ਨੂੰ ਦੇਖੇਗੀ। ਇਹ ਪਰੰਪਰਾ ਇਸ ਲਈ ਬਣਾਈ ਗਈ ਹੈ, ਤਾਂ ਕਿ ਅਦਾਲਤ ਦਾ ਕੰਮ-ਕਾਜ ਅਨੁਸ਼ਾਸਿਤ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਹੋਵੇ। ਇਹ ਪਰੰਪਰਾ ਚੀਫ ਜਸਟਿਸ ਨੂੰ ਆਪਣੇ ਸਾਥੀਆਂ ਦੇ ਉੱਪਰ ਆਪਣੀ ਗੱਲ ਥੋਪਣ ਲਈ ਨਹੀਂ ਕਹਿੰਦੀ ਹੈ।

ਇਸ ਦੇਸ ਦੇ ਨਿਆਂਤੰਤਰ ਵਿਚ ਇਹ ਗੱਲ ਵੀ ਬਹੁਤ ਚੰਗੀ ਤਰ੍ਹਾਂ ਨਾਲ ਸਥਾਪਿਤ ਹੈ ਕਿ ਚੀਫ਼ ਜਸਟਿਸ ਆਪਣੀ ਬਰਾਬਰੀ ਵਾਲਿਆਂ ਵਿਚ ਪਹਿਲਾਂ ਹੈ, ਉਹ ਉਨ੍ਹਾਂ ਤੋਂ ਨਾ ਘੱਟ ਹਨ ਤੇ ਨਾ ਵੱਧ। ਰੋਸਟਰ ਤੈਅ ਕਰਨ ਦੇ ਮਾਮਲੇ ਵਿਚ ਭਲੀ ਭਾਂਤ ਸਥਾਪਿਤ ਅਤੇ ਮੰਨਣਯੋਗ ਪਰੰਪਰਾਵਾਂ ਹਨ ਕਿ ਚੀਫ ਜਸਟਿਸ ਕਿਸੇ ਮਾਮਲੇ ਦੀ ਲੋੜ ਦੇ ਹਿਸਾਬ ਨਾਲ ਬੈਂਚ ਦਾ ਨਿਰਧਾਰਨ ਕਰਨਗੇ।

ਉਪਰੋਕਤ ਸਿਧਾਂਤ ਤੋਂ ਬਾਅਦ ਅਗਲਾ ਤਰਕਸੰਗਤ ਕਦਮ ਇਹ ਹੋਵੇਗਾ ਕਿ ਇਸ ਅਦਾਲਤ ਸਮੇਤ ਵੱਖ-ਵੱਖ ਨਿਆਂਇਕ ਇਕਾਈਆਂ ਅਜਿਹੇ ਕਿਸੇ ਮਾਮਲੇ ਨਾਲ ਖ਼ੁਦ ਨਹੀਂ ਨਿਬੜ ਸਕਦੀਆਂ, ਜਿਨ੍ਹਾਂ ਦੀ ਸੁਣਵਾਈ ਕਿਸੇ ਸਹੀ ਬੈਂਚ ਤੋਂ ਹੋਣੀ ਚਾਹੀਦੀ ਹੈ।

ਉਪਰੋਕਤ ਦੋਵਾਂ ਨਿਯਮਾਂ ਦੀ ਉਲੰਘਣਾ ਕਰਨ ਨਾਲ ਗਲਤ ਤੇ ਅਣਲੋੜੀਂਦੇ ਨਤੀਜੇ ਸਾਹਮਣੇ ਆਉਣਗੇ, ਜਿਸ ਨਾਲ ਨਿਆਂਪਾਲਿਕਾ ਦੀ ਇਮਾਨਦਾਰੀ ਨੂੰ ਲੈ ਕੇ ਦੇਸ ਦੀ ਰਾਜਨੀਤੀ ਦੇ ਮਨ ਵਿਚ ਸ਼ੱਕ ਪੈਦਾ ਹੋਵੇਗਾ। ਨਾਲ ਹੀ ਨਿਯਮਾਂ ਤੋਂ ਹਟਣ ਦੇ ਜਿਹੜਾ ਵਿਵਾਦ ਹੋਵੇਗਾ, ਉਸ ਦੀ ਕਲਪਨਾ ਕੀਤੀ ਜਾ ਸਕਦੀ ਹੈ।

ਸਾਨੂੰ ਇਹ ਦੱਸਦੇ ਹੋਏ ਬੇਹੱਦ ਨਿਰਾਸ਼ਾ ਹੋ ਰਹੀ ਹੈ ਕਿ ਬੀਤੇ ਕੁਝ ਵਕਤ ਤੋਂ ਜਿਨ੍ਹਾਂ ਦੋ ਨਿਯਮਾਂ ਦੀ ਗੱਲ ਹੋ ਰਹੀ ਹੈ, ਉਨ੍ਹਾਂ ਦਾ ਪੂਰੀ ਤਰ੍ਹਾਂ ਪਾਲਣ ਨਹੀਂ ਕੀਤਾ ਗਿਆ ਹੈ। ਅਜਿਹੇ ਕਈ ਮਾਮਲੇ ਹਨ, ਜਿਨ੍ਹਾਂ ਵਿਚ ਦੇਸ ਤੇ ਸੰਸਥਾਨ 'ਤੇ ਅਸਰ ਪਾਉਣ ਵਾਲੇ ਮੁਕੱਦਮੇ ਇਸ ਅਦਾਲਤ ਦੇ ਚੀਫ ਜਸਟਿਸ ਨੇ ਆਪਣੀ ਪਸੰਦ ਦੀ ਬੈਂਚ ਨੂੰ ਸੌਂਪੇ, ਜਿਨ੍ਹਾਂ ਦੇ ਪਿੱਛੇ ਕਈ ਤਰਕ ਨਜ਼ਰ ਨਹੀਂ ਆਉਂਦਾ। ਹਰ ਹਾਲਤ ਵਿਚ ਇਨ੍ਹਾਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ।

ਅਸੀਂ ਲੋਕ ਇਸ ਦਾ ਵੇਰਵਾ ਨਹੀਂ ਦੇ ਰਹੇ ਹਾਂ, ਕਿਉਂਕਿ ਅਜਿਹਾ ਕਰਨ ਨਾਲ ਸੁਪਰੀਮ ਕੋਰਟ ਨੂੰ ਹੋਰ ਸ਼ਰਮਿੰਦਗੀ ਝੱਲਣੀ ਪਵੇਗੀ, ਪਰ ਇਹ ਖ਼ਿਆਲ ਰੱਖਿਆ ਜਾਵੇ ਕਿ ਨਿਯਮਾਂ ਦੇ ਹਟਣ ਕਾਰਨ ਪਹਿਲਾਂ ਹੀ ਕੁਝ ਹੱਦ ਤੱਕ ਉਸ ਦਾ ਅਕਸ ਨੂੰ ਨੁਕਸਾਨ ਪੁੱਜ ਚੁੱਕਾ ਹੈ।

ਉਪਰੋਕਤ ਮਾਮਲੇ ਨੂੰ ਲੈ ਕੇ ਅਸੀਂ ਇਹ ਉੱਚਿਤ ਸਮਝਦੇ ਹਾਂ ਕਿ ਤੁਹਾਡਾ ਧਿਆਨ 27 ਅਕਤੂਬਰ, 2017 ਦੇ ਆਰ. ਪੀ. ਲੂਥਰਾ ਬਨਾਮ ਭਾਰਤੀ ਲੋਕਤੰਤਰ ਮਾਮਲੇ ਵੱਲ ਲਿਆਂਦਾ ਜਾਵੇ। ਇਸ ਵਿਚ ਕਿਹਾ ਗਿਆ ਸੀ ਕਿ ਜਨਹਿਤ ਨੂੰ ਦੇਖਦੇ ਹੋਏ ਮੈਮੋਰੈਂਡਮ ਆਫ ਪ੍ਰੋਸੀਜਰ ਨੂੰ ਅੰਤਿਮ ਰੂਪ ਦੇਣ ਵਿਚ ਹੋਰ ਦੇਰ ਨਹੀਂ ਕਰਨੀ ਚਾਹੀਦੀ। ਜਦੋਂ ਮੈਮੋਰੈਂਡਮ ਆਫ ਪ੍ਰੋਸੀਜਰ ਸੁਪਰੀਮ ਕੋਰਟ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਐਂਡ ਏਐੱਨਆਰ ਬਨਾਮ ਭਾਰਤੀ ਗਣਰਾਜ ਮਾਮਲੇ ਵਿਚ ਸੰਵਿਧਾਨਿਕ ਬੈਂਚ ਦਾ ਹਿੱਸਾ ਸੀ, ਤਾਂ ਇਹ ਸਮਝਣਾ ਮੁਸ਼ਕਲ ਹੈ ਕਿ ਕੋਈ ਹੋਰ ਬੈਂਚ ਇਹ ਮਾਮਲਾ ਕਿਉਂ ਦੇਖੇਗਾ? ਇਸ ਤੋਂ ਇਲਾਵਾ ਸੰਵਿਧਾਨ ਬੈਂਚ ਦੇ ਫ਼ੈਸਲੇ ਤੋਂ ਬਾਅਦ ਮੇਰੇ ਸਮੇਤ ਪੰਜ ਜੱਜਾਂ ਦੇ ਕਾਲੇਜੀਅਮ ਨੇ ਵਿਸਥਾਰ ਨਾਲ ਚਰਚਾ ਕੀਤੀ ਸੀ ਤੇ ਮੈਮੋਰੈਂਡਮ ਆਫ ਪ੍ਰੋਸੀਜਰ ਨੂੰ ਅੰਤਿਮ ਰੂਪ ਦੇ ਕੇ ਮਾਰਚ 2017 ਵਿਚ ਚੀਫ ਜਸਟਿਸ ਨੇ ਉਸ ਨੂੰ ਭਾਰਤ ਸਰਕਾਰ ਕੋਲ ਭੇਜ ਦਿੱਤਾ ਸੀ। ਭਾਰਤ ਸਰਕਾਰ ਨੇ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਤੇ ਇਸ ਚੁੱਪ ਨੂੰ ਦੇਖਦੇ ਹੋਏ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਭਾਰਤ ਸਰਕਾਰ ਨੇ ਸੁਪਰੀਮ ਕੋਰਟ ਐਡਵੋਕੇਟ ਆਨ ਰਿਕਾਰਡ ਐਸੋਸੀਏਸ਼ਨ ਮਾਮਲੇ ਵਿਚ ਇਸ ਅਦਾਲਤ ਦੇ ਫ਼ੈਸਲੇ ਦੇ ਆਧਾਰ 'ਤੇ ਮੈਮੋਰੈਂਡਮ ਆਫ ਪ੍ਰੋਸੀਜਰ ਨੂੰ ਸਵੀਕਾਰ ਕਰ ਲਿਆ ਹੈ। ਇਸ ਲਈ ਕਿਸੇ ਵੀ ਮੁਕਾਮ 'ਤੇ ਬੈਂਚ ਨੂੰ ਮੈਮੋਰੈਂਡਮ ਆਫ ਪ੍ਰੋਸੀਜਰ ਨੂੰ ਆਖਰੀ ਰੂਪ ਦੇਣ ਸਬੰਧੀ ਕੋਈ ਵਿਵਸਥਾ ਨਹੀਂ ਦੇਣੀ ਸੀ ਜਾਂ ਫਿਰ ਇਸ ਮਾਮਲੇ ਨੂੰ ਅਣਮਿੱਥੇ ਸਮੇਂ ਲਈ ਨਹੀਂ ਟਾਲਿਆ ਜਾ ਸਕਦਾ। ਚਾਰ ਜੁਲਾਈ, 2017 ਨੂੰ ਇਸ ਅਦਾਲਤ ਦੇ ਸੱਤ ਜੱਜਾਂ ਦੀ ਬੈਂਚ ਨੇ ਜਸਟਿਸ ਸੀ. ਐੱਸ. ਕਰਣਨ ਨੂੰ ਲੈ ਕੇ ਫ਼ੈਸਲਾ ਕੀਤਾ ਸੀ। ਉਸ ਫ਼ੈਸਲੇ ਵਿਚ (ਆਰ. ਪੀ. ਲੂਥਰਾ ਦੇ ਮਾਮਲੇ ਵਿਚ) ਅਸੀਂ ਦੋਵਾਂ ਨੇ ਵਿਵਸਥਾ ਦਿੱਤੀ ਸੀ ਕਿ ਜੱਜਾਂ ਦੀ ਨਿਯੁਕਤੀ ਦੀ ਪ੍ਰਕਿਰਿਆ 'ਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ ਤੇ ਨਾਲ ਹੀ ਸੰਵਿਧਾਨਕ ਅਹੁਦੇ 'ਤੇ ਮੌਜੂਦ ਵਿਅਕਤੀ 'ਤੇ ਮੁਕੱਦਮਾ ਚਲਾਉਣ ਤੋਂ ਵੱਖ ਉਪਾਅ ਕਰਨ ਦਾ ਤੰਤਰ ਵੀ ਬਣਾਇਆ ਜਾਣਾ ਚਾਹੀਦਾ ਹੈ। ਮੈਮੋਰੈਂਡਮ ਆਫ ਪ੍ਰੋਸੀਜਰ ਨੂੰ ਲੈ ਕੇ ਸੱਤਾਂ ਜੱਜਾਂ ਵੱਲੋਂ ਕੋਈ ਪ੍ਰਬੰਧ ਨਹੀਂ ਕੀਤਾ ਗਿਆ ਸੀ। ਮੈਮੋਰੈਂਡਮ ਆਫ ਪ੍ਰੋਸੀਜਰ ਸਬੰਧੀ ਕਿਸੇ ਵੀ ਮੁੱਦੇ 'ਤੇ ਚੀਫ ਜਸਟਿਸ ਦੀ ਕਾਨਫਰੰਸ ਅਤੇ ਪੂਰੀ ਅਦਾਲਤ ਵਿਚ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਹ ਮਾਮਲਾ ਕਾਫ਼ੀ ਮਹੱਤਵਪੂਰਨ ਹੈ ਤੇ ਜੇਕਰ ਨਿਆਂਪਾਲਿਕਾ ਨੂੰ ਇਸ 'ਤੇ ਵਿਚਾਰ ਕਰਨਾ ਹੈ, ਤਾਂ ਸਿਰਫ਼ ਸੰਵਿਧਾਨਕ ਬੈਂਚ ਨੂੰ ਇਹ ਜ਼ਿੰਮੇਵਾਰੀ ਮਿਲਣੀ ਚਾਹੀਦੀ ਹੈ।

ਉਪਰੋਕਤ ਘਟਨਾ ਨੂੰ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ। ਭਾਰਤ ਦੇ ਚੀਫ ਜਸਟਿਸ ਦਾ ਕਰਤੱਵ ਹੈ ਕਿ ਇਸ ਹਾਲਤ ਨੂੰ ਸੁਲਝਾਉਣ ਤੇ ਕਾਲਜੀਅਮ ਦੇ ਦੂਜੇ ਮੈਂਬਰਾਂ ਦੇ ਨਾਲ ਅਤੇ ਬਾਅਦ ਵਿਚ ਇਸ ਅਦਾਲਤ ਦੇ ਜੱਜਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਸੁਧਾਰਵਾਦੀ ਕਦਮ ਚੁੱਕੇ। ਇੱਕ ਵਾਰ ਤੁਹਾਡੇ ਵੱਲੋਂ ਆਰ. ਪੀ. ਲੂਥਰਾ ਬਨਾਮ ਭਾਰਤੀ ਲੋਕਤੰਤਰ ਨਾਲ ਜੁੜੇ 27 ਅਕਤੂਬਰ, 2017 ਦੇ ਹੁਕਮ ਦੇ ਮਾਮਲੇ ਨੂੰ ਨਿਬੇੜ ਲਿਆ ਜਾਵੇ। ਫਿਰ ਉਸ ਤੋਂ ਬਾਅਦ ਜੇਕਰ ਲੋੜ ਪਈ, ਤਾਂ ਅਸੀਂ ਤੁਹਾਨੂੰ ਇਸ ਅਦਾਲਤ ਵੱਲੋਂ ਪਾਸ ਦੂਜੇ ਅਜਿਹੇ ਨਿਆਂਇਕ ਹੁਕਮਾਂ ਬਾਰੇ ਦੱਸਾਂਗੇ, ਜਿਨ੍ਹਾਂ ਨਾਲ ਇਸੇ ਤਰ੍ਹਾਂ ਨਿਪਟਿਆ ਜਾਣਾ ਚਾਹੀਦਾ ਹੈ।

ਧੰਨਵਾਦ,

**ਜੇ ਚੇਲਮੇਸ਼ਵਰ, ਰੰਜਨ ਗੋਗੋਈ, ਮਦਨ ਬੀ ਲੋਕੁਰ, ਕੁਰੀਅਨ ਜੋਸਫ।**

# ਅਕਾਲੀਆਂ ਨੇ ਰੱਜ ਕੇ ਕੀਤਾ ਆਪਣਾ ਹੀ ਗੁਣ-ਗਾਣ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼:**
ਮੇਲਾ ਮਾਘੀ ਮੌਕੇ ਅਕਾਲੀ ਦਲ ਦੀ ਕਾਨਫਰੰਸ ਵਿੱਚ ਕਾਂਗਰਸ ਦੇ ਦਸ ਮਹੀਨਿਆਂ ਦੇ ਕਾਰਜਕਾਲ ਦੀ ਰੱਜ ਕੇ ਚੀਰਫਾੜ ਕੀਤੀ ਗਈ ਤੇ ਸਿੱਟਾ ਕੱਢਿਆ ਗਿਆ ਕਿ ਕਾਂਗਰਸ ਨੇ ਕਿਸੇ ਦਾ ਕੋਈ ਭਲਾ ਨਹੀਂ ਕੀਤਾ। ਆਗੂਆਂ ਨੇ ਦਾਅਵਾ ਕੀਤਾ ਕਿ ਅਕਾਲੀ ਦਲ ਨੇ ਪੰਜਾਬ ਵਿੱਚ ਰੱਜ ਕੇ ਵਿਕਾਸ ਕੀਤਾ ਹੈ। ਸਾਬਕਾ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ, ਕਾਂਗਰਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਦੀਆਂ ਕਮੀਆਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੇ ਜੋ ਕਿਹਾ, ਉਹ ਕਰ ਕੇ ਵਿਖਾਇਆ। ਕਰਜ਼ਾ ਮੁਆਫ਼ੀ ਦੀ ਨਿਗੂਣੀ ਰਾਹਤ ’ਤੇ ਵੀ ਉਨ੍ਹਾਂ ਚੋਟ ਕਰਦਿਆਂ ਕਿਹਾ ਕਿ ਖੇਤ ਮਜ਼ਦੂਰਾਂ ਨੂੰ ਅਸਲੋਂ ਹੀ ਵਿਸਾਰ ਦਿੱਤਾ ਹੈ।


ਸੁਖਬੀਰ ਸਿੰਘ ਬਾਦਲ ਤੇ ਵਿਜੈ ਸਾਂਪਲਾ ਕੋਈ ਨੁਕਤਾ ਵਿਚਾਰਦੇ ਹੋਏ।

ਉਨ੍ਹਾਂ ਕਾਂਗਰਸ ਦੇ ਰਾਜ ’ਚ ਲੋਕਾਂ ਕੋਲੋਂ ਨਜ਼ਰਾਨਾ ਵਸੂਲੀ ਦੇ ਸਿੱਧੇ ਦੋਸ਼ ਲਾਉਂਦਿਆਂ ਕਿਹਾ ਕਿ ਬਠਿੰਡਾ ਦੇ ਲੋਕਾਂ ਤੋਂ ਮਨਪ੍ਰੀਤ ਸਿੰਘ ਦਾ ਸਾਲਾ ਕਥਿਤ ਤੌਰ ’ਤੇ ਗੁੰਡਾ ਟੈਕਸ ਉਗਰਾਉਂਦਾ ਹੈ, ਜੋ ’ਜੋਜੋ ਟੈਕਸ’ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਮਲੋਟ ਤੋਂ ਵਿਧਾਇਕ ਤੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ’ਤੇ ਵੀ ਵਿਅੰਗ ਕਰਦਿਆਂ ਉਨ੍ਹਾਂ ਨੂੰ ’ਆਲ ਪਾਰਟੀ ਮੈਨ’ ਦੱਸਿਆ। ਸਾਬਕਾ ਮਾਲ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੇ ਕਾਂਗਰਸ ਸਰਕਾਰ ਨੂੰ ਖ਼ਰੀਆਂ ਖਰੀਆਂ ਸੁਣਾਈਆਂ। ਕਾਨਫਰੰਸ ਦੌਰਾਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਗ਼ੈਰਹਾਜ਼ਰ ਰਹਿਣਾ ਵੀ ਚਰਚਾ ਦਾ ਵਿਸ਼ਾ ਰਿਹਾ।

### ਸਾਂਪਲਾ ਵਲੋਂ 2019 ਦੀਆਂ ਚੋਣਾਂ ਦੀ ਤਿਆਰੀ ਦਾ ਸੱਦਾ

ਕਾਨਫਰੰਸ ’ਚ ਪੁੱਜੇ ਸੂਬਾ ਭਾਜਪਾ ਦੇ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੈ ਸਾਂਪਲਾ ਨੇ 2019 ਦੀਆਂ ਚੋਣਾਂ ਸਬੰਧੀ ਤਿਆਰ ਰਹਿਣ ਦੀ ਤਾਕੀਦ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਵਿੱਚ ਮੰਤਰੀ ਅਤੇ ਕਾਂਗਰਸੀ ਆਗੂ ਸ਼ਰ੍ਹੇਆਮ ਲੋਕਾਂ ਨੂੰ ਧਮਕੀਆਂ ਦੇ ਰਹੇ ਹਨ।

# ਮੇਲਾ ਮਾਘੀ ਮੌਕੇ ਲੱਖਾਂ ਸੰਗਤਾਂ ਪੁੱਜੀਆਂ

**ਸ੍ਰੀ ਮੁਕਤਸਰ ਸਾਹਿਬ/ਬਿਊਰੋ ਨਿਊਜ਼:**
ਚਾਲੀ ਮੁਕਤਿਆਂ ਦੀ ਸ਼ਹਾਦਤ ਨੂੰ ਸਮਰਪਿਤ ਮੇਲਾ ਮਾਘੀ ਮੌਕੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿੱਚ ਨਤਮਸਤਕ ਹੋਈਆਂ। ਜਾਣਕਾਰੀ ਮੁਤਾਬਕ 13 ਜਨਵਰੀ ਦੀ ਰਾਤ 12 ਵਜੇ ਇਸ਼ਨਾਨ ਸ਼ੁਰੂ ਹੋਇਆ। ਦਰਬਾਰ ਸਾਹਿਬ ਵਿੱਚ ਸਵੇਰੇ 6 ਵਜੇ ਚਾਲੀ ਮੁਕਤਿਆਂ ਨਮਿੱਤ ਪਾਠ ਦੇ ਭੋਗ ਪਾਏ ਗਏ ਤੇ ਭਾਈ ਮਹਾਂ ਸਿੰਘ ਦੀਵਾਨ ਹਾਲ ਵਿੱਚ ਢਾਡੀ ਦਰਬਾਰ ਸਜਾਇਆ ਗਿਆ। ਅੱਜ ਭਾਵੇਂ ਸਾਰਾ ਦਿਨ ਮੌਸਮ ਸਾਫ਼ ਰਿਹਾ, ਪਰ ਫੇਰ ਵੀ ਪਿਛਲੇ ਵਰ੍ਹਿਆਂ ਦੇ ਮੁਕਾਬਲੇ ਬਾਜ਼ਾਰਾਂ ਵਿੱਚ ਭੀੜ ਘੱਟ ਸੀ। ਦੱਸਣਯੋਗ ਹੈ ਕਿ ਇਸ ਵਰ੍ਹੇ ਕਾਂਗਰਸ ਤੇ ਆਮ ਆਦਮੀ ਪਾਰਟੀ ਸਣੇ ਹੋਰ ਕਿਸਾਨ ਤੇ ਦੂਸਰੀਆਂ ਜਥੇਬੰਦੀਆਂ ਨੇ ਕਾਨਫਰੰਸਾਂ ਨਹੀਂ ਕੀਤੀਆਂ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਸ ਕਰਕੇ ਵੀ ਸੰਗਤ ਘੱਟ ਜੁੜੀ ਹੋ ਸਕਦੀ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅਜਲੌਦ ਤੋਂ ਆਏ ਗੱਜੂ ਸਿੰਘ ਨੇ ਕਿਹਾ ਕਿ ਪਹਿਲਾਂ ਤਾਂ ਸੜਕ ਉਪਰੋਂ ਲੰਘਣਾ ਹੀ ਔਖਾ ਹੋ ਜਾਂਦਾ ਸੀ ਤੇ ਭੀੜ ਵਿੱਚ ਡਿੱਗਿਆ ਬੰਦਾ ਉਠ ਨਹੀਂ ਸੀ ਸਕਦਾ, ਪਰ ਇਸ ਵਾਰ ਅਜਿਹਾ ਨਹੀਂ ਸੀ। ਇਸ ਦੌਰਾਨ ਬਾਜ਼ਾਰਾਂ ਵਿੱਚ ਗਰਮ ਕੱਪੜੇ, ਲੱਕੜ ਤੇ ਕੱਚ ਦੇ ਸਾਮਾਨ ਦੀਆਂ ਦੁਕਾਨਾਂ ਵੱਡੀ ਗਿਣਤੀ ਵਿੱਚ ਲੱਗੀਆਂ। ਭਲਕੇ ਧਾਰਮਿਕ ਮੇਲਾ ਸਮਾਪਤ ਹੋ ਜਾਵੇਗਾ।


ਮਾਘੀ ਮੇਲੇ ਮੌਕੇ ਪਵਿੱਤਰ ਸਰੋਵਰ ’ਚ ਇਸ਼ਨਾਨ ਕਰਨ ਲਈ ਜੁੜੇ ਸ਼ਰਧਾਲੂ।

## ਘੱਟ ਗਿਣਤੀਆਂ ’ਤੇ ਵਧ ਰਹੇ ਜ਼ੁਲਮਾਂ ਦੀ ਅਕਾਲੀ ਦਲ (ਅ) ਵੱਲੋਂ ਨਿਖੇਧੀ

**ਸ੍ਰੀ ਮੁਕਤਸਰ ਸਾਹਿਬ:** ਮੇਲਾ ਮਾਘੀ ਮੌਕੇ ਡੇਰਾ ਭਾਈ ਮਸਤਾਨ ਸਿੰਘ ਵਿੱਚ ਅਕਾਲੀ ਦਲ (ਅ) ਵੱਲੋਂ ਵੀ ਕਾਨਫਰੰਸ ਕੀਤੀ ਗਈ। ਇਸ ਮੌਕੇ ਦਲ ਦੇ ਪ੍ਰਧਾਨ ਸਿਮਰਜੀਤ ਸਿੰਘ ਮਾਨ, ਜਨਰਲ ਸਕੱਤਰ ਅਮਰੀਕ ਸਿੰਘ ਬੱਬੇਵਾਲ, ਪ੍ਰੋ. ਮਹਿੰਦਰਪਾਲ ਸਿੰਘ, ਈਮਾਨ ਸਿੰਘ ਮਾਨ, ਦਿੱਲੀ ਇਕਾਈ ਦੇ ਪ੍ਰਧਾਨ ਸੰਸਾਰ ਸਿੰਘ, ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਬਰੀਵਾਲਾ, ਸੁਰਜੀਤ ਸਿੰਘ ਅਰਾਈਆਂਵਾਲਾ ਤੇ ਗੁਰਬਖਸ਼ ਸਿੰਘ ਰੂਬੀ ਨੇ ਕਿਹਾ ਕਿ ਦੇਸ਼ ਵਿੱਚ ਘੱਟ ਗਿਣਤੀਆਂ ’ਤੇ ਜ਼ੁਲਮ ਲਗਾਤਾਰ ਜਾਰੀ ਹਨ। ਇਸ ਮੌਕੇ ਕਈ ਕੌਮੀ ਅਤੇ ਧਾਰਮਿਕ ਮਤੇ ਵੀ ਪਾਸ ਕੀਤੇ ਗਏ, ਜਿਨ੍ਹਾਂ ਵਿੱਚ ਜਾਤਪਾਤ ਨੂੰ ਉਭਾਰਨ ਦੇ ਅਮਲਾਂ ਨੂੰ ਹਰ ਕੀਮਤ ’ਤੇ ਖ਼ਤਮ ਕਰਨ, ਅਮਰੀਕਾ, ਕੈਨੇਡਾ, ਬਰਤਾਨੀਆ ਤੇ ਜਰਮਨੀ ਦੇ ਸਿੱਖਾਂ ਵੱਲੋਂ ਗੁਰੂਘਰਾਂ ’ਚ ਭਾਰਤ ਦੇ ਸਰਕਾਰੀ ਅਧਿਕਾਰੀਆਂ ਦੇ ਦਾਖ਼ਲੇ ਦਾ ਸਵਾਗਤ ਕਰਨ, ਪੰਜਾਬ ਦੇ ਪਾਣੀਆਂ, ਹੈੱਡਵਰਕਸ, ਪੰਜਾਬੀ ਬੋਲਦੇ ਇਲਾਕਿਆਂ ਦੇ ਮਸਲੇ ਦਾ ਸਹੀ ਹੱਲ ਕਰਨ ਦੇ ਮਤੇ ਸ਼ਾਮਲ ਹਨ। ਬੁਲਾਰਿਆਂ ਨੇ ਕਿਹਾ ਧਰਮ ਤੇ ਰਾਜਨੀਤੀ ਇਕੱਠੀ ਹੈ, ਇਸ ਕਰਕੇ ਧਾਰਮਿਕ ਮੇਲਿਆਂ ’ਚ ਰਾਜਨੀਤਕ ਕਾਨਫਰੰਸਾਂ ਹੋਣੀਆਂ ਚਾਹੀਦੀਆਂ ਹਨ।

## 40 ਮੁਕਤਿਆਂ ਨੂੰ ਕੀਤਾ ਸਿਜਦਾ

**ਸ੍ਰੀ ਮੁਕਤਸਰ ਸਾਹਿਬ:-** ਸ੍ਰੀ ਮੁਕਤਸਰ ਸਾਹਿਬ ਵਿਖੇ 40 ਮੁਕਤਿਆਂ ਦੀ ਯਾਦ ’ਚ ਮਾਘੀ ਜੋੜ ਮੇਲੇ ਮੌਕੇ ਦੇਸ਼-ਵਿਦੇਸ਼ ’ਚੋਂ ਵੱਡੀ ਗਿਣਤੀ ’ਚ ਸੰਗਤ ਪਹੁੰਚੀ ਅਤੇ ਪਵਿੱਤਰ ਮੁਕਤ ਸਰੋਵਰ ’ਚ ਇਸ਼ਨਾਨ ਕੀਤਾ ਤੇ ਸ੍ਰੀ ਮੁਕਤਸਰ ਸਾਹਿਬ ਦੇ ਅਮਰ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲਾਗੋਂਵਾਲ ਨੇ ਵੀ ਗੁਰਦੁਆਰਾ ਟੁੱਟੀ ਗੰਢੀ ਸਾਹਿਬ (ਸ੍ਰੀ ਦਰਬਾਰ ਸਾਹਿਬ) ਵਿਖੇ ਮੱਥਾ ਟੇਕਿਆ ਤੇ 40 ਮੁਕਤਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਭਾਈ ਲੌਂਗੋਵਾਲ ਕਿਹਾ ਕਿ ਸਿੱਖ ਇਤਿਹਾਸ ਕੁਰਬਾਨੀਆਂ ਭਰਿਆ ਹੈ ਅਤੇ ਇਸ ਤੋਂ ਨੌਜਵਾਨ ਪੀੜ੍ਹੀ ਨੂੰ ਸੇਧ ਲੈਣ ਦੀ ਲੋੜ ਹੈ।



## ਅਕਾਲੀਆਂ ਨੇ ਕਾਂਗਰਸੀ ਆਗੂ ਦੇ ਬਿਆਨ ਵਿਰੁਧ ਕੈਪਟਨ ਦੇ ਮਹਿਲ ਵੱਲ ਰੋਸ ਮਾਰਚ ਕੀਤਾ

**ਪਟਿਆਲਾ/ਬਿਊਰੋ ਨਿਊਜ਼,** ਕਾਂਗਰਸੀ ਆਗੂ ਵੱਲੋਂ ਪੰਚਾਇਤੀ ਚੋਣਾਂ ਵੇਲੇ ਦਿੱਤੇ ਵਿਵਾਦਿਤ ਬਿਆਨ ’ਤੇ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੇ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦੀ ਅਗਵਾਈ ਵਿੱਚ ਸੋਮਵਾਰ ਨੂੰ ਇੱਥੇ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਵਾਲੇ ਮੋਤੀ ਮਹਿਲ ਵੱਲ ਰੋਸ ਮਾਰਚ ਕੀਤਾ ਤਾਂ ਪੁਲੀਸ ਨੇ ਉਨ੍ਹਾਂ ਨੂੰ ਪੋਲੋ ਗਰਾਊਂਡ ਕੋਲ ਰੋਕ ਲਿਆ। ਅਕਾਲੀ ਵਰਕਰ ਉੱਥੇ ਹੀ ਧਰਨਾ ਲਾ ਕੇ ਬੈਠ ਗਏ।

ਪ੍ਰਾਪਤ ਜਾਣਕਾਰੀ ਅਨੁਸਾਰ ਕਾਂਗਰਸੀ ਆਗੂ ਵੱਲੋਂ ਪੰਚਾਇਤੀ ਚੋਣਾਂ ਵੇਲੇ ਕਿਰਪਾਨਾਂ ਵੰਡਣ ਤੇ ਵਿਰੋਧੀਆਂ ਨੂੰ ਵੱਢਣ ਆਦਿ ਦੇ ਦਿੱਤੇ ਕਥਿਤ ਬਿਆਨ ’ਤੇ ਪੰਜਾਬ ਸਰਕਾਰ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਨਿਊ ਮੋਤੀ ਮਹਿਲ ਅੱਗੇ ਧਰਨਾ ਦੇਣ ਦੇ ਉਲੀਕੇ ਪ੍ਰੋਗਰਾਮ ਤਹਿਤ ਇੱਥੇ ਇੱਕਠੇ ਹੋਏ ਅਕਾਲੀ ਕਾਰਕੁਨਾਂ ਨੂੰ ਪੁਲੀਸ ਨੇ ਗੁਰਦੁਆਰਾ ਸਿੰਘ ਸਭਾ ਵਿੱਚ ਨਜ਼ਰਬੰਦ ਕਰ ਦਿੱਤਾ। ਇਸ ਕਾਰਵਾਈ ਦਾ ਅਕਾਲੀਆਂ ਨੇ ਤਿੱਖਾ ਵਿਰੋਧ ਕੀਤਾ। ਕਰੀਬ ਦੋ ਘੰਟਿਆਂ ਬਾਅਦ ਪੁਲੀਸ ਨੇ ਗੁਰਦੁਆਰੇ ਦੇ ਗੇਟ ਖੋਲ੍ਹੇ ਤਾਂ ਅਕਾਲੀ ਵਰਕਰਾਂ ਨੇ ਪ੍ਰੋ. ਚੰਦੂਮਾਜਰਾ ਦੀ ਅਗਵਾਈ ਵਿੱਚ ਮੋਤੀ ਮਹਿਲ ਵੱਲ ਰੋਸ ਮਾਰਚ ਸ਼ੁਰੂ ਕੀਤਾ। ਇਸ ਰੋਸ ਮਾਰਚ ਨੂੰ ਪੁਲੀਸ ਨੇ ਮੋਤੀ ਮਹਿਲ ਤੋਂ ਪਿੱਛੇ ਪੋਲੋ ਗਰਾਊਂਡ ਕੋਲ ਬੈਰੀਕੇਡ ਲਾ ਕੇ ਰੋਕ ਲਿਆ। ਅਕਾਲੀ ਵਰਕਰ ਰੋਕ ਵਾਲੀ ਥਾਂ ’ਤੇ ਹੀ ਧਰਨਾ ਲਾ ਕੇ ਬੈਠ ਗਏ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਕਿਰਪਾਨਾਂ ਵੰਡਣ ਤੇ ਵੱਢਣ-ਵਢਾਉਣ ਦੇ ਦਿੱਤੇ ਭੜਕਾਊ ਬਿਆਨ ਦੇ ਮਾਮਲੇ ਵਿੱਚ ਕਾਂਗਰਸੀ ਆਗੂ ਹਰਿੰਦਰਪਾਲ ਸਿੰਘ ਹੈਰੀਮਾਨ ਖ਼ਿਲਾਫ਼ ਕੇਸ ਦਰਜ ਕਰਨ ਅਤੇ ਪੰਜਾਬੀ ’ਵਰਸਿਟੀ ਵਿੱਚ ਸਿੰਡੀਕੇਟ ਮੈਂਬਰ ਵਜੋਂ ਹੋਈ ਉਸ ਦੀ ਨਿਯੁਕਤੀ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ। ਅਕਾਲੀ ਦਲ ਦੀ ਜ਼ਿਲ੍ਹਾ ਜਥੇਬੰਦੀ ਵੱਲੋਂ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ, ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਤੇ ਸਨੌਰ ਹਲਕੇ ਦੇ ਅਕਾਲੀ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਦਿੱਤੇ ਗਏ ਇਸ ਧਰਨੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਐੱਸਡੀਐੱਮ ਪਟਿਆਲਾ ਨੇ ਧਰਨੇ ’ਚ ਪਹੁੰਚ ਕੇ ਮੰਗ ਪੱਤਰ ਲਿਆ। ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਇਨ੍ਹਾਂ ਮੰਗਾਂ ਨੂੰ ਜ਼ਿਲ੍ਹਾ ਮੈਜਿਸਟਰੇਟ ਜ਼ਰੀਏ ਪੰਜਾਬ ਸਰਕਾਰ ਤੱਕ ਪੁੱਜਦਾ ਕਰਨਗੇ।

# ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਭਾਰਤੀ ਅਧਿਕਾਰੀਆਂ ਦੇ ਗੁਰਦੁਆਰਿਆਂ ’ਚ ਦਾਖ਼ਲੇ ’ਤੇ ਪਾਬੰਦੀ ਨੂੰ ਜਾਇਜ਼ ਠਹਿਰਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਪ੍ਰਬੰਧਕ ਕਮੇਟੀਆਂ ਵਲੋਂ ਭਾਰਤੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਜਾਂ ਹੋਰ ਭਾਰਤੀ ਨੁਮਾਇੰਦਿਆਂ ਦੇ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਚ ਗੁਰਦੁਆਰਾ ਸਾਹਿਬਾਨ ਵਿਚ ਦਾਖਲੇ ’ਤੇ ਲਾਈ ਗਈ ਪਬੰਦੀ ਦਾ ਸਿੱਧੇ ਤੌਰ ’ਤੇ ਸਮਰਥਨ ਕਰਨ ਤੋਂ ਝਿਜਕ ਵਿਖਾਈ ਗਈ ਹੈ ਪਰ ਉਹਨਾਂ ਨੇ ਇਸ ਕਦਮ ਨੂੰ ਜਾਇਜ ਕਰਾਰ ਦਿੱਤਾ ਹੈ।

ਜਿਕਰਯੋਗ ਹੈ ਕਿ ਭਾਰਤ ਵਿਚ ਸਿੱਖਾਂ ਨਾਲ ਦਹਾਕਿਆਂ ਤੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਅਤੇ ਪੱਛਮੀ ਦੇਸ਼ਾਂ ਵਿਚ ਸਿੱਖਾਂ ਦੇ ਆਪਸੀ ਮਾਮਲਿਆਂ ਵਿਚ ਭਾਰਤੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਵਲੋਂ ਕੀਤੀ ਜਾ ਰਹੀ ਦਖ਼ਲਅੰਦਾਜੀ ਦੇ ਪ੍ਰਤੀਕਰਮ ਵਜੋਂ ਪ੍ਰਬੰਧਕ ਕਮੇਟੀਆਂ ਨੇ ਇਹ ਸਖ਼ਤ ਕਦਮ ਚੁਕਿਆ ਹੈ, ਜਿਸ ਦੀ ਦੁਨੀਆ ਭਰ ਵਿਚ ਚਰਚਾ ਹੈ। ਭਾਰਤ ਅੰਦਰ ਇਸ ਕਦਮ ਦਾ ਤਿੱਖਾ ਪ੍ਰਤੀਕਰਮ ਹੋਇਆ ਹੈ ਅਤੇ ਇਥੋਂ ਦੇ ਮੀਡੀਆ ਨੂੰ ਇਹ ਕਦਮ ਹਜ਼ਮ ਨਹੀਂ ਹੋ ਰਿਹਾ। ਕੌਮਾਂਤਰੀ ਪੱਧਰ ’ਤੇ ਇਸ ਕਦਮ ਨਾਲ ਭਾਰਤ ਦੇ ਅਕਸ ਨੂੰ ਵੱਡਾ ਧੱਕਾ ਲੱਗਾ ਹੈ ਕਿਉਂਕਿ ਇਸ ਨਾਲ ਇਸ ਦੇ ਧਾਰਮਿਕ ਘੱਟ ਗਿਣਤੀਆਂ ਨਾਲ ਕੀਤੇ ਜਾ ਰਹੇ ਵਿਵਹਾਰ ਬਾਰੇ ਸਵਾਲੀਆ ਚਿੰਨ੍ਹ ਲਗਦਾ ਹੈ। ਇਸ ਮਾਮਲੇ ਵਿਚ ਕੱਲ ਤੱਕ ਗਿਆਨੀ ਗੁਰਬਚਨ ਸਿੰਘ ਵਲੋਂ ਚੁੱਪੀ ਸਾਧੀ ਰੱਖੀ ਪਰ ਸੋਮਵਾਰ ਨੂੰ ਉਹਨਾਂ ਨੇ ਇਸ ’ਤੇ ਮੂੰਹ ਖੋਲਿਆ ਹੈ। ਉਹਨਾਂ ਨੇ ਇਹ ਸਪੱਸ਼ਟ ਕੀਤਾ ਹੈ ਕਿ ਇਹ ਪਬੰਦੀ ਸਿਰਫ ਗੁਰਦੁਆਰਾ ਸਾਹਿਬ ਅੰਦਰ ਭਾਸ਼ਣ ਕਰਨ, ਸਨਮਾਨ ਲੈਣ ਵਰਗੀਆਂ ਕਾਰਵਾਈਆਂ ਤੱਕ ਸੀਮਤ ਹੈ। ਉਹਨਾਂ ਕਿਹਾ ਕਿ ਬਤੌਰ ਸ਼ਰਧਾਲੂ ਕੋਈ ਵੀ ਇਨਸਾਨ ਗੁਰਦੁਆਰੇ ਆ ਜਾ ਸਕਦਾ ਹੈ ਅਤੇ ਉਥੇ ਮੱਥਾ ਟੇਕ ਸਕਦਾ ਹੈ। ਉਹਨਾਂ ਕਿਹਾ ਕਿ ਇਕ ਸ਼ਰਧਾਲੂ ਦੇ ਤੌਰ ’ਤੇ ਕਿਸੇ ਨੂੰ ਵੀ ਗੁਰਦੁਆਰਾ ਸਾਹਿਬਾਨ ਦੇ ਅੰਦਰ ਗੁਰਬਾਣੀ-ਕਥਾ-ਕੀਰਤਨ ਸੁਣਨ ਅਤੇ ਸੇਵਾ ਕਰਨ ਦੀ ਖੁੱਲ੍ਹ ਹੈ। ’ਪਰ ਭਾਰਤੀ ਮੀਡੀਆ ਵਲੋਂ ਇਹ ਜਚਾਇਆ ਜਾ ਰਿਹਾ ਹੈ ਕਿ ਉਹਨਾਂ ਦੇ ਦਾਖ਼ਲੇ ’ਤੇ ਹੀ ਮੁਕੰਮਲ ਪਬੰਦੀ ਲਾ ਦਿੱਤੀ ਗਈ ਹੈ, ਜੋ ਕਿ ਗਲਤ ਜਾਣਕਾਰੀ ਹੈ’ ਇਹ ਕਹਿਣਾ ਦੇ ਗਿਆਨੀ ਗੁਰਬਚਨ ਸਿੰਘ ਦਾ। ਉਹਨਾਂ ਕਿਹਾ ਹੈ ਕਿ ਜਿਥੋਂ ਤੱਕ ਭਾਸ਼ਣ ਜਾਂ ਹੋਰ ਇਹੋ ਜਿਹੀ ਕੋਈ ਜਨਤਕ ਕਾਰਵਾਈ ਦਾ ਸਬੰਧ ਹੈ, ਉਸ ਸਬੰਧੀ ਪ੍ਰਬੰਧਕ ਕਮੇਟੀ ਨੂੰ ਅਧਿਕਾਰ ਹੈ ਕਿ ਉਹ ਕਿਸੇ ਨੂੰ ਉਥੋਂ ਦੀ ਸਟੇਜ ਉਪਰ ਬੋਲਣ ਦੇਵੇ ਜਾਂ ਨਾ। ਉਹਨਾਂ ਕਿਹਾ ਕਿ ਗੁਰਦੁਆਰਾ ਕਮੇਟੀਆਂ ਦੁਆਰਾ ਅਜਿਹੇ ਕਦਮ ਚੁੱਕਣ ਪਿੱਛੇ ਖਾਸ ਕਾਰਨ ਸਨ। ਇਸ ਪਿਛੇ ਇਕ ਵੱਡਾ ਕਾਰਨ ਸੀ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲਅੰਦਾਜੀ ਕਰਨਾ ਜੋ ਕਿ ਸਰਾਸਰ ਗਲਤ ਹੈ।



### ਸ਼੍ਰੋਮਣੀ ਕਮੇਟੀ ਨੇ ਚੁੱਪੀ ਸਾਧੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਇਸ ਮਸਲੇ ’ਤੇ ਪੂਰੀ ਖਾਮੋਸ਼ੀ ਧਾਰੀ ਹੋਈ ਹੈ ਅਤੇ ਉਹ ਅਜਿਹੇ ਮਸਲੇ ’ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ, ਭਾਂਵੇਂ ਮੀਡੀਆ ਕਰਮੀਆਂ ਵਲੋਂ ਉਹਨਾਂ ਦਾ ਪ੍ਰਤੀਕਰਮ ਜਾਣਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ।

ਪਬੰਦੀ ਲਾਉਣ ਪਿੱਛੇ ਦੂਜਾ ਵੱਡਾ ਕਾਰਨ ਹੈ ਕਿ ਭਾਰਤ ਵਿਚ ਸਿੱਖਾਂ ਨੂੰ ਨਵੰਬਰ 1984 ਦੇ ਸਿੱਖ ਨਸਲਕੁਸ਼ੀ ਅਤੇ ਸਾਕਾ ਜੂਨ ਚੁਰਾਸੀ ਦੇ ਮਾਮਲਿਆਂ ਵਿਚ ਅਜੇ ਤੱਕ ਕੋਈ ਇੰਨਸਾਫ ਨਹੀਂ ਮਿਲਿਆ। ਇਸ ਤੋਂ ਇਲਾਵਾ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੇ ਦਹਾਕਿਆਂ ਤੋਂ ਲੈ ਕੇ ਘਾਣ ਹੋ ਰਿਹਾ ਹੈ ਅਤੇ ਇੰਗਲੈਂਡ ਨਿਵਾਸੀ ਸਿੱਖ ਨੌਜਵਾਨ ਸ. ਜਗਤਾਰ ਸਿੰਘ ਜੱਗੀ ਜੋਹਲ ਦਾ ਮਾਮਲਾ ਇਸ ਦੀ ਤਾਜ਼ਾ ਮਿਸਾਲ ਹੈ।

ਇਹਨਾਂ ਕਾਰਨਾਂ ਨਾਲ ਸਹਿਮਤ ਹੁੰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ’ਕੀ ਇਸ ਵਿਚ ਕੋਈ ਸ਼ੱਕ ਹੈ ਕਿ ਭਾਰਤ ਵਿਚ ਸਿੱਖਾਂ ਨੂੰ ਅਜੇ ਤੱਕ ਕੋਈ ਨਿਆਂ ਨਹੀਂ ਮਿਲ ਰਿਹਾ’। ਜਿਕਰਯੋਗ ਹੈ ਕਿ ਸ਼ੁਰੂਆਤ ਵਿਚ ਕੈਨੇਡਾ ਦੇ ਓਂਟਾਰੀਓ ਵਿਚ ਪੈਂਦੇ 14 ਗੁਰਦੁਆਰਾ ਸਾਹਿਬਾਨਾਂ ਵਿਚ ਸਬੰਧਤ ਪ੍ਰਬੰਧਕ ਕਮੇਟੀਆਂ ਵਲੋਂ ਪਬੰਦੀ ਲਾਈ ਗਈ ਸੀ। ਹੋਲੀ ਹੋਲੀ ਇਹ ਪਬੰਦੀ ਇੰਗਲੈਂਡ ਅਤੇ ਸੰਯੁਤਕ ਰਾਜ ਅਮਰੀਕਾ ਤੱਕ ਫੈਲ ਗਈ। ਆਉਂਦੇ ਦਿਨਾਂ ਵਿਚ ਇਹ ਪਬੰਦੀ ਹੋਰ ਦੇਸ਼ਾਂ ਅਤੇ ਗੁਰਦੁਆਰਿਆਂ ਵਿਚ ਲਾਗੂ ਹੋਣ ਦੇ ਆਸਾਰ ਹਨ।

# ਸਰਨਾ ਨੇ ਤਾਜ਼ਾ ਘਟਨਾਕ੍ਰਮ ਨੂੰ ਸ਼੍ਰੋਮਣੀ ਕਮੇਟੀ ਦਾ ਅਸਫ਼ਲਤਾ ਕਰਾਰ ਦਿੱਤਾ

**ਅੰਮ੍ਰਿਤਸਰ/ਬਿਊਰੋ ਨਿਊਜ਼:** ਅਕਾਲੀ ਦਲ-ਦਿੱਲੀ ਦੇ ਪ੍ਰਧਾਨ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਜੋ ਕਿ ਚੀਫ ਖ਼ਾਲਸਾ ਦੀਵਾਨ ਦੇ ਗੱਦੀਓਂ ਲਾਹੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੇ ਪੁੱਤਰ ਦੇ ਭੋਗ ਸਮਾਗਮ ਵਿਚ ਸ਼ਾਮਲ ਹੋਣ ਆਏ ਸਨ, ਦਾ ਕਹਿਣਾ ਹੈ ਕਿ ਭਾਵੇਂ ਉਹ ਕਿਸੇ ਵੀ ਵਿਅਕਤੀ ਦੇ ਗੁਰਦੁਆਰਾ ਸਾਹਿਬ ’ਚ ਦਾਖਲੇ ’ਤੇ ਕਿਸੇ ਕਿਸਮ ਦੀ ਪਾਬੰਦੀ ਦੇ ਖਿਲਾਫ ਹਨ ਪਰ ਅਜਿਹੇ ਹਾਲਾਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਜ਼ਿੰਮੇਵਾਰ ਰਹੀ ਹੈ ਜੋ ਕਿ ਵਿਦੇਸ਼ਾਂ ਦੀਆਂ ਗੁਰਦੁਆਰਾ ਕਮੇਟੀਆਂ ਨਾਲ ਤਾਲਮੇਲ ਨਹੀਂ ਕਰ ਸਕੀਆਂ।

ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਉਕਤ ਕਮੇਟੀਆਂ ਤੱਕ ਪਹੁੰਚ ਕਰਕੇ ਉਹਨਾਂ ਨੂੰ ਇਸ ਦੇ ਕਾਰਨ ਪੁੱਛਣੇ ਚਾਹੀਦੇ ਸਨ ਅਤੇ ਮਸਲੇ ਨੂੰ ਸੁਲਝਾਉਣਾ ਚਾਹੀਦਾ ਸੀ।

ਸਰਨਾ ਨੇ ਭਾਰਤ ਦੀ ਵਪਾਰਿਕ ਰਾਜਧਾਨੀ ਵਜੋ ਜਾਣੇ ਜਾਂਦੇ ਮਹਾਂ ਨਗਰ ਮੁੰਬਈ ਵਿੱਚ ਤਖਤਾਂ ਦੇ ਜਥੇਦਾਰਾਂ ਤੇ ਵਿਸ਼ੇਸ਼ ਕਰਕੇ ਜਥੇਦਾਰ ਅਕਾਲ ਤਖਤ ਸਾਹਿਬ ਵੱਲੋ ਇੱਕ ਧਾਰਮਿਕ ਸਮਾਗਮ ਦੌਰਾਨ ਮਰਿਆਦਾ ਦੀਆ ਉਡਾਈਆ ਗਈਆ ਧੱਜੀਆ ਦਾ ਗੰਭੀਰ ਨੋਟਿਸ ਲੈਂਦਿਆਂ, ਸਿੱਖ ਸੰਗਤਾਂ ਨੂੰ ਜਥੇਦਾਰ ਦਾ ਪੂਰਣ ਰੂਪ ਵਿੱਚ ਬਾਈਕਾਟ ਦਾ ਸੱਦਾ ਦਿੰਦਿਆਂ ਕਿਹਾ ਕਿ ਉਹ ਤਖ਼ਤ ਸ੍ਰੀ ਹਜੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ ਨੂੰ ਪੱਤਰ ਲਿਖ ਕੇ ਮੰਗ ਕਰਨਗੇ ਕਿ ਇਸ ਸਮਾਗਮ ਵਿੱਚ ਭਾਗ ਲੈਣ ਵਾਲੇ ਵਿਸ਼ੇਸ਼ ਕਰਕੇ ਤਖ਼ਤਾਂ ਦੇ ਜਥੇਦਾਰਾਂ ਨੂੰ ਤਲਬ ਕਰਕੇ ਉਹਨਾਂ ਵਿਰੁੱਧ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਮੁੰਬਈ ਵਿੱਚ ਬਾਬਾ ਗੁਰਿੰਦਰ ਸਿੰਘ ਵੱਲੋ 5 ਤੋ 7 ਜਨਵਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਤੇ ਇਸ ਧਾਰਮਿਕ ਸਮਾਗਮ ਵਿੱਚ ਤਖ਼ਤਾਂ ਦੇ ਜਥੇਦਾਰਾਂ ਨੂੰ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿਘ ਤੋਂ ਇਲਾਵ ਚਾਰ ਤਖ਼ਤਾਂ ਦੇ ਜਥੇਦਾਰਾਂ ਨੇ ਇਸ ਸਮਾਗਮ ਵਿੱਚ ਸ਼ਮੂਲੀਅਤ ਕੀਤੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਜਿਸ ਤਰੀਕੇ ਨਾਲ ਮਰਿਆਦਾ ਦਾ ਘਾਣ ਕੀਤਾ ਉਸ ਨੂੰ ਲੈ ਕੇ ਸੰਗਤਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜੂਰੀ ਵਿੱਚ ਕੋਈ ਵੀ ਪਤਿਤ ਕੀਤਰਨ ਨਹੀਂ ਕਰ ਸਕਦਾ ਪਰ ਉਸ ਸਮਾਗਮ ਵਿੱਚ ਤਾਂ ਗਾਇਕ ਮੀਕਾ ਨੇ ਕੀਰਤਨ ਕੀਤਾ ਤੇ ਜਥੇਦਾਰ ਮੂਕ ਦਰਸ਼ਕ ਬਣੇ ਰਹੇ।



ਉਹਨਾਂ ਕਿਹਾ ਕਿ ਸਿਰੋਪੇ ਦੀ ਰਸਮ ਸਭ ਤੋਂ ਅਖੀਰ ਕੀਤੀ ਜਾਂਦੀ ਹੈ ਤੇ ਜਿਹੜੇ ਕੋਈ ਵਿਸ਼ੇਸ਼ ਵਿਅਕਤੀ ਹੋਣ ਉਹਨਾਂ ਨੂੰ ਹੀ ਸਿਰੋਪੇ ਦਿੱਤੇ ਜਾਂਦੇ ਹਨ ਪਰ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੀਰਤਨ ਰੋਕ ਕੇ ਫਿਲਮੀ ਹਸਤੀਆ ਨੂੰ ਸਿਰੋਪੇ ਦਿੱਤੇ ਜਿਹੜੇ ਕਿਸੇ ਵੀ ਤਰ੍ਹਾਂ ਸਿਰੋਪਾ ਲੈਣ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ ਸਨ। ਇਥੋਂ ਤੱਕ ਇੱਕ ਫਿਲਮੀ ਹਸਤੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਜਥੇਦਾਰ ਦੇ ਪੈਰਾਂ ’ਤੇ ਮੱਥਾ ਵੀ ਟੇਕਦੀ ਦੁਨੀਆ ਭਰ ਦੇ ਲੋਕਾਂ ਨੇ ਵੇਖੀ ਜਿਸ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੋਈ ਸਮਾਂ ਹੁੰਦਾ ਸੀ ਕਿ ਜਥੇਦਾਰ ਸਿਮਰਨ ਕਰਦੇ ਹੁੰਦੇ ਸਨ ਤੇ ਸੰਗਤਾਂ ਉਹਨਾਂ ਦੇ ਸਿਮਰਨ ਵੇਖ ਕੇ ਸਤਿਕਾਰ ਕਰਦੀਆਂ ਸਨ ਪਰ ਅੱਜ ਸਿਮਰਨ ਦੀ ਥਾਂ ਲਿਫਾਫਾ ਕਲਚਰ ਭਾਰੂ ਹੋ ਗਿਆ ਹੈ ਤੇ ਲਿਫਾਫੇ ਕਲਚਰ ਦੇ ਕਾਰਨ ਜਥੇਦਾਰ ਮਰਿਆਦਾ ਹੀ ਭੁੱਲ ਗਏ ਹਨ ਤੇ ਇਹਨਾਂ ਨੇ ਸਿੱਖੀ ਵੇਚ ਛੱਡੀ ਹੈ।

ਉਹਨਾਂ ਸਮੁੱਚੀਆ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਮਾਗਮ ਵਿੱਚ ਭਾਗ ਲੈਣ ਵਾਲੇ ਜਥੇਦਾਰਾਂ ਦਾ ਬਾਈਕਾਟ ਕਰਨ। ਉਹਨਾਂ ਕਿਹਾ ਕਿ ਉਹ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਨੂੰ ਪੱਤਰ ਲਿਖ ਕੇ ਮੰਗ ਕਰਨਗੇ ਕਿ ਮਰਿਆਦਾ ਦੀ ਉਲੰਘਣਾ ਕਰਨ ਵਾਲੇ ਤਖਤਾਂ ਦੇ ਜਥੇਦਾਰਾਂ ਦੇ ਵਿਰੁੱਧ ਮਰਿਆਦਾ ਅਨੁਸਾਰ ਕਾਰਵਾਈ ਕੀਤੀ ਜਾਵੇ ਕਿਉਂਕਿ ਸਮਾਗਮ ਵੀ ਉਹਨਾਂ ਦੇ ਅਧਿਕਾਰ ਖੇਤਰ ਵਾਲੇ ਮੁੰਬਈ ਸ਼ਹਿਰ ਵਿੱਚ ਹੋਇਆ ਹੈ। ਪਾਕਿਸਤਾਨ ਵਿੱਚ ਦੋ ਸਿੱਖਾਂ ਦੇ ਹੋਏ ਕਤਲਾਂ ਬਾਰੇ ਉਹਨਾਂ ਕਿਹਾ ਕਿ ਉਹ ਪਾਕਿਸਤਾਨ ਸਰਕਾਰ ਕੋਲੋਂ ਮੰਗ ਕਰਦੇ ਹਨ ਕਿ ਸਿੱਖਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਪਰ ਪਾਕਿਸਤਾਨ ਦੇ ਹਾਲਾਤ ਇਸ ਵੇਲੇ ਇਸ ਤਰ੍ਹਾਂ ਹਨ ਕਿ ਉਥੇ ਹਰ ਰੋਜ਼ ਕਈ ਕਤਲ ਹੋ ਰਹੇ ਹਨ ।

ACURA
AutoNation Acura Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek ’ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ ’ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ ’ਤੇ ਲੈ ਸਕਦੇ ਹੋ।

ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com



When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ ‘Jus Punjabi TV’ ਉੱਤੇ ਹਰ ਐਤਵਾਰ 4:00 ਵਜੇ ਅਤੇ ‘ਰੇਡੀਓ 1170AM’ ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



# ਇਨਸਾਫ਼ ਲਈ ਸਿੱਖਾਂ ਨੂੰ ਜੂਝਣਾ ਪਵੇਗਾ ਤੇ ਸੱਚ ਲਈ ਲੜਨਾ ਪਵੇਗਾ

## ਮਨੁੱਖੀ ਅਧਿਕਾਰਾਂ ਦੇ ਆਗੂ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨਾਲ ਮੁਲਾਕਾਤ

***ਮਨੁੱਖੀ ਅਧਿਕਾਰਾਂ ਦੇ ਆਗੂ ਰਾਜਵਿੰਦਰ ਸਿੰਘ ਬੈਂਸ ਐਡਵੋਕੇਟ ਹਾਈਕੋਰਟ ਪ੍ਰਸਿੱਧ ਪੰਥਕ ਆਗੂ ਤੇ ਮਨੁੱਖੀ ਅਧਿਕਾਰਾਂ ਲਈ ਜੂਝਣ ਵਾਲੇ ਨੇਤਾ ਜਸਟਿਸ ਅਜੀਤ ਸਿੰਘ ਬੈਂਸ ਦੇ ਹੋਣਹਾਰ ਸਪੁੱਤਰ ਹਨ, ਜਿਨ੍ਹਾਂ ਨੇ ਲਾਵਾਰਸ ਲਾਸ਼ਾਂ ਦੇ ਲਈ ਤੇ ਝੂਠੇ ਪੁਲੀਸ ਮੁਕਾਬਲਿਆਂ ਲਈ ਕਈ ਕੇਸ ਲੜੇ ਹਨ, ਉਹ ਇਮਾਨਦਾਰ ਸਖਸ਼ੀਅਤ ਹਨ, ਜਿਨ੍ਹਾਂ 'ਤੇ ਪੰਥ ਤੇ ਪੰਜਾਬ ਮਾਣ ਕਰ ਸਕਦਾ ਹੈ। ਬੀਤੇ ਦਿਨੀਂ ਉਨ੍ਹਾਂ ਨਾਲ ਗੱਲਬਾਤ ਹੋਈ, ਜਿਸ ਦੇ ਪ੍ਰਮੁੱਖ ਅੰਸ਼ ਪਾਠਕਾਂ ਲਈ ਪੇਸ਼ ਕੀਤੇ ਜਾ ਰਹੇ ਹਨ-***

**ਰਿਪੋਰਟ : ਪ੍ਰੋ. ਬਲਵਿੰਦਰਪਾਲ ਸਿੰਘ**

**ਸੁਆਲ -ਲਾਵਾਰਿਸ਼ ਲਾਸ਼ਾਂ ਦਾ ਕੀ ਇਤਿਹਾਸ ਹੈ ?**

ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ 3 ਅਪ੍ਰੈਲ 2012 ਨੂੰ 1513 ਸਿੱਖ ਪਰਿਵਾਰਾਂ ਨੂੰ 27.94 ਕਰੋੜ ਰੁਪਏ ਮੁਆਵਜ਼ੇ ਵਜੋਂ ਦੇਣ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਪਰਿਵਾਰ ਉਨ੍ਹਾਂ ਹਜ਼ਾਰਾਂ ਸਿੱਖ ਪਰਿਵਾਰਾਂ ਵਿਚ ਸ਼ਾਮਿਲ ਹਨ, ਜਿਨ੍ਹਾਂ ਦਾ ਕੋਈ ਨਾ ਕੋਈ ਜੀਅ 1984 ਤੋਂ ਲੈ ਕੇ 1994 ਤੱਕ ਦੇ ਖ਼ੂਨੀ ਦਹਾਕੇ ਦੌਰਾਨ, ਪੰਜਾਬ ਪੁਲਿਸ ਵੱਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ ਤੋਂ ਬਾਅਦ, ਲਾਵਾਰਸ ਕਰਾਰ ਦੇ ਕੇ ਸਾੜ ਦਿੱਤਾ ਗਿਆ ਸੀ। 16 ਸਾਲ ਦੀ ਲੰਬੀ ਅਦਾਲਤੀ ਜੱਦੋ-ਜਹਿਦ ਤੋਂ ਬਾਅਦ ਮਿਲੇ ਇਸ ਅਧੂਰੇ ਇਨਸਾਫ ਨੇ, ਜਿੱਥੇ ਭਾਰਤ ਦੇ ਨਿਆਂ ਪ੍ਰਬੰਧ ਦਾ ਖੋਖਲਾਪਣ ਸਾਬਿਤ ਕੀਤਾ ਹੈ, ਉੱਥੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੀ ਇਸ ਮਸਲੇ ਬਾਰੇ ਧਾਰੀ ਸਾਜ਼ਿਸ਼ੀ ਚੁੱਪ ਨੂੰ ਵੀ ਬੇਨਕਾਬ ਕੀਤਾ ਹੈ।

ਪੰਜਾਬ ਸੰਤਾਪ ਦੌਰਾਨ ਮਾਰੇ ਗਏ ਬੇਗੁਨਾਹ ਪੁਲੀਸ ਅਫ਼ਸਰਾਂ ਨੇ ਸਿੱਖ ਨੌਜਵਾਨਾਂ ਜਿਨ੍ਹਾਂ ਦੀਆਂ ਲਾਸ਼ਾਂ ਨੂੰ ਸ਼ਮਸ਼ਾਨ ਘਾਟਾਂ ਵਿਚ ਲਾਵਾਰਸ ਕਹਿ ਕੇ ਫੂਕ ਦਿੱਤਾ ਸੀ, ਦਾ ਪਰਦਾਫਾਸ਼ ਮਨੁੱਖੀ ਹੱਕਾਂ ਦੇ ਰਾਖੇ ਭਾਈ ਜਸਵੰਤ ਸਿੰਘ ਖਾਲੜਾ ਨੇ ਕੀਤਾ ਸੀ। ਇਸ ਕਰਕੇ ਉਨ੍ਹਾਂ ਨੂੰ ਵੀ ਆਪਣੀ ਜਾਨ ਗੁਆਉਣੀ ਪਈ ਸੀ। 6 ਸਤੰਬਰ 1995 ਨੂੰ ਉਨ੍ਹਾਂ ਨੂੰ ਘਰੋਂ ਚੁੱਕ ਲਿਆ ਗਿਆ। ਅੱਜ ਤੱਕ ਪਤਾ ਨਹੀਂ ਲਗ ਸਕਿਆ ਕਿ ਖਾਲੜਾ ਦਾ ਕੀ ਬਣਿਆ। ਖਾਲੜਾ ਤੋਂ ਬਾਅਦ ਇਹ ਮਿਸ਼ਨ ਜਸਟਿਸ ਅਜੀਤ ਸਿੰਘ ਬੈਂਸ, ਜਸਵੰਤ ਸਿੰਘ ਖਾਲੜਾ ਦੇ ਸਾਥੀਆਂ ਤੇ ਹੋਰ ਮਨੁੱਖੀ ਅਧਿਕਾਰ ਸੰਗਠਨਾਂ ਲਈ ਕਾਰਜ਼ਸ਼ੀਲ ਵਕੀਲਾਂ ਤੇ ਕਾਰਕੁੰਨਾਂ ਨੇ ਸੰਭਾਲਿਆ। ਸੁਪਰੀਮ ਕੋਰਟ ਨੇ ਬੀਬੀ ਪਰਮਜੀਤ ਕੌਰ ਖਾਲੜਾ ਦੀ ਅਪੀਲ 'ਤੇ ਲਾਵਾਰਸ ਲਾਸ਼ਾਂ ਬਾਰੇ ਸੀ ਬੀ ਆਈ ਨੂੰ ਆਦੇਸ਼ ਦਿੱਤੇ ਸਨ। ਸੀ. ਬੀ. ਆਈ. ਦੀ ਇਸ ਮਸਲੇ ਬਾਰੇ ਸੁਪਰੀਮ ਕੋਰਟ ਵਿਚ ਪੇਸ਼ ਕੀਤੀ ਗਈ ਪਹਿਲੀ ਰਿਪੋਰਟ ਵਿਚ ਹੀ ਇਹ ਦੱਸਿਆ ਗਿਆ ਸੀ ਕਿ ਪੰਜਾਬ ਪੁਲਿਸ ਨੇ 1990 ਤੋਂ 1995 ਤੱਕ ਇਨ੍ਹਾਂ, 2097 ਵਿਅਕਤੀਆਂ ਵਿਚੋਂ 984 ਵਿਅਕਤੀਆਂ ਨੂੰ 'ਲਾਵਾਰਿਸ' ਕਰਾਰ ਦੇ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਸੀ। ਸੀ ਬੀ ਆਈ ਨੇ ਆਪਣੀ 74 ਸਫ਼ਿਆਂ ਦੀ ਰਿਪੋਰਟ ਵਿਚ ਇਸ ਸਬੰਧੀ ਕਾਫੀ ਵੇਰਵੇ ਪੇਸ਼ ਕੀਤੇ ਸਨ, ਜਿਸ ਤੋਂ ਪਤਾ ਲਗਦਾ ਸੀ ਕਿ ਭੂਤਰੀ ਪੁਲਿਸ ਨੇ ਕਿਵੇਂ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕੀਤੀ ਹੈ ? ਸੀ. ਬੀ. ਆਈ. ਦੀ ਇਸ ਪਹਿਲੀ ਰਿਪੋਰਟ ਨੂੰ ਪੜ੍ਹ ਕੇ ਸੁਪਰੀਮ ਕੋਰਟ ਦੇ ਮਾਣਯੋਗ ਜੱਜਾਂ ਦੀ ਇਹ ਟਿੱਪਣੀ ਕਿੰਨੀ ਅਰਥ ਭਰਪੂਰ ਸੀ ਕਿ 'ਏਨੇ ਵਿਅਕਤੀਆਂ ਨੂੰ ਲਾਵਾਰਿਸ ਦੱਸ ਕੇ ਖ਼ਤਮ ਕਰਨਾ ਤਾਂ ਨਸਲਕੁਸੀ ਕਰਨ ਨਾਲੋਂ ਵੀ ਭੈੜਾ ਹੈ, 'ਅਸੀਂ ਇਹ ਦੇਖ ਕੇ ਹੈਰਾਨ ਹਾਂ ਕਿ ਇਹ ਸਭ ਕੁਝ ਲੋਕਰਾਜੀ ਢਾਂਚੇ ਵਿਚ ਵਾਪਰਿਆ ਹੈ।'



- ਲਾਵਾਰਸ ਲਾਸ਼ਾਂ ਦੇ ਇਸ ਮਾਮਲੇ ਵਿਚ ਜੱਜਾਂ ਨੇ ਇਨਸਾਫ਼ ਨਹੀਂ ਕੀਤਾ
- ਖਾਲੜਾ ਜੀ ਦੀ ਸ਼ਹਾਦਤ ਹਾਲੇ ਤੱਕ ਭਾਰਤ ਸਰਕਾਰ ਲਈ ਮਹਿੰਗੀ ਸਾਬਤ ਹੋ ਰਹੀ ਏ
- ਸਹੀ ਦਸਤਾਵੇਜ਼ ਇਕੱਤਰ ਨਾ ਕਰਨੇ, ਗਵਾਹਾਂ ਨੂੰ ਨਾ ਸਾਂਭਣਾ, ਸੁਰੱਖਿਆ ਨਾ ਦੇਣੀ ਸਾਡੀ ਹਾਰ ਦਾ ਕਾਰਨ
- ਸਿੱਖਾਂ ਦਾ ਭਵਿੱਖ ਉਜਵਲ, ਪੂਰੇ ਵਿਸ਼ਵ ਵਿਚ ਕਰ ਰਹੇ ਨੇ ਵਿਕਾਸ

ਪਰ ਬਾਅਦ ਵਿਚ ਸੱਤਾਧਾਰੀਆਂ ਦੇ ਇਸ਼ਾਰੇ 'ਤੇ ਸੀ. ਬੀ. ਆਈ. ਵੱਲੋਂ ਇਸ ਪੜਤਾਲ ਤੋਂ ਹੱਥ ਖਿੱਚ ਲਏ ਜਾਣ ਕਾਰਨ ਹੀ, ਸੁਪਰੀਮ ਕੋਰਟ ਨੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵਿਸ਼ੇਸ਼ ਅਖਤਿਆਰ ਦੇ ਕੇ, ਇਸ ਸਮੁੱਚੇ ਮਸਲੇ ਦੀ ਤੈਅ ਤੱਕ ਪਹੁੰਚਣ ਦਾ ਆਦੇਸ਼ ਦਿੱਤਾ ਸੀ। ਪਰ ਜਿਵੇਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਮਸਲੇ ਨੂੰ ਵਾਰ-ਵਾਰ ਲਟਕਾ ਕੇ, ਇਹ ਅਧੂਰਾ ਫੈਸਲਾ ਦਿੱਤਾ ਹੈ, ਉਸ ਨੇ ਇਨਸਾਫ਼ ਪਸੰਦ ਅਤੇ ਜਮਹੂਰੀ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ। ਪਰ ਇਸ ਅਧੂਰੇ ਫੈਸਲੇ ਨੇ ਵੀ ਸ: ਜਸਵੰਤ ਸਿੰਘ ਖਾਲੜਾ ਦੀ ਕੀਤੀ ਗਈ ਪੜਤਾਲ ਉੱਤੇ ਕਾਨੂੰਨੀ ਮੋਹਰ ਲਾ ਦਿੱਤੀ ਹੈ ਕਿ ਪੰਜਾਬ ਵਿਚ ਸਿੱਖਾਂ ਦੀ ਨਸਲਕੁਸ਼ੀ ਹੋਈ ਹੈ। ਇਸ ਮੌਕੇ ਪੰਜਾਬ ਸਰਕਾਰ ਦਾ ਫਰਜ਼ ਬਣਦਾ ਸੀ ਕਿ ਉਹ ਕਿਸੇ ਹਾਈ ਕੋਰਟ ਦੇ ਜੱਜ ਦੀ ਅਗਵਾਈ ਹੇਠ, ਉਸ ਨੂੰ ਪੂਰੇ ਅਧਿਕਾਰ ਦੇ ਕੇ, ਇਕ ਨਿਰਪੱਖ ਕਮਿਸ਼ਨ ਬਿਠਾਉਂਦੀ,ਜਿਹੜਾ ਇਸ ਸਮੁੱਚੇ ਵਰਤਾਰੇ ਦੀ ਜਾਂਚ ਕਰਦਾ ਅਤੇ ਲਾਵਾਰਿਸ ਕਰਾਰ ਦੇ ਕੇ ਸਾੜੀਆਂ ਗਈਆਂ ਸਿੱਖ ਨੌਜਵਾਨਾਂ ਦੀਆਂ ਕੁਲ ਲਾਸ਼ਾਂ ਦੇ ਵੇਰਵੇ ਇਕੱਤਰ ਕਰਵਾ ਕੇ ਕਾਤਲਾਂ ਨੂੰ ਯੋਗ ਸਜ਼ਾਵਾਂ ਦਿਵਾਉਂਦਾ ਤੇ ਇਸ ਦੇ ਨਾਲ ਹੀ ਉਨ੍ਹਾਂ ਦੇ ਵਾਰਿਸਾਂ ਨੂੰ ਢੁਕਵਾਂ ਮੁਆਵਜ਼ਾ ਵੀ ਦਿਵਾਉਂਦਾ।ਜੋ ਮੁਆਵਜ਼ੇ ਮਿਲੇ, ਉਹ ਮਨੁੱਖੀ ਅਧਿਕਾਰ ਕਮਿਸ਼ਨ ਕਾਰਨ ਮਿਲੇ, ਪਰ ਸਭਨਾਂ ਨੂੰ ਨਹੀਂ ਮਿਲੇ।

ਅਤਿ ਦੁਖਦਾਈ ਗੱਲ ਤਾਂ ਇਹ ਹੈ ਕਿ ਖਾਲੜਾ ਕਿਸੇ ਖਾੜਕੂ ਜਥੇਬੰਦੀ ਦਾ ਮੈਂਬਰ ਨਹੀਂ ਸੀ, ਸਗੋਂ ਅਕਾਲੀ ਦਲ (ਬਾਦਲ) ਦੇ ਮਨੁੱਖੀ ਅਧਿਕਾਰ ਵਿੰਗ ਦਾ ਜਨਰਲ ਸਕੱਤਰ ਸੀ। ਬਾਦਲ ਦਲ ਵੱਲੋਂ ਪੰਜ ਸਾਲ ਕੇਂਦਰ ਸਰਕਾਰ ਵਿਚ ਤੇ ਪੰਜਾਬ ਵਿਚ ਪੰਜਵੀਂ ਵਾਰ ਮੁੱਖ ਮੰਤਰੀ ਵਜੋਂ ਸੱਤਾ ਦਾ ਅਨੰਦ ਭੋਗਣ ਦੇ ਬਾਵਜੂਦ ਵੀ ਇਸ ਸ਼ਹੀਦ ਦੇ ਅਸਲ ਕਾਤਲ ਪੁਲੀਸ ਅਫ਼ਸਰਾਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਨਹੀਂ ਕੀਤਾ। ਜਦ ਸਿੱਖਾਂ ਦੇ ਲੀਡਰ ਹੀ, ਸਿੱਖਾਂ ਨਾਲ ਦਗਾ ਕਮਾਉਂਦੇ ਹੇ ਤਾਂ ਇਨਸਾਫ਼ ਕਿੱਥੋਂ ਮਿਲ ਸਕਦਾ ਸੀ ?

**ਸੁਆਲ-ਹੁਣ ਕੇਸ ਦਾ ਕੀ ਬਣ ਰਿਹਾ ਹੈ ?**

**ਜਵਾਬ**-27 ਕੇਸ ਸੀਬੀਆਈ ਕੋਰਟ ਵਿਚ ਚਲ ਰਹੇ ਹਨ ਤੇ 8 ਕੇਸ ਪੈਡਿੰਗ ਹਨ। ਅਦਾਲਤ ਦੇ ਜੱਜਾਂ ਨੇ ਕਾਨੂੰਨ ਅਨੁਸਾਰ ਭੂਮਿਕਾ ਨਹੀਂ ਨਿਭਾਈ, ਰਾਸ਼ਟਰਵਾਦੀ ਵਾਲੀ ਭੂਮਿਕਾ ਨਿਭਾਈ ਹੈ, ਜਿਸ ਅਨੁਸਾਰ ਇਹ ਪੱਖ ਪੇਸ਼ ਕੀਤਾ ਗਿਆ ਕਿ ਕਾਨੂੰਨ ਤੋਂ ਬਾਹਰ ਜਾ ਕੇ ਅੱਤਵਾਦੀ ਨੂੰ ਮਾਰਨਾ ਕੋਈ ਗੁਨਾਹ ਨਹੀਂ। ਇਹ ਗੱਲ ਜੱਜਾਂ ਦੇ ਦਿਮਾਗ ਵਿਚ ਵੀ ਬੈਠੀ ਤੇ ਉਨ੍ਹਾਂ ਨੇ ਇਸ ਮਾਮਲੇ ਵਿਚ ਇਨਸਾਫ਼ ਨਹੀਂ ਕੀਤਾ। ਕਤਲ ਤਾਂ ਕਤਲ ਹੈ, ਪਰ ਵਰਦੀ ਵਿਚ ਕਤਲ ਸਭ ਤੋਂ ਵੱਡਾ ਗੁਨਾਹ ਹੈ। ਪੁਲੀਸ ਨੂੰ ਅਪਰਾਧੀ ਨਹੀਂ ਬਣਾਇਆ ਜਾ ਸਕਦਾ। ਜੇ ਪੁਲੀਸ ਅਪਰਾਧੀ ਬਣ ਗਈ ਤਾਂ ਸਮਾਜ ਦਾ ਅਪਰਾਧੀਕਰਨ ਹੋ ਜਾਵੇਗਾ। ਇਹ ਸਭ ਪੰਜਾਬ ਵਿਚ ਵਾਪਰਿਆ। ਨੁਕਸਾਨ ਦੋਹਾਂ ਧਿਰਾਂ ਦਾ ਹੋਇਆ, ਚਾਹੇ ਉਹ ਹਥਿਆਰ ਚੁੱਕਣ ਵਾਲੇ ਸਨ, ਚਾਹੇ ਉਹ ਵਰਦੀ ਵਾਲੇ ਸਨ। ਜਦੋਂ ਇਨਸਾਫ਼ ਨਹੀਂ ਮਿਲਦਾ ਤਾਂ ਇਹੀ ਭਾਣਾ ਵਾਪਰਦਾ ਹੈ, ਜੋ ਪੰਜਾਬ ਵਿਚ ਵਾਪਰਿਆ। ਜੰਮੂ ਕਸ਼ਮੀਰ, ਝਾਰਖੰਡ ਵਿਚ ਵੀ ਇਹੀ ਕੁਝ ਵਾਪਰ ਰਿਹਾ ਹੈ। ਅਦਾਲਤਾਂ ਵਿਚ ਇਨਸਾਫ਼ ਨਹੀਂ ਮਿਲਦਾ, ਕੇਸ ਹੌਲੀ ਹੌਲੀ ਤੁਰਦੇ ਹਨ, ਗਵਾਹ ਮੁੱਕ ਜਾਂਦੇ ਹਨ, ਪਰ ਇਨਸਾਫ਼ ਨਹੀਂ ਹੁੰਦਾ। ਇਸੇ ਕਰਕੇ ਇਨਸਾਫ਼ ਲੈਣ ਲਈ ਲੋਕ ਕਾਨੂੰਨ ਤੋਂ ਬਾਹਰ ਦਾ ਰਸਤਾ ਅਪਨਾਉਂਦੇ ਨ। ਇਹ ਬੜੀ ਖਤਰਨਾਕ ਸਥਿਤੀ ਹੁੰਦੀ ਹੈ, ਜਿਸ ਨੂੰ ਭਾਰਤ ਸਰਕਾਰ ਨਹੀਂ ਸਮਝ ਰਹੀ। ਪੰਜਾਬ ਵਿਚ ਕਈ ਪੁਲੀਸ ਅਫ਼ਸਰਾਂ ਨੇ ਆਪਣੀਆਂ

**ਬਾਕੀ ਸਫ਼ਾ 29 'ਤੇ**

HOTHI FREIGHTLINES

HOTHI FREIGHTLINES

## ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

**ਗੁਰਜੀਤ ਸਿੰਘ ਹੋਠੀ (408) 332-9355**

**248 South Hillview Dr Milpitas CA 95035**

ਹੁਣ ਜਦੋਂ ਗ਼ੈਰ-ਹਿੰਦੂਸਤਾਨੀ ਗੁਰੂਘਰਾਂ ਚ, ਹਿੰਦੂਸਤਾਨੀ ਸਟੇਟ ਦੇ ਨੁੰਮਾਇੰਦਿਆਂ ਦੇ ਬੋਲਣ ਤੇ ਲੱਗੀ ਰੋਕ ਨੂੰ ਇਸ ਤਰਕ ਦਾ ਆਧਾਰ ਲੈ ਕੇ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਿੱਖਾਂ ਦੇ ਗੁਰੂਘਰ ਤਾਂ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ॥" (ਅੰਗ ੯੭) ਦਾ ਉਪਦੇਸ਼ ਦਿੰਦੇ ਨੇ ਤੇ ਸਿੱਖਾਂ ਵਲੋਂ ਲਿਆ ਗਿਆ ਇਹ ਫੈਸਲਾ ਸਿੱਖੀ ਦੇ ਬਿਲਕੁਲ ਉਲਟ ਏ, ਤਾਂ ਮੈਂ ਹਿੰਦੂਸਤਾਨੀਆਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਆਪਣੇ ਕਹਿਣ ਅਨੁਸਾਰ ਹਿੰਦੂ ਧਰਮ ਤਾਂ ਪਾਠ ਹੀ ਅਹਿੰਸਾ ਦਾ ਪੜ੍ਹਾਉਂਦਾ ਏ ਤੇ ਜਿੰਨੀ ਕੁ ਅਹਿੰਸਾ ਦਾ ਪਾਲਣ ਹਿੰਦੋਸਤਾਨ ਵਿੱਚ ਹੋ ਰਿਹਾ ਹੈ ਕਰਦੇ ਨੇ ਉਸਦੀਆਂ ਸੌਹਾਂ ਵੀ ਅੱਜ ਕੁੱਲ ਜਹਾਨ ਖਾ ਰਿਹੈ। ਹਰ ਤੀਜੇ ਦਿਨ ਇੱਕ ਖੋਜ ਸਾਹਮਣੇ ਆ ਰਹੀ ਹੈ ਕਿ ਹਿੰਦੂਸਤਾਨ ਚ ਹਰ ਘੱਟ ਗਿਣਤੀ ਕੌਮ ਦਾ ਬੁਰੀ ਤਰ੍ਹਾਂ ਨਾਲ਼ ਘਾਣ ਕੀਤਾ ਜਾ ਰਿਹਾ ਏ। ਹਾਂ, ਜੇ ਕਿਸੇ ਨੇ ਢੀਠਤਾਈ ਨਾਲ ਇਸ ਤੱਥ ਤੋਂ ਮੁਨਕਰ ਹੋਣਾ ਏ ਤਾਂ ਚਾਹੇ ਹੋਈ ਜਾਵੇ।

ਇੱਕ ਹੋਰ ਗੱਲ ਜੋ ਹਿੰਦੂ ਫਲਸਫੇ ਦਾ ਕੋਹੇਨੂਰ' ਹੈ ਉਹ ਹੈ ਇਸ ਧਰਮ ਦੀ ਮਨੌਤ ਕਿ ਹਿੰਦੂ ਫਲਸਫੇ ਦਾ ਇੱਕ ਬਹੁਤ ਵੱਡਾ ਸਿਧਾਂਤਕ ਐਲਾਨ "ਵਸੁਧੈਵ ਕੁਟੁਮ੍ਬਕਮ੍" (ਮਤਲਬ ਕਿ ਸਾਰਾ ਸੰਸਾਰ ਇੱਕ ਪਰਿਵਾਰ ਹੈ)। ਇਸ ਗੱਲ ਨੂੰ ਹਿੰਦੂ ਧਰਮ ਦੀ ਸਹਿਣਸ਼ੀਲਤਾ ਅਤੇ ਸਰਬ-ਸਮਾਨਤਾ ਦੇ ਪ੍ਰਤੀਕ ਵੱਜੋਂ ਦੱਸਿਆ ਜਾਂਦਾ ਹੈ। ਹਾਂ ਅੱਖਰੀ ਲੇਖਣੀ ਚ ਇਹ ਇਬਾਰਤ ਬਹੁਤ ਮਨ-ਲੁਭਾਵੀ ਏ ਪਰ ਅਮਲੀ ਤੌਰ ਤੇ ਇਹ ਇਬਾਰਤ ਉਸ ਅਸਹਿਣਸ਼ੀਲ ਮੁਲਕ ਚ ਇੱਕ "ਪਾਪ ਵਰਗੇ ਝੂਠ" ਦੇ ਬਰੋਬਰ ਏ, ਜਿੱਥੇ ਲੋਕਾਂ ਦਾ, ਭਾਈਚਾਰਿਆਂ ਦਾ ਜਾਂ ਕੌਮਾਂ ਦਾ ਘਾਣ ਇਸ ਵਜ੍ਹਾ ਕਰਕੇ ਕੀਤਾ ਜਾਂਦੈ ਕਿਉਂਕਿ ਉਹ ਪੀੜਤ ਲੋਕ ਕਿਸੇ ਹੋਰ "ਧਾਰਮਿਕ ਫਲਸਫੇ" ਨੂੰ ਮੰਨਣ ਵਾਲ਼ੇ ਨੇ ਜਾਂ ਉਨ੍ਹਾਂ ਦੀ ਪਛਾਣ ਅੱਡਰੀ ਏ। ਗੱਲਾਂ ਕਰਮਾਂ ਦੀਆਂ ਕਰਨੀਆਂ ਪਰ ਵੰਡੀਆਂ ਜਨਮਾਂ ਦੇ ਆਧਾਰ ਤੇ ਪਾਉਣੀਆਂ ਇਸ ਫਲਸਫੇ ਦੀਆਂ ਮੁੱਢਲੀਆਂ ਆਇਤਾਂ ਨੇ। ਸਮਾਜ ਨੂੰ ਜ਼ਾਤਾਂ ਦੇ ਆਧਾਰ 'ਤੇ ਅਤੇ ਜ਼ਾਤਾਂ ਨੂੰ ਜਨਮ ਦੇ ਆਧਾਰ ਤੇ ਵੰਡਿਆ ਵੀ ਗਿਆ ਅਤੇ ਨਪੀੜਿਆ ਵੀ ਗਿਆ।

## ਸਰਬ ਸਾਂਝੀਵਾਲਤਾ ਦਾ ਸੁਨੇਹਾ ਬਨਾਮ 'ਵਸੁਧੈਵ ਕੁਟੁਮ੍ਬਕਮ੍:'

# ਹਿੰਦੋਸਤਾਨੀ ਸਫੀਰਾਂ 'ਤੇ ਰੋਕ ਅਤੇ ਸਿੱਖਾਂ 'ਤੇ ਪਾਬੰਦੀ ਦਾ ਮਾਮਲਾ

**ਹਰਪ੍ਰੀਤ ਸਿੰਘ'**

ਹਿੰਦੂਸਤਾਨੀ ਸਫਾਰਤਖਾਨਿਆਂ ਦੇ ਸਫੀਰਾਂ ਵੱਲੋਂ ਗੁਰੂਘਰਾਂ 'ਚ ਦਖਲਅੰਦਾਜ਼ੀ ਕਰਨ ਉੱਤੇ ਉੱਤਰੀ ਅਮਰੀਕਾ, ਯੂਰਪ ਤੇ ਆਸਟ੍ਰੇਲੀਆ 'ਚ ਲੱਗੀ ਰੋਕ 'ਤੇ ਹਿੰਦੂਸਤਾਨੀ ਸਫਾਂ 'ਚ ਕਾਫੀ ਬੁਖਲਾਹਟ ਆਈ ਹੋਈ ਏ। ਵੱਖ-ਵੱਖ ਖੇਤਰਾਂ 'ਚ ਸਰਗਰਮ ਹਿੰਦੂਤਵੀਆਂ ਵੱਲੋਂ ਇਹ ਰੌਲਾ ਪਾਇਆ ਜਾ ਰਿਹਾ ਹੈ ਕਿ ਸਿੱਖ ਧਰਮ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੈ ਤੇ ਗੁਰੂਘਰਾਂ ਵਿੱਚ ਕਿਸੇ ਦੇ ਵੀ ਆਉਣ ਤੇ ਪਾਬੰਦੀ ਨੀ ਲੱਗਣੀ ਚਾਹੀਦੀ। ਹਾਲਾਂਕਿ ਕਿ ਕਿਸੇ ਵੀ ਗੁਰਦੁਆਰਾ ਸਾਹਿਬਾਨ 'ਚ ਕਿਸੇ ਨੂੰ ਵੀ ਮੱਥਾ ਟੇਕਣ, ਆਪਣੀ ਅਰਦਾਸ ਬੇਨਤੀ ਕਰਨ ਅਤੇ ਲੰਗਰ ਛੱਕਣ ਤੇ ਕੋਈ ਪਾਬੰਦੀ ਹੈ ਵੀ ਨਹੀਂ ਪਰ ਫੇਰ ਵੀ ਹਿੰਦੋਸਤਾਨੀ ਮੀਡੀਆ ਤੇ ਹਿੰਦ ਹਕੂਮਤ ਦੇ ਸਮਰਥਕ ਮੁੜ-ਮੁੜ ਇਹੀ ਬਿਆਨ ਦੇ ਰਹੇ ਹਨ।

ਇਸ ਗੱਲ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ ਕਿ ਸਿੱਖੀ 'ਚ ਕਿਸੇ ਨਾਲ ਵੀ ਨਫਰਤ ਕਰਨੀ ਨਹੀਂ ਸਿਖਾਈ ਜਾਂਦੀ। ਪਰ ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਸਿੱਖਾਂ ਦੇ ਗੁਰਦੁਆਰਾ ਸਾਹਿਬਾਨ ਸਿੱਖਾਂ ਲਈ ਮੀਰੀ-ਪੀਰੀ ਦੇ ਸਿਧਾਂਤ ਨੂੰ ਅਮਲੀ ਤੌਰ 'ਤੇ ਲਾਗੂ ਕਰਨ ਅਤੇ ਪ੍ਰਚਾਰਨ ਤੇ ਪ੍ਰਸਾਰਣ ਦਾ ਇੱਕ ਧੁਰਾ ਹਨ ਜਿੱਥੇ ਧਰਮ ਦੀ ਤਾਲੀਮ ਦੇ ਨਾਲ਼-ਨਾਲ਼ ਸਿਆਸਤ ਦੇ ਪੈਂਤੜਿਆਂ ਦੀ ਵਿਉਂਤਬੰਦੀ ਵੀ ਹੁੰਦੀ ਹੈ।

ਇਤਿਹਾਸ ਗਵਾਹ ਹੈ ਕਿ ਸਿੱਖ ਗੁਰੂਘਰ ਗਦਰੀ ਬਾਬਿਆਂ ਦੀਆਂ ਰਾਜਸੀ ਗਤੀਵਿਧੀਆਂ ਦਾ ਵੀ ਕੇਂਦਰ ਰਹੇ ਨੇ ਤੇ '47 ਦੀ ਵੰਡ ਤੋਂ ਬਾਅਦ ਪੰਜਾਬ ਦੇ ਹੱਕਾਂ ਲਈ ਉੱਠੀ ਹਰ ਲਹਿਰ ਗੁਰੂ ਦੀ ਹਜ਼ੂਰੀ ਚੋਂ ਹੀ ਅਰਦਾਸ ਕਰਕੇ ਉੱਠੀ ਹੈ।

ਹਾਂ ਸਿੱਖ ਧਰਮ ਵਿੱਚ ਉਸ ਤਰ੍ਹਾਂ ਦੀ ਸਿਆਸਤ ਹਰਗਿਜ਼ ਨਹੀਂ ਹੈ ਜਿਸ ਤਰ੍ਹਾਂ ਦੀ ਅਸੀਂ ਹਿੰਦੋਸਤਾਨੀ ਉਪਮਹਾਂਦੀਪ ਵਿਚ ਦੂਜੇ ਧਰਮ-ਸਥਾਨਾਂ ਨੂੰ ਢਾਹੁਣ ਤੇ ਉੱਥੇ ਮੰਦਰ ਉਸਾਰਨ ਨੂੰ ਸਿਆਸੀ ਤਾਕਤ ਹਾਸਲ ਕਰਨ ਦਾ ਵਸੀਲਾ ਬਣਾਏ ਜਾਣ ਦੇ ਰੂਪ ਵਿੱਚ ਵੇਖ ਰਹੇ ਹਾਂ ਜਿਸ ਵਿੱਚੋਂ ਮੋਦੀ-ਜੋਗੀ ਜਿਹੇ ਵਰਤਾਰੇ ਸਾਹਮਣੇ ਆਏ ਹਨ।

ਸੋ, ਧਰਮ ਦੀ ਅਜਿਹੀ ਰਾਜਨੀਤੀ ਕਰਨ ਵਾਲਿਆਂ ਵੱਲੋਂ ਅਤੇ ਸਾਡੇ ਕਈ ਹਿੰਦੂਸਤਾਨਵਾਦੀ ਸਿੱਖ ਭਰਾਵਾਂ ਵੱਲੋਂ ਇਹ ਜ਼ੋਰ ਪਾਉਣਾ ਕਿ ਸਿੱਖਾਂ ਨੂੰ ਸਿਆਸਤ ਨੂੰ ਧਰਮ ਤੋਂ ਵੱਖਰਾ ਕਰ ਦੇਣਾ ਚਾਹੀਦਾ ਏ ਕਿਉਂਕਿ ਹੁਣ ਸਮਾਂ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵਾਲ਼ਾ ਨਹੀਂ ਰਿਹਾ, ਪ੍ਰਤੱਖ ਰੂਪ ਵਿੱਚ ਨਾਵਾਜ਼ਿਬ ਹੈ ਤੇ ਆਪਣੇ ਆਪ ਵਿਚ ਕਪਟੀ ਸਿਆਸਤ ਦਾ ਪ੍ਰਤੀਕ ਹੈ।

ਮੈਂ ਤਾਂ ਇਹ ਖਿਆਲ ਰੱਖਦਾ ਹਾਂ ਕਿ ਹਿੰਦੂਸਤਾਨ ਦੀ ਗੁਲਾਮੀ ਦੀ ਹੱਦ ਤੋਂ ਬਾਹਰ ਬੈਠੇ ਸਿੱਖਾਂ ਦੇ ਆਗੂਆਂ ਨੇ ਸਿੱਖ ਗੁਰੂਘਰਾਂ ਚ ਹਿੰਦੂਸਤਾਨੀ ਸਫੀਰਾਂ ਦੇ ਦਫਤਰੀ ਤੌਰ ਤੇ ਦਾਖਲੇ ਦੀ ਪਾਬੰਦੀ '84 ਦੇ ਘੱਲੂਘਾਰੇ ਤੋਂ ਬਾਅਦ ਉਨੀ ਦੇਰ ਪੱਕੇ ਤੌਰ ਤੇ ਲਾ ਦੇਣੀ ਚਾਹੀਦੀ ਸੀ ਜਿੰਨੀ ਦੇਰ ਹਿੰਦੂਸਤਾਨੀ ਸਟੇਟ ਸਿੱਖਾਂ ਨੂੰ ਇਨਸਾਫ ਅਤੇ ਸਿੱਖਾਂ ਦੇ ਹੱਕੀ ਮਸਲੇ ਹੱਲ ਨਾ ਕਰ ਦਿੰਦੀ।



ਭਾਰਤੀ ਸਫੀਰ ਨੂੰ ਮੈਲਬਰਨ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਨੇ ਸਵਾਲ ਕੀਤੇ ਤੇ ਕਿਹਾ ਕਿ ਭਾਰਤੀ ਸਫੀਰ ਗੁਰਦੁਆਰਾ ਸਾਹਿਬਾਨ ਦੇ ਮੰਚ ਦੀ ਵਰਤੋਂ ਨਹੀਂ ਕਰ ਸਕਦੇ (ਨਵੰਬਰ 2017 ਦੀ ਫੋਟੋ)

ਇਤਿਹਾਸ ਵਿੱਚ ਇਹ ਗੱਲ ਚਿੱਟੇ ਦਿਨ ਵਾਂਙ ਸਾਫ ਹੈ ਕਿ ਸਿੱਖ ਗੁਰੂਘਰ ਆਪਣੇ ਆਪ 'ਚ ਇੱਕ ਪ੍ਰਭੂਸੱਤਾ ਸੰਪੰਨ ਸਟੇਟ ਹੈ ਜਿਸ ਵਿੱਚ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਰੂਹਾਨੀ ਬਰਾਬਰਤਾ ਦਾ ਪ੍ਰਤੀਕ ਹਨ ਤੇ ਉੱਚਾ ਲਹਿਰਾਉਂਦਾ ਨਿਸ਼ਾਨ ਸਾਹਿਬ ਗੁਰੂ ਦੀ ਛੱਤਰ ਛਾਇਆ 'ਚ ਆਏ ਹਰ ਇੱਕ ਜੀਅ ਦੇ ਭੋਜਨ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇੱਕ ਪ੍ਰਭੂਸੱਤਾ ਸੰਪੰਨ ਸਟੇਟ ਦੇ ਪਰਚਮ ਦਾ ਪ੍ਰਤੀਕ ਏ। ਇਕ ਦੇਸ਼ ਵੱਲੋਂ ਦੂਜੇ ਦੇਸ਼ ਦੇ ਨੁਮਾਇੰਦਿਆਂ ਦੇ ਦਾਖਲੇ ਤੇ ਰੋਕ ਲਾਉਣੀ ਕੋਈ ਗੁਨਾਹ ਨਹੀਂ ਹੈ ਬਲਕਿ ਇਕ ਕੂਟਨੀਤਕ (diplomatic) ਮਾਮਲਾ ਹੈ।

ਇਹ ਜਾਇਜ਼ ਤਾਂ ਵੀ ਬਣ ਜਾਂਦਾ ਹੈ ਕਿ ਹਿੰਦੂਸਤਾਨੀ ਹਕੂਮਤ ਨੇ ਆਪਣੀ ਧਿੰਙੋਜ਼ੋਰੀ ਦਿਖਾਉਂਦੇ ਹੋਏ ਸਿੱਖ ਸਟੇਟ ਦੇ ਨੁਮਾਇੰਦਿਆਂ ਨੂੰ, ਹਿੰਦੂਸਤਾਨੀ ਕਬਜ਼ੇ ਹੇਠਲੀ ਪੰਜਾਬ ਦੀ ਧਰਤੀ ਤੇ, ਦਾਖਿਲੇ ਤੇ ਪੂਰਨ ਤੌਰ ਤੇ ਰੋਕ ਲਗਾਈ ਹੋਈ ਹੈ। ਹਿੰਦੂਸਤਾਨੀਆਂ ਵੱਲੋਂ ਇਹ ਰੋਕ ਖਾਲਿਸਤਾਨੀਆਂ ਦੀਆਂ ਸਿਆਸੀ ਸਰਗਰਮੀਆਂ ਤੇ ਹੀ ਨਹੀਂ ਸਗੋਂ ਉਸ ਧਰਤੀ 'ਤੇ ਪੈਰ ਰੱਖਣ ਤੇ ਵੀ ਲਾਈ ਹੋਈ ਹੈ।

ਮੈਂ ਤਾਂ ਕਹਿੰਦਾ ਹਾਂ ਕਿ ਸਿੱਖ ਹਿੰਦੂਸਤਾਨੀਆਂ ਵਾਂਗ ਜ਼ਾਲਿਮ ਤੇ ਰੁੱਖੇ ਨਹੀਂ ਹਨ ਕਿ ਉਹ ਕਿਸੇ ਗ਼ੈਰ ਮੁਲਕੀ ਜਾਂ ਗ਼ੈਰ-ਮਜ਼ਹਬੀ ਬੰਦੇ ਨੂੰ ਗੁਰੂ ਅੱਗੇ ਨਤਮਸਤਿਕ ਹੋਣ ਤੋਂ ਰੋਕਣ, ਜਿਵੇਂ ਕਿ ਹਿੰਦੂਸਤਾਨੀਆਂ ਨੇ ਖਾਲਿਸਤਾਨੀਆਂ 'ਤੇ ਆਪਣੀ ਮਾਂ-ਧਰਤੀ ਨੂੰ ਸਿੱਜਦਾ ਕਰਨ ਲਈ ਉਨ੍ਹਾਂ 'ਤੇ ਉਨ੍ਹਾਂ ਦੇ ਹੀ ਦੇਸ਼ ਵਿੱਚ ਆਉਣ ਤੇ ਪਾਬੰਦੀ ਲਾਈ ਹੋਈ ਹੈ।

ਹੁਣ ਜਦੋਂ ਗ਼ੈਰ-ਹਿੰਦੂਸਤਾਨੀ ਗੁਰੂਘਰਾਂ ਚ, ਹਿੰਦੂਸਤਾਨੀ ਸਟੇਟ ਦੇ ਨੁਮਾਇੰਦਿਆਂ ਦੇ ਬੋਲਣ ਤੇ ਲੱਗੀ ਰੋਕ ਨੂੰ ਇਸ ਤਰਕ ਦਾ ਆਧਾਰ ਲੈ ਕੇ ਗਲਤ ਸਾਬਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸਿੱਖਾਂ ਦੇ ਗੁਰੂਘਰ ਤਾਂ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ ॥" (ਅੰਗ ੯੭) ਦਾ ਉਪਦੇਸ਼ ਦਿੰਦੇ ਨੇ ਤੇ ਸਿੱਖਾਂ ਵਲੋਂ ਲਿਆ ਗਿਆ ਇਹ ਫੈਸਲਾ ਸਿੱਖੀ ਦੇ ਬਿਲਕੁਲ ਉਲਟ ਏ, ਤਾਂ ਮੈਂ ਹਿੰਦੂਸਤਾਨੀਆਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਆਪਣੇ ਕਹਿਣ ਅਨੁਸਾਰ ਹਿੰਦੂ ਧਰਮ ਤਾਂ ਪਾਠ ਹੀ ਅਹਿੰਸਾ ਦਾ ਪੜ੍ਹਾਉਂਦਾ ਏ ਤੇ ਜਿੰਨੀ ਕੁ ਅਹਿੰਸਾ ਦਾ ਪਾਲਣ ਹਿੰਦੋਸਤਾਨ ਵਿੱਚ ਹੋ ਰਿਹਾ ਹੈ ਕਰਦੇ ਨੇ ਉਸਦੀਆਂ ਸੌਹਾਂ ਵੀ ਅੱਜ ਕੁੱਲ ਜਹਾਨ ਖਾ ਰਿਹੈ। ਹਰ ਤੀਜੇ ਦਿਨ ਇੱਕ ਖੋਜ ਸਾਹਮਣੇ ਆ ਰਹੀ ਹੈ ਕਿ ਹਿੰਦੂਸਤਾਨ ਚ ਹਰ ਘੱਟ ਗਿਣਤੀ ਕੌਮ ਦਾ ਬੁਰੀ ਤਰ੍ਹਾਂ ਨਾਲ਼ ਘਾਣ ਕੀਤਾ ਜਾ ਰਿਹਾ ਏ। ਹਾਂ, ਜੇ ਕਿਸੇ ਨੇ ਢੀਠਤਾਈ ਨਾਲ ਇਸ ਤੱਥ ਤੋਂ ਮੁਨਕਰ ਹੋਣਾ ਏ ਤਾਂ ਚਾਹੇ ਹੋਈ ਜਾਵੇ।

ਇੱਕ ਹੋਰ ਗੱਲ ਜੋ ਹਿੰਦੂ ਫਲਸਫੇ ਦਾ ਕੋਹੇਨੂਰ' ਹੈ ਉਹ ਹੈ ਇਸ ਧਰਮ ਦੀ ਮਨੌਤ ਕਿ ਹਿੰਦੂ ਫਲਸਫੇ ਦਾ ਇੱਕ ਬਹੁਤ ਵੱਡਾ ਸਿਧਾਂਤਕ ਐਲਾਨ "ਵਸੁਧੈਵ ਕੁਟੁਮ੍ਬਕਮ੍" (ਮਤਲਬ ਕਿ ਸਾਰਾ ਸੰਸਾਰ ਇੱਕ ਪਰਿਵਾਰ ਹੈ)। ਇਸ ਗੱਲ ਨੂੰ ਹਿੰਦੂ ਧਰਮ ਦੀ ਸਹਿਣਸ਼ੀਲਤਾ ਅਤੇ ਸਰਬ-ਸਮਾਨਤਾ ਦੇ ਪ੍ਰਤੀਕ ਵੱਜੋਂ ਦੱਸਿਆ ਜਾਂਦਾ ਹੈ। ਹਾਂ ਅੱਖਰੀ ਲੇਖਣੀ ਚ ਇਹ ਇਬਾਰਤ ਬਹੁਤ ਮਨ-ਲੁਭਾਵੀ ਏ ਪਰ ਅਮਲੀ ਤੌਰ ਤੇ ਇਹ ਇਬਾਰਤ ਉਸ ਅਸਹਿਣਸ਼ੀਲ ਮੁਲਕ ਚ ਇੱਕ "ਪਾਪ ਵਰਗੇ ਝੂਠ" ਦੇ ਬਰੋਬਰ ਏ, ਜਿੱਥੇ ਲੋਕਾਂ ਦਾ, ਭਾਈਚਾਰਿਆਂ ਦਾ ਜਾਂ ਕੌਮਾਂ ਦਾ ਘਾਣ ਇਸ ਵਜ੍ਹਾ ਕਰਕੇ ਕੀਤਾ ਜਾਂਦੈ ਕਿਉਂਕਿ ਉਹ ਪੀੜਤ ਲੋਕ ਕਿਸੇ ਹੋਰ "ਧਾਰਮਿਕ ਫਲਸਫੇ" ਨੂੰ ਮੰਨਣ ਵਾਲ਼ੇ ਨੇ ਜਾਂ ਉਨ੍ਹਾਂ ਦੀ ਪਛਾਣ ਅੱਡਰੀ ਏ। ਗੱਲਾਂ ਕਰਮਾਂ ਦੀਆਂ ਕਰਨੀਆਂ ਪਰ ਵੰਡੀਆਂ ਜਨਮਾਂ ਦੇ ਆਧਾਰ ਤੇ ਪਾਉਣੀਆਂ ਇਸ ਫਲਸਫੇ ਦੀਆਂ ਮੁੱਢਲੀਆਂ ਆਇਤਾਂ ਨੇ। ਸਮਾਜ ਨੂੰ ਜ਼ਾਤਾਂ ਦੇ ਆਧਾਰ 'ਤੇ ਅਤੇ ਜ਼ਾਤਾਂ ਨੂੰ ਜਨਮ ਦੇ ਆਧਾਰ ਤੇ ਵੰਡਿਆ ਵੀ ਗਿਆ ਅਤੇ ਨਪੀੜਿਆ ਵੀ ਗਿਆ।

ਇਸਤੋਂ ਇਲਾਵਾ ਵੀ ਚਾਹੇ ਹਿੰਦੋਸਤਾਨੀ 'ਅਹਸਿ ਪਰਮੋ ਧਰ੍ਮ:' ਦਾ ਪ੍ਰਚਾਰ ਕਰਦੇ ਹਨ ਪਰ ਅਮਲੀ ਜੀਵਨ ਚ ਇਹ ਸਿਧਾਂਤ ਵੀ ਹਿੰਦੋਸਤਾਨ ਦੇ ਜੀਵਣ ਦੀਆਂ ਕਾਰਵਾਈਆਂ ਚੋਂ ਬੁਰੀ ਤਰ੍ਹਾਂ ਨਾਲ ਮਨਫੀ ਏ। ਚਾਹੇ ਅੱਜ ਗਾਂਧੀ ਨੂੰ ਹਿੰਦੋਸਤਾਨ ਦਾ "ਇਸ਼ਤਿਹਾਰੀ ਕਾਕਾ" (ਪੋਸਟਰ ਬੈ) ਬਣਾਇਆ ਹੋਇਆ ਹੈ ਪਰ ਫਿਰ ਵੀ ਮੋਦੀ, ਕੇ. ਪੀ. ਐਸ. ਗਿੱਲ , ਸੁਮੇਧ ਸੈਣੀ ਜਾਂ ਸ਼੍ਰੀਕਾਂਤ ਪੁਰੋਹਿਤ ਵਰਗੇ "ਮਨੁੱਖਤਾ ਦੇ ਮੁਜ਼ਰਿਮ" ਇਸ ਦੇ ਨਾਇਕਾਂ ਦੀ ਫਹਰਿਸਤ 'ਚ ਮੂਹਰਲੀਆਂ ਵਿਚ ਹਨ।

ਹਰੀਸ਼ ਚੰਦਰ ਵਰਗੇ ਇਨਸਾਫ ਪਸੰਦ ਰਾਜੇ ਚਾਹੇ ਹਿੰਦੋਸਤਾਨ ਦੇ ਪ੍ਰਵਚਨਾਂ 'ਚ ਸ਼ਾਮਿਲ ਨੇ ਪਰ ਇਨਸਾਫ ਇੱਥੋਂ ਦੀਆਂ ਅਦਾਲਤਾਂ 'ਚੋਂ ਇੰਝ ਗਾਇਬ ਏ ਜਿਵੇਂ ਅਜਿਹੀ ਕੋਈ ਸ਼ੈਅ ਹੁੰਦੀ ਹੀ ਨਹੀਂ। ਜੇਕਰ ਕਹੀ ਜਾਂਦੀ ਸੰਸਕ੍ਰਿਤੀ ਵਿੱਚਲਾ ਕੋਈ (ਔ)ਗੁਣ ਹਿੰਦੋਸਤਾਨੀ ਸਟੇਟ ਅਪਣਾ ਰਹੀ ਹੈ ਤਾਂ ਉਹ ਹੈ ਰਾਜਸੱਤ੍ਹਾ ਲਈ ਕੌਟਲਿਆ ਨੀਤੀ, ਜਾਂ ਕਿਸੇ ਕੌਮ ਨੂੰ ਗ਼ੁਲਾਮ ਬਣਾ ਕੇ ਰੱਖਣ ਲਈ "ਫੁੱਟ ਪਾਓ ਤੇ ਰਾਜ ਕਰੋ" ਜਾਂ "ਜੰਗ 'ਚ ਕੁਝ ਵੀ ਜਾਇਜ਼ ਹੈ" ਦਾ ਸਿਧਾਂਤ।

ਇਸ ਸਾਰੇ ਕਾਸੇ ਨੂੰ ਵਰਣਨ ਕਰਨ ਦਾ ਮਕਸਦ ਸਿਰਫ ਤੇ ਸਿਰਫ ਇਸ ਸਵਾਲ ਦੀ ਸਿਰਜਣਾ ਕਰਨਾ ਸੀ ਕਿ ਜੇ ਹਿੰਦੂਸਤਾਨੀਆਂ ਦਾ ਫਲਸਫਾ ਸਾਰੇ ਸੰਸਾਰ ਨੂੰ ਇੱਕ ਹੀ ਪਰਿਵਾਰ ਮੰਨਦਾ ਹੈ ਤਾਂ ਫਿਰ ਵਿਦੇਸ਼ ਵਸਦੇ ਕਿਸੇ ਖਾਲਿਸਤਾਨੀਆਂ ਦੇ ਉਨ੍ਹਾਂ ਦੀ ਜਨਮ ਭੋਇ ਨੂੰ ਸਿੱਜਦਾ ਕਰਨ 'ਤੇ ਰੋਕ ਕਿਉਂ ? ਤੇ ਜੇਕਰ ਹਿੰਦੋਸਤਾਨੀ ਆਪ ਕਿਸੇ 'ਤੇ ਉਸਦੀ ਆਪਣੀ ਹੀ ਮਾਤ-ਮਿੱਟੀ ਨੂੰ ਸਿੱਜਦਾ ਕਰਨ ਉੱਤੇ ਰੋਕ ਲਾਉਂਦੇ ਹਨ ਤਾਂ ਉਨ੍ਹਾਂ ਕੋਲ ਹਿੰਦੂਸਤਾਨੀ ਸਫੀਰਾਂ ਦੀਆਂ ਸਿੱਖ ਗੁਰਦੁਆਰਿਆਂ 'ਚ ਘੁੱਸਪੈਠ ਕਰਕੇ ਫੁੱਟ ਪਾਉਣ ਦੀਆਂ ਚਾਲਾਂ ਨੂੰ ਰੋਕਣ ਲਈ ਗੁਰੂਘਰਾਂ ਦੇ ਨੁੰਮਾਇੰਦਿਆਂ ਵਲੋਂ ਹਿੰਦੂਸਤਾਨੀ ਸਫੀਰਾਂ ਦੇ ਦਫਤਰੀ ਦਾਖਲੇ (Official Visit) 'ਤੇ ਰੋਕ ਲਾਉਣ ਨੂੰ ਗਲਤ ਦੱਸਣ ਦਾ ਕੀ ਅਧਾਰ ਬਾਕੀ ਬਚਦਾ ਹੈ ?

ਸੱਚ ਤਾਂ ਇਹ ਹੈ ਕਿ ਸਿੱਖਾਂ 'ਚ ਅਜੇ ਵੀ ਹਿੰਦੂਸਤਾਨੀ ਨਿਜ਼ਾਮ ਦੇ ਨੁਮਾਇੰਦਿਆਂ ਲਈ ਇੰਨੀ ਕੁ ਸੰਵੇਦਨਸ਼ੀਲਤਾ ਹੈ ਕਿ ਸਿੱਖਾਂ ਨੇ ਇਨ੍ਹਾਂ ਲੋਕਾਂ ਦੇ ਗੁਰੂ ਅੱਗੇ ਨਤਮਸਤਕ ਹੋਣ ਦੇ ਅਧਿਕਾਰ ਤੇ ਕੋਈ ਅੰਕੁਸ਼/ਰੋਕ ਨਹੀਂ ਲਾਈ। ਜੋ ਕਹਿਰ ਹਿੰਦ ਹਕੂਮਤ ਨੇ ਸਿੱਖ ਕੌਮ 'ਤੇ ਗ਼ੁਜ਼ਾਰੇ ਹਨ ਤੇ ਅੱਜ ਵੀ ਜੋ ਸਲੂਕ ਸਿੱਖਾਂ ਨਾਲ ਹੋ ਰਿਹਾ ਹੈ ਉਨ੍ਹਾਂ ਨੂੰ ਮੁੱਖ ਰੱਖਕੇ ਇਨ੍ਹਾਂ ਉੱਤੇ ਗੁਰੂ ਘਰਾਂ ਦੀ ਹਦੂਦ 'ਚ ਪੈਰ ਰੱਖਣ ਤੋਂ ਵੀ ਮਨਾਹੀ ਕੀਤੀ ਜਾ ਸਕਦੀ ਸੀ ਪਰ ਸਿੱਖ ਮਾਨਸਿਕਤਾ ਇਹੋ ਜਿਹੀ ਕਾਰਵਾਈ ਦੀ ਕਦੀ ਵੀ ਹਾਮੀ ਨੀ ਭਰੇਗੀ ਕਿਉਂਕਿ ਸਿੱਖ "ਸਰਬ-ਸਾਂਝੀਵਾਲਤਾ" ਦਾ ਸੁਨੇਹਾ ਓਪਰਾ-ਓਪਰਾ ਨਹੀਂ ਪ੍ਰਚਾਰਦੇ ਬਲਕਿ ਇਹ ਸਿੱਖ ਮਨਾਂ ਦੀ ਤਹਿ ਵਿਚ ਪੱਕਾ ਵੱਸਿਆ ਹੋਇਆ ਹੈ। ਹਿੰਦੋਸਤਾਨੀ ਮੀਡੀਆ ਤੇ ਹਿੰਦ ਹਕੂਮਤ ਦੇ ਕਾਰਕੁਨਾਂ ਤੇ ਹਿਮਾਇਤੀਆਂ ਵੱਲੋਂ ਕੀਤੀ ਜਾ ਰਹੀ ਹਾਲ ਪਾਰਿਆ ਸਿੱਖਾਂ ਦੇ ਠੋਸ ਸਿਆਸੀ ਫੈਸਲੇ ਵਿਰੁਧ ਪਾਈ ਜਾ ਰਹੀ ਕਾਵਾਂ-ਰੌਲੀ ਤੋਂ ਵੱਧ ਹੋਰ ਕੁਝ ਨਹੀਂ ਹੈ।

*(ਸਿੱਖ ਸਿਆਸਤ ਤੋਂ ਧੰਨਵਾਦ ਸਹਿਤ)*

## ਕਿਸ਼ੋਰੀ ਲਾਲ ਨੇ '84 ਦੇ ਕਤਲੇਆਮ 'ਚ ਬੁੱਚੜਾਂ ਵਾਂਗ ਕੀਤਾ ਸੀ ਸਿੱਖ ਦਾ ਕਤਲ

**ਨਵੀਂ ਦਿੱਲੀ:** ਸਾਲ 1984 ਦੇ ਕਤਲੇਆਮ ਦੇ ਕਈ ਗੁਨਾਹਗਾਰਾਂ ਵਿਚ ਕਿਸ਼ੋਰੀ ਲਾਲ ਦਾ ਜ਼ਿਕਰ ਆਉਂਦਾ। ਕਿਸ਼ੋਰੀ ਲਾਲ ਦਾ ਜ਼ਿਕਰ ਸੁਣਦੇ ਹੀ ਉਦੋਂ ਤਿਰਲੋਕਪੁਰੀ ਦੇ ਬਲਾਕ 32 ਦੇ ਰਹਿਣ ਵਾਲੇ ਸਿੱਖ ਮੰਸ਼ਾ ਸਿੰਘ ਕੁਝ ਅਸਹਿਜ ਮਹਿਸੂਸ ਕਰਨ ਲੱਗਦੇ ਹਨ। ਉਹ 31 ਅਕਤੂਬਰ 1984 ਦਾ ਦਿਨ ਸੀ। ਤ੍ਰਿਲੋਕਪੁਰੀ ਵਿਚ ਮੀਟ ਦੀ ਦੁਕਾਨ ਚਲਾਉਣ ਵਾਲੇ ਕਿਸ਼ੋਰੀ ਲਾਲ ਨੇ ਮੰਸ਼ਾ ਸਿੰਘ ਦੇ ਪੁੱਤਰ ਦਾ ਕਤਲ ਕੀਤਾ। 3 ਸਾਲ ਪਹਿਲਾਂ ਦਿੱਤੇ ਇੰਟਰਵਿਊ ਵਿਚ ਮੰਸ਼ਾ ਸਿੰਘ ਦੱਸਦਾ ਹੈ, 'ਕਿਸ਼ੋਰੀ ਲਾਲ ਇੱਕ ਦੰਗਈ ਭੀੜ ਦਾ ਮੋਹਰੀ ਸੀ, ਉਸ ਨੇ ਮੇਰੇ ਪੁੱਤਰ ਨੂੰ ਘਰੋਂ ਕੱਢਿਆ ਤੇ ਉਸ 'ਤੇ ਚਾਕੂ ਤੇ ਰਾਡ ਨਾਲ ਹਮਲਾ ਕੀਤਾ...ਮੈਂ ਆਪਣੀਆਂ ਅੱਖਾਂ ਸਾਹਮਣੇ 3 ਪੁੱਤਰਾਂ ਨੂੰ ਮਰਦੇ ਹੋਏ ਦੇਖਿਆ, ਉਨ੍ਹਾਂ ਨੂੰ ਟੁਕੜਿਆਂ-ਟੁਕੜਿਆਂ ਵਿਚ ਕਰ ਦਿੱਤਾ ਗਿਆ, ਸਰੀਏ ਨਾਲ ਕੁੱਟਿਆ ਗਿਆ, ਮੈਂ ਆਪਣੇ ਬੱਚੇ ਨੂੰ ਬਚਾਅ ਨਹੀਂ ਸਕਿਆ, ਮੈਂ ਨਹੀਂ ਜਾਣਦਾ ਕਿ ਵਾਹਿਗੁਰੂ ਨੇ ਮੈਨੂੰ ਕਿਉਂ ਜਿੰਦਾ ਰੱਖਿਆ ਹੈ, ਮੈਂ ਤਾਂ ਆਪਣੇ ਦੁਸ਼ਮਣ ਲਈ ਵੀ ਅਜਿਹਾ ਨਹੀਂ ਸੋਚਦਾ ਹਾਂ।'

2014 ਵਿਚ 74 ਸਾਲ ਦੇ ਹੋ ਚੁੱਕੇ ਮੰਸ਼ਾ ਸਿੰਘ ਨੇ ਕਾਫ਼ੀ ਪਹਿਲਾਂ ਹੀ ਤ੍ਰਿਲੋਕਪੁਰੀ ਛੱਡ ਦਿੱਤੀ ਸੀ, ਉਹ ਤਿਲਕ ਵਿਹਾਰ ਵਿਚ ਦੋ ਕਮਰਿਆਂ ਦੇ ਫਲੈਟ ਵਿਚ ਰਹਿੰਦਾ ਹੈ।

## 'ਬੈਟਲ ਆਫ ਸਾਰਾਗੜ੍ਹੀ' 'ਚ ਪ੍ਰੋਫੈਸਰ ਖਹਿਰਾ

**ਚੰਡੀਗੜ੍ਹ:** ਸਾਲ 2016 ਵਿਚ ਰੋਡੀਸ ਸ਼ੋਅ ਦੇ ਪਹਿਲੇ ਸਿੱਖ ਚੈਂਪੀਅਨ ਬਣੇ ਸ਼ਹਿਰ ਦੇ ਬਲਰਾਜ ਹੁਣ ਪ੍ਰਾਈਵੇਟ ਚੈਨਲ ਦੇ ਲੜੀਵਾਰ 'ਬੈਟਲ ਆਫ ਸਾਰਾਗੜ੍ਹੀ' ਵਿਚ ਅਹਿਮ ਰੋਲ ਨਿਭਾਅ ਰਹੇ ਹਨ। ਸੀ.ਟੀ ਗਰੁੱਪ ਆਫ ਇੰਸਟੀਚਿਊਟ ਵਿਚ ਸਰੀਰਕ ਸਿੱਖਿਆ ਤੇ ਸਪੋਰਟਸ ਸਾਇੰਸ ਵਿਭਾਗ ਵਿਚ ਆਨਰੇਰੀ ਅਸਿਸਟੈਂਟ ਪ੍ਰੋ. ਬਲਰਾਜ ਸਿੰਘ ਖਹਿਰਾ ਪੰਜਾਬ ਦੇ ਇਕੱਲੇ ਅਜਿਹੇ ਕਲਾਕਾਰ ਹਨ, ਜੋ ਇਹ ਰੋਲ ਨਿਭਾਅ ਰਹੇ ਹਨ। ਬਲਰਾਜ ਨੇ ਦੱਸਿਆ ਕਿ 65 ਕਿਸ਼ਤਾਂ ਦੀ ਇਸ ਲੜੀ ਦੀਆਂ 40 ਤੋਂ ਵੱਧ ਕਿਸ਼ਤਾਂ ਤਿਆਰ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਉਹ ਬੂਟਾ ਸਿੰਘ ਦਾ ਅਹਿਮ ਰੋਲ ਨਿਭਾਅ ਰਹੇ ਹਨ। 14 ਭਾਸ਼ਾਵਾਂ ਅਤੇ ਕਈ ਦੇਸ਼ਾਂ ਵਿਚ ਦਿਖਾਇਆ ਜਾਣ ਵਾਲਾ ਇਹ ਸ਼ੋਅ ਸਿੱਖਾਂ ਦੇ ਇਤਿਹਾਸ 'ਤੇ ਆਧਾਰਿਤ ਹੈ।



## ਗਾਂ ਚੋਰੀ ਦੇ ਦੋਸ਼ ਲਾ ਕੇ ਮੁੰਨ ਦਿੱਤੇ ਦਲਿਤਾਂ ਦੇ ਸਿਰ

ਬਲੀਆ(ਯੂ ਪੀ): ਕਥਿਤ ਹਿੰਦੂ ਯੁਵਾ ਵਾਹਿਨੀ ਦੇ ਕਾਰਕੁਨਾਂ ਨੇ ਇਥੇ ਗਾਵਾਂ ਚੋਰੀ ਕਰਨ ਦੇ ਦੋਸ਼ ਵਿੱਚ ਦੋ ਦਲਿਤਾਂ ਦੇ ਸਿਰ ਮੁੰਨ ਕੇ ਉਨ੍ਹਾਂ ਨੂੰ ਰਾਸਰਾ ਪੁਲੀਸ ਸਟੇਸ਼ਨ ਅਧੀਨ ਆਉਂਦੇ ਖੇਤਰ ਵਿੱਚ ਘੁੰਮਾਇਆ। ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਉਮਾ ਰਾਮ ਨੇ ਕਿਹਾ ਕਿ ਉਹ ਤੇ ਸੋਨੂੰ ਸੋਮਵਾਰ ਨੂੰ ਦੋ ਗਊਆਂ ਲੈ ਕੇ ਜਾ ਰਹੇ ਸਨ ਕਿ ਹਿੰਦੂ ਯੁਵਾ ਵਾਹਿਨੀ ਦੇ ਕਾਰਕੁਨਾਂ ਨੇ ਉਨ੍ਹਾਂ ਨੂੰ ਰੋਕ ਲਿਆ। ਸ਼ਿਕਾਇਤਕਰਤਾ ਨੇ ਕਿਹਾ ਕਿ ਇਨ੍ਹਾਂ ਕਾਰਕੁਨਾਂ ਨੇ ਦੋਵਾਂ ਦੇ ਸਿਰ ਮੁੰਨਣ ਮਗਰੋਂ ਗਲਾਂ ਵਿੱਚ ਟਾਇਰ ਪਾ ਕੇ ਹੱਥ ਵਿੱਚ ਤਖ਼ਤੀਆਂ ਫੜਾ ਦਿੱਤੀਆਂ ਜਿਸ 'ਤੇ ਲਿਖਿਆ ਸੀ ਕਿ 'ਅਸੀਂ ਗਾਂ ਚੋਰ ਹਾਂ'। ਪੁਲੀਸ ਨੇ ਸ਼ਿਕਾਇਤ ਦੇ ਆਧਾਰ 'ਤੇ ਇਕ ਵਿਅਕਤੀ ਤੇ 15 ਹੋਰਨਾਂ ਅਣਪਛਾਤਿਆਂ ਖ਼ਿਲਾਫ਼ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ

## ਤਿੰਨ ਈਸਾਈ ਪ੍ਰਚਾਰਕ ਗ੍ਰਿਫ਼ਤਾਰ

ਸ਼ਾਹਜਹਾਨਪੁਰ: ਪੁਲੀਸ ਨੇ ਭਗਵੇਂਵਾਦੀਆਂ ਦੀ ਸ਼ਿਕਾਇਤ 'ਤੇ ਤਿੰਨ ਨੇਪਾਲੀ ਨਾਗਰਿਕਾਂ ਇੰਦਰਾ ਬਹਾਦੁਰ ਤਮਾਂਦ, ਸ਼ੁਕਰਾ ਰਾਏ ਅਤੇ ਮੇਕ ਬਹਾਦੁਰ ਨੂੰ ਈਸਾਈ ਮਤ ਦੇ ਪ੍ਰਚਾਰ ਲਈ ਗ੍ਰਿਫ਼ਤਾਰ ਕੀਤਾ ਹੈ। ਭਗਵੇਂਵਾਦੀਆਂ ਨੇ ਦੋਸ਼ ਲਾਇਆ ਸੀ ਕਿ ਜਦੋਂ ਉਨ੍ਹਾਂ ਨੇ ਇਨ੍ਹਾਂ ਨੂੰ ਇਸਾਈ ਮਤ ਦਾ ਪ੍ਰਚਾਰ ਕਰਨ ਤੋਂ ਰੋਕਿਆ ਤਾਂ ਇਨ੍ਹਾਂ ਨੇ ਉਨ੍ਹਾਂ ਨਾਲ ਝਗੜਾ ਕੀਤਾ ਅਤੇ ਹਿੰਦੂ ਦੇਵੀ ਦੇਵਤਿਆਂ ਬਾਰੇ ਟਿੱਪਣੀਆਂ ਕੀਤੀਆਂ।

## ਆਰਐਸਐਸ 'ਦਹਿਸ਼ਤਗਰਦ': ਸਿਧਾਰਮੱਈਆ

ਬੰਗਲੌਰ: ਕਰਨਾਟਕ ਦੇ ਮੁੱਖ ਮੰਤਰੀ ਸਿਧਾਰਮੱਈਆ ਨੇ ਬੀਤੇ ਦਿਨ ਭਾਜਪਾ ਤੇ ਉਸ ਦੀ ਸਰਪ੍ਰਸਤ ਆਰਐਸਐਸ ਨੂੰ 'ਦਹਿਸ਼ਤਗਰਦ' ਦੱਸਿਆ ਸੀ। ਉਧਰ ਭਾਜਪਾ ਨੇ ਪਲਟਵਾਰ ਕਰਦਿਆਂ ਕਿਹਾ ਕਿ ਜੇਕਰ ਮੁੱਖ ਮੰਤਰੀ ਵਿੱਚ ਹਿੰਮਤ ਹੈ ਤਾਂ ਉਹ ਭਾਜਪਾ ਤੇ ਆਰਐਸਐਸ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਵਿਖਾਏ। ਇਸ ਦੌਰਾਨ ਕਾਂਗਰਸ ਨੇ ਸਿਧਾਰਮੱਈਆ ਦਾ ਬਚਾਅ ਕਰਦਿਆਂ ਕਿਹਾ ਕਿ ਉਹ ਰਾਜ ਦੇ ਮੁੱਖ ਮੰਤਰੀ ਹਨ ਤੇ ਬਿਨਾਂ ਕਿਸੇ ਪੱਕੀ ਜਾਣਕਾਰੀ ਦੇ ਅਜਿਹੀਆਂ ਟਿੱਪਣੀਆਂ ਨਹੀਂ ਕਰ ਸਕਦੇ। ਮੁੱਖ ਮੰਤਰੀ ਨੇ ਕਿਹਾ, 'ਮੈਂ ਕਿਹਾ ਸੀ ਕਿ ਉਹ ਹਿੰਦੂ ਅਤਿਵਾਦੀ ਹਨ। ਮੈਂ ਵੀ ਇਕ ਮਾਨਵਵਾਦੀ ਹਿੰਦੂ ਹਾਂ। ਮੇਰੇ ਤੇ ਉਨ੍ਹਾਂ ਵਿੱਚ ਇਹੀ ਫ਼ਰਕ ਹੈ।'

## ਹਨੀਪ੍ਰੀਤ ਜੇਲ੍ਹ 'ਚ ਸਿਖਾਉਂਦੀ ਹੈ ਯੋਗਾ

ਪੰਚਕੂਲਾ: ਡੇਰਾ ਸੱਚਾ ਸੌਦਾ ਮੁਖੀ ਤੇ ਸਾਧਵੀ ਸੈਕਸ ਸ਼ੋਸ਼ਣ ਮਾਮਲੇ ਵਿਚ 20 ਸਾਲ ਦੀ ਸਜ਼ਾ ਭੁਗਤ ਰਹੇ ਗੁਰਮੀਤ ਸਿੰਘ ਦੀ ਕਥਿਤ ਮੂੰਹ ਬੋਲੀ ਧੀ ਤੇ ਉਸ ਦੀ ਰਾਜ਼ਦਾਰ ਹਨੀਪ੍ਰੀਤ ਜੇਲ੍ਹ ਵਿਚ ਇੱਕ ਪਾਸੇ ਖ਼ੁਦ ਸਵੇਰੇ ਯੋਗਾ ਕਰਦੀ ਹੈ, ਉੱਥੇ ਇਸ ਦੇ ਨਾਲ-ਨਾਲ ਉਹ ਔਰਤ ਕੈਦੀਆਂ ਤੇ ਅੰਡਰ ਟਰਾਇਲ ਕੈਦੀਆਂ ਨੂੰ ਯੋਗਾ ਕਰਵਾ ਰਹੀ ਹੈ।

## ਗਰੀਨ ਕਾਰਡ ਵਧਾਉਣ ਲਈ ਅਮਰੀਕੀ 'ਚ ਸੰਸਦ 'ਚ ਬਿੱਲ ਪੇਸ਼

ਵਾਸ਼ਿੰਗਟਨ: ਅਮਰੀਕੀ ਸੰਸਦ ਵਿਚ ਇਕ ਬਿੱਲ ਪੇਸ਼ ਕੀਤਾ ਗਿਆ ਹੈ। ਇਸ ਬਿੱਲ ਵਿਚ ਮੈਰਿਟ ਦੇ ਆਧਾਰ 'ਤੇ ਇਮੀਗਰੇਸ਼ਨ ਪ੍ਰਣਾਲੀ 'ਤੇ ਜ਼ੋਰ ਦਿੰਦੇ ਹੋਏ ਸਾਲਾਨਾ ਦਿੱਤੇ ਜਾਣ ਵਾਲੇ ਗਰੀਨ ਕਾਰਡਾਂ ਦੀ ਤਾਦਾਦ ਨੂੰ 45 ਫ਼ੀਸਦੀ ਵਧਾਉਣ ਦੀ ਮੰਗ ਕੀਤੀ ਗਈ ਹੈ। ਅਮਰੀਕੀ ਪ੍ਰਤੀਨਿਧ ਸਭਾ ਵਿਚ ਪੇਸ਼ ਕੀਤੇ ਇਸ ਬਿੱਲ ਵਿਚ ਜੇਕਰ ਮੁਹਰ ਲੱਗਦੀ ਹੈ ਤਾਂ ਕਰੀਬ 5 ਲੱਖ ਭਾਰਤੀਆਂ ਨੂੰ ਲਾਭ ਹੋ ਸਕਦਾ ਹੈ ਜੋ ਗਰੀਨ ਕਾਰਡ ਦਾ ਇੰਤਜ਼ਾਰ ਕਰ ਰਹੇ ਹਨ।

## ਵੱਧ ਮੁਸ਼ਕਲਾਂ ਹੁੰਦਿਆਂ ਵੀ ਰਾਜਸਥਾਨ ਦੇ ਕਿਸਾਨ ਕਿਉਂ ਨਹੀਂ ਕਰਦੇ ਖ਼ੁਦਕੁਸ਼ੀਆਂ

### *ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਸਬੰਧੀ ਨੀਤੀ ਕੋਰਟ ਦੋ ਹਫ਼ਤਿਆਂ 'ਚ ਪੇਸ਼ ਕਰਨ ਦਾ ਹੁਕਮ ਦਿੱਤਾ*

**ਚੰਡੀਗੜ੍ਹ/ਬਿਊਰੋ ਨਿਊਜ਼:** ਕਿਸਾਨਾਂ ਲਈ ਪੰਜਾਬ ਤੋਂ ਵੱਧ ਚੈਲੇਂਜਿੰਗ ਰਾਜਸਥਾਨ ਹੈ। ਫਿਰ ਰਾਜਸਥਾਨ ਦੇ ਕਿਸਾਨ ਖ਼ੁਦਕੁਸ਼ੀਆਂ ਕਿਉਂ ਨਹੀਂ ਕਰ ਰਹੇ। ਬੀਤੇ ਦਿਨੀਂ ਇਹ ਸਵਾਲ ਰਾਜਸਥਾਨ ਹਾਈ ਕੋਰਟ ਤੋਂ ਟਰਾਂਸਫਰ ਹੋਣ ਤੋਂ ਬਾਅਦ ਵਾਪਸ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਰਤੇ ਜੱਜ ਜਸਟਿਸ ਅਨੁਪਿੰਦਰ ਸਿੰਘ ਗਰੇਵਾਲ ਨੇ ਪੰਜਾਬ ਸਰਕਾਰ ਨੂੰ ਕੀਤਾ। ਜਸਟਿਸ ਅਜੇ ਕੁਮਾਰ ਮਿੱਤਲ ਤੇ ਜਸਟਿਸ ਗਰੇਵਾਲ ਦੀ ਬੈਂਚ ਨੇ ਕਿਹਾ ਕਿ ਸਰਕਾਰਾਂ ਨੀਤੀਆਂ ਤਾਂ ਬਣਾਉਂਦੀਆਂ ਹਨ, ਪਰ ਲਾਭ ਕਿਸਾਨਾਂ ਤੱਕ ਨਹੀਂ ਪੁੱਜਦਾ। ਬੈਂਚ ਨੇ ਕਿਸਾਨਾਂ ਦੀ ਕਰਜ਼ ਮਾਫ਼ੀ ਸਬੰਧੀ ਪੰਜਾਬ ਸਰਕਾਰ ਦੀ ਨੀਤੀ ਨੂੰ ਕੋਰਟ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ। ਬੈਂਚ ਨੇ ਇਸ ਸਬੰਧੀ ਪੰਜਾਬ ਸਰਕਾਰ ਨੂੰ ਦੋ ਹਫ਼ਤੇ ਦਾ ਸਮਾਂ ਦਿੱਤਾ ਹੈ। ਯਾਦ ਰਹੇ ਕਿ ਪੰਜਾਬ ਵਿਚ ਸਾਲ 2017 ਵਿਚ 350 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ, 100 ਦਾ ਅੰਕੜਾ ਜੂਨ ਵਿਚ ਪਾਰ ਹੋ ਗਿਆ ਸੀ। ਜਦ ਕਿ ਰਾਜਸਥਾਨ ਵਿਚ ਸਾਲ 2017 ਵਿਚ 15 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ।

# ਭੀਮਾ-ਕੋਰੇਗਾਉਂ ਘਟਨਾ ਦੇ ਅਪ੍ਰਤੱਖ ਤੇ ਪ੍ਰਤੱਖ ਸੁਨੇਹੇ

**ਇੱਕ ਸਮਾਂ ਉਹ ਸੀ ਜਦੋਂ ਪੇਸ਼ਵਾ ਬਰਾਦਰੀ ਨੇ ਦਲਿਤਾਂ ਦੀ ਤਰਜ਼-ਏ-ਜ਼ਿੰਦਗੀ ਲਈ ਅਜਿਹੇ ਗ਼ੈਰ-ਮਨੁੱਖੀ ਨਿਯਮ ਕਾਇਮ ਕਰ ਦਿੱਤੇ ਕਿ ਉਨ੍ਹਾਂ ਨੇ ਅੰਗਰੇਜ਼ਾਂ ਦੀ ਫ਼ੌਜ ਵਿੱਚ ਭਰਤੀ ਹੋਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦੀ ਮਨਾਹੀ ਸੀ, ਸਾਂਝੇ ਤਲਾਬ ਅਤੇ ਖੂਹਾਂ ਤੋਂ ਪਾਣੀ ਨਹੀਂ ਭਰ ਸਕਦੇ ਸਨ, ਆਪਣੀ ਪਛਾਣ ਦੱਸਣ ਲਈ ਬਾਂਸ ਜਾਂ ਢੋਲ ਖੜਕਾਉਣਾ ਪੈਂਦਾ ਸੀ ਤਾਂ ਜੋ ਉੱਚ ਜਾਤੀ ਦੇ ਲੋਕ ਉਨ੍ਹਾਂ ਦੀ ਭਿੱਟ ਤੋਂ ਬਚ ਸਕਣ। ਉਹ ਹੁਣ ਇਉਂ ਮਹਿਸੂਸ ਕਰਦੇ ਹਨ ਕਿ ਸਦੀਆਂ ਤੋਂ ਉਨ੍ਹਾਂ ਉੱਤੇ ਢਾਹੇ ਜਾਣ ਵਾਲੇ ਜ਼ੁਲਮਾਂ ਦੀ ਦਾਸਤਾਨ ਕੋਰੇਗਾਉਂ ਵਿੱਚ ਇਕਾਗਰ ਹੋ ਜਾਂਦੀ ਹੈ, ਜਿੱਥੇ ਉਹ ਹਰ ਸਾਲ ਸਮਾਜਿਕ ਬੇਇਨਸਾਫ਼ੀ ਵਿਰੁੱਧ ਸੰਘਰਸ਼ ਕਰਨ ਦਾ ਇਕਰਾਰ ਕਰਦੇ ਹਨ। ਉਨ੍ਹਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਦਾ ਅਵਚੇਤਨ ਮਨ ਜਥੇਬੰਦਕ ਚੇਤਨਾ ਦਾ ਰੂਪ ਧਾਰ ਕੇ ਭੀਮਾ-ਕੋਰੇਗਾਉਂ ਵਿੱਚ ਇੱਕ ਨਵੀਂ ਅੰਗੜਾਈ ਭਰਦਾ ਹੈ।**

**ਕਰਮਜੀਤ ਸਿੰਘ**
(ਸੰਪਰਕ: 99150-91063)





ਜੇ ਭਾਰਤੀ ਇਤਿਹਾਸ ਵਿਚਲੀ ਭੀਮਾ-ਕੋਰੇਗਾਉਂ ਦੀ ਘਟਨਾ ਨੂੰ ਮਹਿਜ਼ ਅਮਨ-ਕਾਨੂੰਨ ਦੇ ਨਜ਼ਰੀਏ ਤੋਂ ਹੀ ਵੇਖਣਾ ਤੇ ਪਰਖਣਾ ਹੈ ਤਾਂ ਇਤਿਹਾਸਕ ਤੇ ਰਾਜਨੀਤਕ ਸੱਚ ਦੀਆਂ ਬਹੁਤ ਸਾਰੀਆਂ ਪਰਤਾਂ ਲੁਕੀਆਂ ਤੇ ਦੱਬੀਆਂ ਹੀ ਰਹਿਣਗੀਆਂ। ਜੇ ਉਨ੍ਹਾਂ ਪਰਤਾਂ ਨੂੰ ਉਭਾਰ ਕੇ ਉਪਰਲੀ ਸਤਹਿ 'ਤੇ ਲਿਆਂਦਾ ਜਾਵੇ ਤਾਂ ਕਿਸੇ ਵੀ ਸਰਕਾਰ ਨੂੰ, ਪਰ ਉਹ ਸੁਹਿਰਦ ਤੇ ਦੂਰਅੰਦੇਸ਼ ਹੋਵੇ ਤਾਂ ਉਸ ਲਈ ਆਪਣੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਨਵੇਂ ਸਿਰਿਓਂ ਜਾਇਜ਼ਾ ਲੈਣ ਦਾ ਇਹ ਢੁਕਵਾਂ ਤੇ ਸੁਨਹਿਰੀ ਮੌਕਾ ਹੈ। ਜੇ ਇਸ ਘਟਨਾ ਨੂੰ ਹੋਰ ਘਟਨਾਵਾਂ ਵਾਂਗ ਸਾਧਾਰਨ ਸਮਝ ਕੇ ਅੱਖਾਂ ਮੀਟ ਲਵਾਂਗੇ ਤਾਂ ਇਸ ਤੋਂ ਵੀ ਵਿਰਾਟ ਅਤੇ ਭਿਆਨਕ ਘਟਨਾਵਾਂ ਸਾਡਾ ਸਵਾਗਤ ਕਰਨਗੀਆਂ।

ਜੇ ਨਵੇਂ ਸਾਲ ਦੇ ਪਹਿਲੇ ਦਿਨ ਹੀ ਹੋਈ ਇਸ ਘਟਨਾ ਅਤੇ ਉਸ ਤੋਂ ਪਿੱਛੋਂ ਮਹਾਰਾਸ਼ਟਰ ਦੇ ਕਈ ਹਿੱਸਿਆਂ ਵਿੱਚ ਵਾਪਰੀਆਂ ਹਿੰਸਕ ਵਾਰਦਾਤਾਂ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖਿਆ ਜਾਏ ਤਾਂ ਇਹ ਅਤੀਤ ਦੀਆਂ ਯਾਦਾਂ ਦਾ ਇੱਕ ਮੇਲਾ ਹੈ ਜਾਂ ਇਉਂ ਕਹਿ ਲਵੋ ਕਿ ਭੀਮਾ-ਕੋਰੇਗਾਉਂ ਵਿੱਚ ਇੱਕ ਛਿੰਝ ਲੱਗੀ, ਜਿੱਥੇ ਯਾਦਾਂ ਇੱਕ-ਦੂਜੇ ਨਾਲ ਖਹਿ ਕੇ ਲੰਘਦੀਆਂ ਹਨ, ਇੱਕ ਦੂਜੇ ਨਾਲ ਟਕਰਾਉਂਦੀਆਂ ਹਨ। ਇਤਿਹਾਸ ਦਾ ਇਹ ਅਜੀਬ ਵਿਅੰਗ ਸੀ ਕਿ ਇਹ ਯਾਦਾਂ ਇੱਕ ਦੂਜੇ ਤੋਂ ਉਲਟ ਇਤਿਹਾਸ ਦਾ ਬਿਰਤਾਂਤ ਸਿਰਜਦੀਆਂ ਹਨ। ਇਹ ਯਾਦਾਂ ਜਿੱਥੇ ਮਰਾਠਾ ਤੇ ਉੱਚ ਜਾਤੀਆਂ ਨੂੰ ਉਦਾਸ ਕਰਦੀਆਂ ਹਨ, ਉੱਥੇ ਦੂਜੇ ਪਾਸੇ ਦਲਿਤਾਂ ਨੂੰ ਇਸ ਘਟਨਾ ਵਿੱਚੋਂ ਆਪਣੀ ਸ਼ਾਨਾਮੱਤੀ ਬਹਾਦਰੀ, ਦਲੇਰੀ, ਦ੍ਰਿੜ੍ਹਤਾ ਅਤੇ ਪ੍ਰਚੰਡ ਅਣਖ ਦਾ ਦੀਦਾਰ ਹੁੰਦਾ ਹੈ। ਉਨ੍ਹਾਂ ਨੂੰ ਪੇਸ਼ਵਾ ਹਕੂਮਤ ਦੀ ਵਿਦਾਇਗੀ ਵਿੱਚੋਂ ਆਪਣੀ ਮੁਕਤੀ ਨਜ਼ਰ ਆਉਂਦੀ ਹੈ।

ਇਤਿਹਾਸ ਨੇ ਇਹ ਗਵਾਹੀ ਦਿੱਤੀ ਹੈ ਕਿ ਅੱਜ ਤੋਂ 200 ਸਾਲ ਪਹਿਲਾਂ ਅਰਥਾਤ ਪਹਿਲੀ ਜਨਵਰੀ 1818 ਨੂੰ ਆਖਰੀ ਪੇਸ਼ਵਾ ਬਾਜੀ ਰਾਓ (ਦੂਜਾ) ਅਤੇ ਅੰਗਰੇਜ਼ਾਂ ਵਿੱਚ ਇੱਕ ਫ਼ੈਸਲਾਕੁਨ ਯੁੱਧ ਹੋਇਆ। ਇਸ ਯੁੱਧ ਦੀ ਵਿਸ਼ੇਸ਼ ਗੱਲ ਇਹ ਸੀ ਕਿ ਇਸ ਵਿੱਚ ਇੱਕ ਪਾਸੇ ਮਹਾਰ ਬਰਾਦਰੀ ਦੇ ਸਿਪਾਹੀ ਸਨ, ਜੋ ਅੰਗਰੇਜ਼ਾਂ ਵੱਲੋਂ ਹੋ ਕੇ ਲੜੇ। ਉਹ ਪੇਸ਼ਵਾ ਦੀਆਂ ਨਜ਼ਰਾਂ ਵਿੱਚ ਸਭ ਤੋਂ ਨੀਵੀਂ ਜਾਤ ਦੇ ਲੋਕ ਸਨ ਅਤੇ ਲੜਾਈ ਸਮੇਂ ਉਨ੍ਹਾਂ ਦੀ ਗਿਣਤੀ 500 ਦੇ ਕਰੀਬ ਸੀ। ਦੂਜੇ ਪਾਸੇ ਪੇਸ਼ਵਾ ਦੇ ਫ਼ੌਜੀਆਂ ਦੀ ਗਿਣਤੀ 20 ਹਜ਼ਾਰ ਤੋਂ ਵੀ ਉੱਪਰ ਸੀ। ਪੇਸ਼ਵਾ ਦੀ ਫ਼ੌਜ ਹਾਰ ਗਈ ਅਤੇ ਜਿੱਤ ਦਾ ਸਿਹਰਾ ਮਹਾਰ ਫ਼ੌਜੀਆਂ ਨੂੰ ਜਾਂਦਾ ਹੈ, ਜਿਨ੍ਹਾਂ ਨੇ ਪੇਸ਼ਵਾ ਦਾ ਰਾਜ ਖ਼ਤਮ ਕਰਨ ਵਿੱਚ ਵੱਡਾ ਰੋਲ ਅਦਾ ਕੀਤਾ। ਉਸ ਤੋਂ ਪਿੱਛੋਂ ਅੰਗਰੇਜ਼ਾਂ ਨੇ ਭੀਮਾ-ਕੋਰੇਗਾਉਂ ਵਿੱਚ ਆਪਣੀ ਜਿੱਤ ਦੀ ਯਾਦਗਾਰ ਕਾਇਮ ਕੀਤੀ। ਦਿਲਚਸਪ ਗੱਲ ਇਹ ਹੋਈ ਕਿ ਦਲਿਤਾਂ ਲਈ ਇਹ ਯਾਦਗਾਰ ਉਨ੍ਹਾਂ ਦੀ ਆਪਣੀ ਯਾਦਗਾਰ ਬਣ ਗਈ ਅਤੇ ਇੱਕ ਤਰ੍ਹਾਂ ਨਾਲ ਉਨ੍ਹਾਂ ਲਈ ਤੀਰਥ ਸਥਾਨ ਬਣ ਗਿਆ। ਹਰ ਸਾਲ ਉਹ ਪਹਿਲੀ ਜਨਵਰੀ ਨੂੰ ਇਸ ਥਾਂ 'ਤੇ ਇਕੱਠੇ ਹੁੰਦੇ ਹਨ ਅਤੇ ਜੰਗ ਵਿੱਚ ਲੜੇ ਉਨ੍ਹਾਂ ਪੁਰਖਿਆਂ ਨੂੰ ਯਾਦ ਕਰਦੇ ਹਨ। ਜਿਨ੍ਹਾਂ ਨੇ ਪੇਸ਼ਵਾ ਵੱਲੋਂ ਉਨ੍ਹਾਂ ਨਾਲ ਕੀਤੇ ਧੱਕਿਆਂ, ਬੇਇਨਸਾਫ਼ੀਆਂ ਅਤੇ ਜ਼ੁਲਮਾਂ ਦਾ ਇਤਿਹਾਸਕ ਬਦਲਾ ਲਿਆ ਸੀ।

ਪਰ ਇਤਿਹਾਸ ਦੀ ਇੱਕ ਹੋਰ ਵਿਆਖਿਆ ਵੀ ਕੀਤੀ ਜਾਂਦੀ ਹੈ ਕਿਉਂਕਿ ਪਾਠ ਪੁਸਤਕਾਂ ਇਤਿਹਾਸ ਦਾ ਇੱਕ ਵੱਖਰਾ ਬਿਰਤਾਂਤ ਸਿਰਜਦੀਆਂ ਹਨ। ਇਸ ਵਿਆਖਿਆ ਮੁਤਾਬਕ ਇਹ ਯੁੱਧ ਅਸਲ ਵਿੱਚ ਅੰਗਰੇਜ਼ ਸਾਮਰਾਜਵਾਦ ਅਤੇ ਰਾਸ਼ਟਰਵਾਦ ਵਿਚਕਾਰ ਜੰਗ ਸੀ। ਇਸ ਲਈ ਅੰਗਰੇਜ਼ਾਂ ਨਾਲ ਹੋ ਕੇ ਲੜਨ ਵਾਲਿਆਂ ਨੂੰ ਇੱਕ ਇਤਿਹਾਸ ਰਾਸ਼ਟਰ ਵਿਰੋਧੀ ਵੀ ਕਹਿੰਦਾ ਹੈ। ਪਰ ਦਲਿਤ ਇਸ ਘਟਨਾ ਨੂੰ ਵੱਖਰੇ ਨਜ਼ਰੀਏ ਨਾਲ ਵੇਖਦੇ ਹਨ। ਦਲਿਤਾਂ ਦੀ ਮਾਨਸਿਕਤਾ ਵਿੱਚ ਵੱਖਰਾ ਦ੍ਰਿਸ਼ਟੀਕੋਣ ਸਥਾਪਤ ਕਰਨ ਅਤੇ ਇਸ ਘਟਨਾ ਵਿੱਚ ਨਵੀਂ ਰੂਹ ਫੂਕਣ ਦਾ ਕੰਮ ਅਸਲ ਵਿੱਚ ਦਲਿਤਾਂ ਦੇ ਮਸੀਹਾ ਬਾਬਾ ਸਾਹਿਬ ਅੰਬੇਦਕਰ ਦੇ ਹਿੱਸੇ ਆਇਆ, ਜਦੋਂ ਦਲਿਤ ਨੀਵੀਆਂ ਜਾਤੀਆਂ ਦੇ ਇਹ ਸਿਰਮੌਰ ਦਾਨਿਸ਼ਵਰ ਜਨਵਰੀ 1927 ਵਿੱਚ ਕੋਰੇਗਾਉਂ ਵਿੱਚ ਆਏ ਅਤੇ ਉਨ੍ਹਾਂ ਨੂੰ ਦਲਿਤਾਂ ਦੀ ਇਸ ਜਿੱਤ ਵਿੱਚ ਰੂਹਾਨੀ ਝਲਕ ਵੀ ਮਹਿਸੂਸ ਹੋਈ। ਬਸ, ਉਸ ਸਮੇਂ ਤੋਂ ਲੈ ਕੇ ਹਰ ਸਾਲ ਹਜ਼ਾਰਾਂ ਦਲਿਤ ਪਹਿਲੀ ਜਨਵਰੀ ਨੂੰ ਇਕੱਠੇ ਹੋ ਕੇ ਅਤੀਤ ਵਿੱਚ ਹੋਈ ਜਿੱਤ ਦਾ ਜਸ਼ਨ ਮਨਾਉਂਦੇ ਹਨ। ਪਰ ਇਸ ਸਾਲ ਇਹ ਗਿਣਤੀ ਲੱਖਾਂ ਤਕ ਪਹੁੰਚ ਗਈ ਸੀ। ਦੂਜੇ ਪਾਸੇ ਉੱਚ ਜਾਤੀਆਂ ਅਤੇ ਮਰਾਠਿਆਂ ਨੂੰ ਇਉਂ ਲੱਗਦਾ ਸੀ ਕਿ ਇਹ ਤਾਂ ਹੇਠਲੀ ਉੱਤੇ ਆ ਗਈ ਹੈ। ਇੰਜ ਬੀਤੇ ਦੇ ਇੱਕ ਦੌਰ ਵਿੱਚ ਦੋ ਯਾਦਾਂ ਇੱਕ-ਦੂਜੇ ਨਾਲ ਵਰਤਮਾਨ ਦੌਰ ਵਿੱਚ ਟਕਰਾਈਆਂ ਅਤੇ ਇਸ ਵਿੱਚ ਪਹਿਲ ਕਰਨ ਦਾ ਇਲਜ਼ਾਮ ਮਰਾਠਿਆਂ ਉੱਤੇ ਲੱਗਦਾ ਹੈ। ਸਾਰਾ ਮਹਾਰਾਸ਼ਟਰ ਹਿੰਸਾ ਦੀ ਲਪੇਟ ਵਿੱਚ ਆ ਗਿਆ ਅਤੇ ਰਾਜਨੀਤਕ ਵਿਦਵਾਨਾਂ ਅਤੇ ਪਾਰਟੀਆਂ ਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਹੈ ਕਿ ਉਹ ਲਕੀਰ ਦੇ ਇੱਕ ਪਾਸੇ ਖਲੋਣ, ਹਾਲਾਂਕਿ ਜਾਤਾਂ ਅਤੇ ਅੰਨ੍ਹੇ ਰਾਸ਼ਟਰਵਾਦ ਦੇ ਆਧਾਰ 'ਤੇ ਸਮਾਜ ਵਿੱਚ ਵੰਡੀਆਂ ਪਾਉਣ ਅਤੇ ਸਫਬੰਦੀ ਕਰਨ ਵਿੱਚ ਉਨ੍ਹਾਂ ਦਾ ਵੀ ਚੋਖਾ ਯੋਗਦਾਨ ਹੈ।

ਕਈ ਰਾਜਨੀਤਕ ਵਿਦਵਾਨ ਕੋਰੇਗਾਉਂ ਦੀ ਘਟਨਾ ਬਾਰੇ ਇਹ ਟਿੱਪਣੀ ਵੀ ਕਰਦੇ ਹਨ ਕਿ ਇਹ ਜੰਗ ਕੋਈ ਇਤਿਹਾਸਕ ਨਹੀਂ ਹੈ। ਇਹ ਯੁੱਧ ਤਾਂ ਅਸਲ ਵਿੱਚ ਆਪਣੀ ਵੱਖਰੀ ਪਹਿਚਾਣ ਦੀ ਜੱਦੋਜਹਿਦ ਸੀ, ਇਹ ਬਰਾਦਰੀ ਲਈ ਯੁੱਧ ਸੀ। ਸਮਾਜਿਕ ਬੇਇਨਸਾਫ਼ੀਆਂ ਵਿਰੁੱਧ ਫ਼ੈਸਲਾਕੁਨ ਸੰਘਰਸ਼ ਸੀ, ਜਿਸ ਵਿੱਚ ਦਲਿਤਾਂ ਨੇ ਇਹ ਸਿੱਧ ਕੀਤਾ ਕਿ ਉਹ ਵੀ ਕਿਸੇ ਨਾਲੋਂ ਘੱਟ ਨਹੀਂ ਅਤੇ ਜੇ ਉਨ੍ਹਾਂ ਨੂੰ ਮੌਕੇ ਦਿੱਤੇ ਜਾਣ ਤਾਂ ਉਹ ਹੋਰਨਾਂ ਨਾਲੋਂ ਦੋ ਰੱਤੀਆਂ ਵੱਧ ਹੀ ਹਨ। ਇੱਕ ਸਮਾਂ ਉਹ ਸੀ ਜਦੋਂ ਪੇਸ਼ਵਾ ਬਰਾਦਰੀ ਨੇ ਦਲਿਤਾਂ ਦੀ ਤਰਜ਼-ਏ-ਜ਼ਿੰਦਗੀ ਲਈ ਅਜਿਹੇ ਗ਼ੈਰ-ਮਨੁੱਖੀ ਨਿਯਮ ਕਾਇਮ ਕਰ ਦਿੱਤੇ ਕਿ ਉਨ੍ਹਾਂ ਨੇ ਅੰਗਰੇਜ਼ਾਂ ਦੀ ਫ਼ੌਜ ਵਿੱਚ ਭਰਤੀ ਹੋਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦੀ ਮਨਾਹੀ ਸੀ, ਸਾਂਝੇ ਤਲਾਬ ਅਤੇ ਖੂਹਾਂ ਤੋਂ ਪਾਣੀ ਨਹੀਂ ਭਰ ਸਕਦੇ ਸਨ, ਆਪਣੀ ਪਛਾਣ ਦੱਸਣ ਲਈ ਬਾਂਸ ਜਾਂ ਢੋਲ ਖੜਕਾਉਣਾ ਪੈਂਦਾ ਸੀ ਤਾਂ ਜੋ ਉੱਚ ਜਾਤੀ ਦੇ ਲੋਕ ਉਨ੍ਹਾਂ ਦੀ ਭਿੱਟ ਤੋਂ ਬਚ ਸਕਣ। ਉਹ ਹੁਣ ਇਉਂ ਮਹਿਸੂਸ ਕਰਦੇ ਹਨ ਕਿ ਸਦੀਆਂ ਤੋਂ ਉਨ੍ਹਾਂ ਉੱਤੇ ਢਾਹੇ ਜਾਣ ਵਾਲੇ ਜ਼ੁਲਮਾਂ ਦੀ ਦਾਸਤਾਨ ਕੋਰੇਗਾਉਂ ਵਿੱਚ ਇਕਾਗਰ ਹੋ ਜਾਂਦੀ ਹੈ, ਜਿੱਥੇ ਉਹ ਹਰ ਸਾਲ ਸਮਾਜਿਕ ਬੇਇਨਸਾਫ਼ੀ ਵਿਰੁੱਧ ਸੰਘਰਸ਼ ਕਰਨ ਦਾ ਇਕਰਾਰ ਕਰਦੇ ਹਨ। ਉਨ੍ਹਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਨ੍ਹਾਂ ਦਾ ਅਵਚੇਤਨ ਮਨ ਜਥੇਬੰਦਕ ਚੇਤਨਾ ਦਾ ਰੂਪ ਧਾਰ ਕੇ ਭੀਮਾ-ਕੋਰੇਗਾਉਂ ਵਿੱਚ ਇੱਕ ਨਵੀਂ ਅੰਗੜਾਈ ਭਰਦਾ ਹੈ।

ਇੱਕ ਹੋਰ ਨੁਕਤਾ ਵੀ ਦਿਲਚਸਪੀ ਨਾਲ ਵੇਖਿਆ ਜਾ ਰਿਹਾ ਹੈ। ਪੰਜਾਬ ਦੇ ਦਲਿਤ ਭਾਈਚਾਰੇ ਨੇ ਵੱਡੀ ਪੱਧਰ 'ਤੇ ਕੋਰੇਗਾਉਂ ਦੀ ਘਟਨਾ ਨਾਲ ਆਪਣੀ ਡੂੰਘੀ ਸਾਂਝ ਦਾ ਇਜ਼ਹਾਰ ਨਹੀਂ ਕੀਤਾ। ਪਰ ਇਸ ਰੁਝਾਨ ਨੂੰ ਹੈਰਾਨੀ ਤੇ ਦਿਲਚਸਪੀ ਨਾਲ ਵੇਖਿਆ ਜਾ ਰਿਹਾ ਹੈ ਕਿ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਲਿਤਾਂ ਦੇ ਦਰਦ ਨਾਲ ਆਪਣੀ ਸਾਂਝ ਅਤੇ ਹਮਾਇਤ ਦਾ ਪ੍ਰਗਟਾਵਾ ਕੀਤਾ। ਪੰਜਾਬ ਦੀ ਸਿਆਸਤ ਦੇ ਸੰਜੀਦਾ ਹਲਕਿਆਂ ਦਾ ਕਹਿਣਾ ਹੈ ਕਿ ਜੇਕਰ ਪੰਜਾਬ ਦੇ ਦਲਿਤ ਗੁਰ-ਇਤਿਹਾਸ ਨਾਲ ਜੁੜ ਕੇ ਦੇਸ਼ ਵਿੱਚ ਹੋਰਨੀਂ ਥਾਈਂ ਦਲਿਤਾਂ ਉੱਤੇ ਹੋ ਰਹੇ ਅੱਤਿਆਚਾਰਾਂ ਦੀ ਵਿਆਖਿਆ ਕਰਨ ਅਤੇ ਆਰਥਿਕ ਤੌਰ 'ਤੇ ਲੁੱਟੇ ਜਾ ਰਹੇ ਹੋਰਨਾਂ ਭਾਈਚਾਰਿਆਂ ਨਾਲ ਸਾਂਝ ਤੇ ਸਹਿਯੋਗ ਕਰਨ ਤਾਂ ਰਾਜਨੀਤੀ ਦੇ ਮੈਦਾਨ ਵਿੱਚ ਇੱਕ ਨਵੀਂ ਸਫਬੰਦੀ ਉੱਭਰ ਸਕਦੀ ਹੈ। ਸੰਜੀਦਾ ਹਲਕੇ ਆਮ ਆਦਮੀ ਪਾਰਟੀ ਦੀ ਪੰਜਾਬ ਲੀਡਰਸ਼ਿਪ ਨੂੰ ਸਵਾਲਾਂ ਦੇ ਘੇਰੇ ਵਿੱਚ ਲੈ ਕੇ ਆਏ ਹਨ। ਇਸ ਪਾਰਟੀ ਦੇ ਅੱਧੇ ਤੋਂ ਵੱਧ ਵਿਧਾਇਕ ਦਲਿਤ ਹਨ, ਪਰ ਕੋਰੇਗਾਉਂ ਘਟਨਾ ਦੀ ਮਹੱਤਤਾ ਪ੍ਰਤੀ ਉਨ੍ਹਾਂ ਦੀ ਬੇਰੁਖੀ ਇਸ ਹੱਦ ਤਕ ਵੇਖਣ ਵਿੱਚ ਆਈ ਹੈ ਕਿ ਉਨ੍ਹਾਂ ਵੱਲੋਂ ਇਸ ਵਿਆਪਕ ਵਰਤਾਰੇ ਬਾਰੇ ਕੋਈ ਹਾਂ-ਪੱਖੀ ਟਿੱਪਣੀ ਹੀ ਨਹੀਂ ਆਈ। ਕੀ ਇਹ ਇਸ ਕਰਕੇ ਹੈ ਕਿ 'ਆਪ' ਦੀ ਕੇਂਦਰੀ ਤੇ ਪੰਜਾਬ ਦੀ ਲੀਡਰਸ਼ਿਪ ਵਿੱਚ ਉੱਚੀਆਂ ਜਾਤੀਆਂ ਦਾ ਬੋਲਬਾਲਾ ਤੇ ਪ੍ਰਭਾਵ ਹੈ? ਜਾਂ ਕੀ ਦਲਿਤ ਵਿਧਾਇਕਾਂ ਅੰਦਰ ਦਲਿਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਦੀ ਹਿੰਮਤ, ਹੌਸਲਾ ਤੇ ਬੌਧਿਕ ਯੋਗਤਾ ਤੇ ਸਮਰੱਥਾ ਹੀ ਨਹੀਂ?

ਰਾਜ ਸਭਾ ਦੀ ਭੀਮਾ-ਕੋਰੇਗਾਉਂ ਘਟਨਾ ਬਾਰੇ ਬਹਿਸ ਵੀ ਕੁਲ ਮਿਲਾ ਕੇ ਅਮਨ-ਕਾਨੂੰਨ ਦੀ ਵਿਗੜੀ ਹਾਲਤ ਤਕ ਹੀ ਸੀਮਤ ਰਹੀ। ਕੋਰੇਗਾਉਂ ਤੋਂ ਪਾਰ ਜਾਣ ਤੇ ਵੇਖਣ ਦੇ ਯਤਨ ਨਹੀਂ ਹੋਏ। ਹੁਣ ਜਿੱਥੇ ਦਲਿਤਾਂ ਦੀ ਇਕਮੁੱਠਤਾ ਅਤੇ ਏਕਤਾ ਇੱਕ ਨਵਾਂ ਵਰਤਾਰਾ ਹੈ, ਉੱਥੇ ਮੁਕਾਬਲੇ ਵਿੱਚ ਇੱਕ ਹੋਰ ਸ਼ਕਤੀਸ਼ਾਲੀ ਵਰਤਾਰਾ ਵੀ ਉੱਭਰ ਕੇ ਸਾਹਮਣੇ ਆਇਆ ਹੈ, ਜਿਸ ਵਿੱਚ ਜੱਟ, ਜਾਟ, ਪਟੇਲ, ਮਰਾਠੇ ਅਤੇ ਇੱਥੋਂ ਤਕ ਬ੍ਰਾਹਮਣ ਵੀ ਦਲਿਤਾਂ ਵਾਂਗ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ। ਇਹ ਨਵ-ਰਾਖਵਾਂਕਰਨ ਦੀ ਮੰਗ ਕਿਹੜਾ ਮੋੜ ਕੱਟੇਗੀ, ਉਸ ਦੀ ਇੱਕ ਮਿਸਾਲ ਹਾਲ ਵਿੱਚ ਹੀ ਗੁਜਰਾਤ ਅਸੈਂਬਲੀ ਦੀਆਂ ਚੋਣਾਂ ਵਿੱਚ ਹਾਰਦਿਕ ਪਟੇਲ ਦਾ ਉੱਭਰਨਾ, ਫੈਲਣਾ ਤੇ ਪ੍ਰਭਾਵਸ਼ਾਲੀ ਹੋਣਾ ਹੈ। ਡੂੰਘੇ ਫਿਕਰਾਂ ਦੀਆਂ ਲਕੀਰਾਂ ਭਾਜਪਾ ਦੇ ਰਾਜਨੀਤਕ ਚਿਹਰਿਆਂ ਤੋਂ ਵੀ ਪੜ੍ਹੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੇ ਰਾਸ਼ਟਰਵਾਦ, ਦੇਸ਼ ਭਗਤੀ, ਮੁਸਲਮਾਨ ਵਿਰੋਧੀ ਤੇ ਹਿੰਦੂਤਵ ਦੇ ਨਾਂ ਹੇਠ ਬੇਲਗਾਮ ਤਾਕਤਾਂ ਨੂੰ ਗੁਪਤ ਤੇ ਪ੍ਰਤੱਖ ਹੱਲਾਸ਼ੇਰੀ ਦੇ ਕੇ ਇਹ ਹਾਲਤ ਪੈਦਾ ਕਰ ਦਿੱਤੀ ਹੈ ਕਿ ਉਨ੍ਹਾਂ ਦੀ ਆਪਣੀ ਸਿਰਜਣਾ ਹੀ ਹੁਣ ਉਨ੍ਹਾਂ ਲਈ ਮੁਸੀਬਤ ਬਣਦੀ ਜਾ ਰਹੀ ਹੈ। ਹਾਲਾਤ ਇਸ ਤਰ੍ਹਾਂ ਦੇ ਬਣਦੇ ਜਾ ਰਹੇ ਹਨ, ਜਿੱਥੇ ਰਾਜਨੀਤਕ ਵਿਰੋਧੀ ਇੱਕ ਮੰਚ ਉੱਤੇ ਇਕੱਠੇ ਹੋਣ ਦੇ ਆਸਾਰ ਪੈਦਾ ਹੋ ਗਏ ਹਨ। ਇੰਜ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਵੱਡੀਆਂ ਤੇ ਬੇਮਿਸਾਲ ਜਿੱਤਾਂ ਦੀਆਂ ਉਮੀਦਾਂ ਦੇ ਰਾਹ ਵਿੱਚ ਹੁਣ ਕਾਫ਼ੀ ਕੰਡੇ ਵਿਛ ਗਏ ਹਨ।



G.S. Pannu
(Immigration Consultant, LDA)

# PANNU'S
## LEGAL SERVICES

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu
(Owner)

VISA IN ONE DAY



Indian Passport




India Visa in 1 Day



OCI



US Passport

Power of Attorney & Other Services

510.677.8440

40757, Grimmer Blvd.
FREMONT
CA-94538

3810 Eau Claire Ave, Ceres,
MODESTO/CERES
CA-95307

220 Bush St/Montgomery St, #445
SAN FRANCISCO
(OPPOSITE INDIA VISA CENTER)

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar
& Delhi

ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS
4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Seattle ਵਾਸਤੇ ਹਰ ਵੇਲੇ ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

**ਸੰਪਰਕ:**
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

## ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
**ਤਜਿੰਦਰ ਸਿੰਘ 916-529-7877**
**ਜਸਜੀਤ ਸਿੰਘ ਫੋਨ :510 875 3279**

## NOW OPEN IN MODESTO/CERES



G.S. Pannu
Immigration Consultant-LDA

# PANNU'S
**LEGAL SERVICES** (Regd. & Bonded)
**510.677.5200**

**IMMIGRATION** ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

**DIVORCE**
- Petitions
- Child Support
- Child Visitation
- Child Custody
- Modification
- ...& related matters




LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY  CREDIT REPAIR/CLEAR
SMALL CLAIM COURT CASES  ...& help in legal documents preparation

**FREMONT**
40757 GRIMMER BLVD, CA 94538

**MODESTO/CERES**
3810 EAU CLAIRE AVE, CA 95307

ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70
Exit 137
Diesel/Gas

ਟਰੱਕਾਂ ਵਾਲੇ ਭਰਾਵਾਂ ਲਈ
**ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ
- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons
open 6am to midnight

**Phone: 765-478-6300**


Watch Your Favorite Channel
FREE PREVIEW
jus punjabi
MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com



# ਸੰਤਰੇਨ ਬਾਬਾ ਦਯਾ ਸਿੰਘ ਜੀ

## ਦੀ ਮਿੱਠੀ ਯਾਦ ਨੂੰ ਸਮਰਪਿਤ

## In Sweet Memories of

# SANTREN BABA DAYA SINGH JI

# ਵਿਸ਼ੇਸ਼ ਕੀਰਤਨ ਸਮਾਗਮ

## ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਊਂਡੇਸ਼ਨ ਵਿਖੇ

**AT GURDWARA SAHIB KHALSA CARE FOUNDATION**

**9989 Laurel Canyon Blvd, Pacoima CA 91331**

**21st January 2018, Sunday**



11.00 am to 12.00 pm KIRTAN BHAI VARINDER SINGH JI

12.00 pm to 01.00 pm RECORDED KATHA - SANT BABA DAYA SINGH JI

01.00 pm to 01.30 pm NAAM SIMRAN

Followed by Ardas Samapti & Guru Ka Langar

**BHAI KANHAIYA JEE LANGAR SEWA DAL**

FOR MORE INFORMATION PLEASE CONTACT:

BALDEV SINGH (818) 468-9595 BALWINDER SINGH (818) 404-0811

MAKHAN SINGH (661) 225-7157 PARAMJIT SINGH (626) 354-6653

# Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

info@webmediaart.com
www.webmediaart.com

## ਜ਼ਿੰਦਗੀ ਨੂੰ ਸੁਹਾਵਣੀ ਬਣਾਓ

# 'ਦ ਕੰਪਨੀ ਯੂ ਕੀਪ'

## ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

## ਸਿਮਰਨ ਕੌਰ ਅਟਵਾਲ

ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

## ਸਾਹਿਬਜ਼ਾਦਿਆਂ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਕਰਵਾਇਆ

**ਫਰੀਮਾਂਟ/ਬਿਊਰੋ ਨਿਊਜ਼** ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 22 ਦਸੰਬਰ ਤੋਂ ਲੈ ਕੇ 29 ਦਸੰਬਰ 2017 ਤੱਕ ਨਿੱਕੀਆਂ ਜਿੰਦਾਂ ਵੱਡੇ ਸਾਕੇ ਦੇ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਪ੍ਰੋਗਰਾਮ ਕਰਵਾਇਆ। ਗੁਰਦੁਆਰਾ ਸਾਹਿਬ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਵੱਲੋਂ ਸ਼ਹਾਦਤਾਂ ਨੂੰ ਸਮਰਪਿਤ ਉਲੀਕੇ ਗਏ ਇਸ ਪ੍ਰੋਗਰਾਮ ਵਿਚ ਖਾਲਸਾ ਸਕੂਲ ਦੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਅਤੇ ਸਿੱਖ ਸੰਗਤਾਂ ਨੇ ਵਧ ਚੜ੍ਹ ਕੇ ਹਿੱਸਾ ਲਿਆ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਕੁਰਬਾਨੀਆਂ ਭਾਵੇਂ ਸਾਹਿਬਜ਼ਾਦਿਆਂ ਅਤੇ ਗੁਰੂ ਦੇ ਪਿਆਰੇ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਸੀਸ ਝੁਕਾਉਂਦਿਆਂ ਹੋਇਆਂ ਬੱਚਿਆਂ ਨੂੰ ਗੁਰ ਇਤਿਹਾ ਅਤੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਇਤਿਹਾਸ ਪ੍ਰਤੀ ਦ੍ਰਿੜਤਾ ਪੈਦਾ ਕਰਨ ਲਈ 7 ਸਾਲ ਤੋਂ ਲੈ ਕੇ 16 ਸਾਲ ਤੱਕ ਦੇ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕੇ ਗਏ। ਜਿਨ੍ਹਾਂ ਵਿਚ ਦਸਤਾਰ ਮੁਕਾਬਲੇ, ਲੜਕੇ ਅਤੇ ਲੜਕੀਆਂ ਦੇ ਲੇਖ ਮੁਕਾਬਲੇ, ਭਾਸ਼ਣ ਮੁਕਾਬਲੇ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ। ਇਨ੍ਹਾਂ ਸਾਰੇ ਹੀ ਮੁਕਾਬਲਿਆਂ ਵਿਚ ਬੱਚਿਆਂ ਨੇ ਵੱਡੀ ਗਿਣਤੀ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਪਹਿਲੀਆਂ, ਦੂਜੀਆਂ ਅਤੇ ਤੀਜੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਗੁਰਦੁਆਰਾ ਸਾਹਿਬ ਵੱਲੋਂ ਬੱਚਿਆਂ ਦੀ ਹੌਸਲਾ ਅਫ਼ਜਾਈ ਕਰਦਆਂ ਹੋਇਆਂ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਵੱਖੋ-ਵੱਖ ਮੁਕਾਬਲਿਆਂ ਵਿਚ ਉਮਰ ਦੇ ਹਿਸਾ ਨਾਲ ਹਿੱਸਾ ਲੈਣ ਵਾਲੇ ਅਤੇ ਪਹਿਲੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦੇ ਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ : 7-9 ਸਾਲ ਉਮਰ ਮੁੰਡਿਆਂ ਦੇ ਦਸਤਾਰਬੰਦੀ ਮੁਕਾਬਲੇ ਵਿਚ ਸਾਹਿਬ ਸਿੰਘ ਨੇ ਪਹਿਲਾ, ਅਰਜਨ ਸਿੰਘ ਨੇ ਦੂਜਾ ਅਤੇ ਗੁਰਜੋਤ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ, 9-11 ਸਾਲ ਉਮਰ ਵਰਗ ਵਿਚ ਅਰਸ਼ਵੀਰ ਸਿੰਘ ਨੇ ਪਹਿਲਾ, ਸ਼ਹਿਬਾਜ਼ ਸਿੰਘ ਨੇ ਦੂਜਾ ਅਤੇ ਦਿਲਸ਼ਾਨ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। 12-16 ਸਾਲ ਉਮਰ ਵਰਗ ਵਿਚ ਰਣਬੀਰ ਸਿੰਘ ਪਹਿਲੇ, ਸਾਹਿਬਜੋਤ ਸਿੰਘ ਦੂਜੇ ਅਤੇ ਅਭੈ ਸਿੰਘ ਤੀਜੇ ਸਥਾਨ 'ਤੇ ਰਹੇ। ਲੜਕੀਆਂ ਵਿਚ 7 ਤੋਂ 9 ਸਾਲ ਉਮਰ ਵਰਗ ਵਿਚ ਪਹਿਲੇ ਸਥਾਨ 'ਤੇ ਜਿੰਦ ਕੌਰ, ਦੂਜੇ 'ਤੇ ਤਨਰੂਪ ਕੌਰ ਅਤੇ ਤੀਜੇ ਸਥਾਨ 'ਤੇ ਸ਼ੁਭਪ੍ਰੀਤ ਕੌਰ ਰਹੀ। ਇਸੇ ਤਰ੍ਹਾਂ ਕੁੜੀਆਂ ਦੇ 9-11 ਸਾਲ ਵਰਗ ਵਿਚ ਹਰਜਾਪ ਕੌਰ ਅਤੇ 12-16 ਸਾਲ ਵਰਗ ਵਿਚ ਜਾਸਮੀਨ ਕੌਰ ਪਹਿਲੇ ਸਥਾਨ 'ਤੇ ਰਹੀਆਂ। ਲੇਖ ਮੁਕਾਬਲੇ ਵਿਚ 7-9 ਸਾਲ ਉਮਰ ਵਰਗ ਵਿਚ ਸਿਮਰ ਕੌਰ, 9-12 ਉਮਰ ਵਰਗ 'ਚ ਸਹਿਬਾਜ਼ ਸਿੰਘ ਅਤੇ 12-16 ਸਾਲ ਵਰਗ ਵਿਚ ਗੁਰਸਿਮਰਨ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਭਾਸ਼ਣ ਮੁਕਾਬਲੇ ਵਿਚ ਅਵੀਨਾਸ਼ ਕੌਰ, ਦਿਲਸ਼ਾਨ ਸਿੰਘ ਅਤੇ ਗੁਰਸਿਮਰਨ ਸਿੰਘ ਅਵੱਲ ਰਹੇ। ਇਸ ਮੌਕੇ ਸਿੱਖ ਇਤਿਹਾਸ ਸਬੰਧੀ ਸਵਾਲ-ਜਵਾਬ ਮੁਕਾਬਲਾ ਵੀ ਕਰਵਾਇਆ ਗਿਆ। ਇਸ ਤੋਂ ਇਲਾਵਾ 25 ਦਸੰਬਰ ਤੋਂ ਲੈ ਕੇ 30 ਦਸੰਬਰ ਤੱਕ ਬੱਚਿਆਂ ਦਾ ਵਿਸ਼ੇਸ਼ ਗੁਰਮਤਿ ਕੈਂਪ ਵੀ ਲਗਾਇਆ ਗਿਆ ਅਤੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਮਿਲੇ ਅਥਾਹ ਸਹਿਯੋਗ ਦਾ ਧੰਨਵਾਦ ਕਰਦਿਆਂ ਇਹੋ ਜਿਹੇ ਪ੍ਰੋਗਰਾਮਾਂ ਨੂੰ ਭਵਿੱਖ 'ਚ ਵਧ ਚੜ੍ਹ ਕੇ ਕਰਵਾਉਣ ਦਾ ਫੈਸਲਾ ਕੀਤਾ ਗਿਆ।

# ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

ਫਰੀਮਾਂਟ/ਬਿਊਰੋ ਨਿਊਜ਼ : ਗੁਰਦੁਆਰਾ ਸਾਹਿਬ ਫਰੀਮਾਂਟ ਕੈਲੇਫੋਰਨੀਆ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ 1 ਜਨਵਰੀ ਤੋਂ 7 ਜਨਵਰੀ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। 05 ਜਨਵਰੀ ਨੂੰ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਜਿਨ੍ਹਾਂ ਵਿਚ ਕੌਮ ਦੇ ਪ੍ਰਸਿੱਧ ਕਥਾਵਾਚਕ ਭਾਈ ਲਖਵਿੰਦਰ ਸਿੰਘ ਜੀ ਨੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਵਿਦਵਾਨ ਕੀਰਤਨੀਏ ਰਾਗਾਂ ਦੇ ਮਾਹਿਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਕਲਾਸੀਕਲ ਵਿਭਾਗ ਦੇ ਮੁਖੀ ਡਾਥ ਗੁਰਨਾਮ ਸਿੰਘ ਜੀ ਹੁਰਾਂ ਨੇ ਰਾਗਾਂ 'ਤੇ ਆਧਾਰਤ ਬਾਣੀ ਦਾ ਕੀਰਤਨ ਕੀਤਾ। ਇਨ੍ਹਾਂ ਤੋਂ ਇਲਾਵਾ ਧੰਨ ਗੁਰੂ ਰਾਮਦਾਸ ਪਾਤਸ਼ਾਹ ਦੇ ਵਰੋਸਾਏ ਕੀਰਤਨੀਏ ਸੱਚ ਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਦੇ ਕੀਰਤਨੀਏ ਜਥੇ ਨੇ ਪਾਵਨ ਬਾਣੀ ਦੇ ਕੀਰਤਨ ਅਤੇ ਬਾਣੀ ਵਿਚਾਰ ਅਤੇ ਇਤਿਹਾਸ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਫਰੀਮਾਂਟ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ ਦੇ ਜਥੇ ਨੇ ਵੀ ਹਾਜ਼ਰੀ ਭਰ ਕੇ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# "ਪੰਜਾਬ ਸਿੰਘ" 19 ਜਨਵਰੀ ਨੂੰ ਬਣੇਗੀ ਸਿਨਮਿਆਂ ਦਾ ਸ਼ਿੰਗਾਰ






ਲੁਧਿਆਣਾ/ਬਿਊਰੋ ਨਿਊਜ਼: ਧੜਧੜ ਬਣ ਰਹੀਆਂ ਪੰਜਾਬੀ ਫਿਲਮਾਂ ਦੀ ਸੂਚੀ ਵਿਚ ਇਕ ਹੋਰ ਨਵੇਂ ਕੌਂਸਪਟ ਤੇ ਕੰਟੈਂਟ ਵਾਲੀ ਪੰਜਾਬੀ ਫਿਲਮ ਦਾ ਨਾਂ ਵੀ ਜੁੜਣ ਵਾਲਾ ਹੈ ਜਿਹਦਾ ਨਾਂ ਹੈ, "ਪੰਜਾਬ ਸਿੰਘ" ਇਹ ਫਿਲਮ ਬਿਗ ਹਾਈਟਜ਼ ਮੋਸ਼ਨ ਪਿਕਚਰਸ ਦੀ ਪਹਿਲੀ ਫਿਲਮ ਹੈ ਇਸ ਫਿਲਮ ਦੇ ਨਿਰਦੇਸ਼ਕ ਨੇ ਤਾਜ, ਇਸ ਫਿਲਮ ਦੀ ਨਿਰਮਾਤਾ ਹੈ ਮਾਹੀ ਔਲਖ ਤੇ ਪੀਬੀਆਰ ਇੰਟਰਟੈਂਮੈਂਟ ਤੇ ਸਹਿ-ਨਿਰਮਾਤਾ ਨੇ ਬਲੂ ਹੋਰਸੇ ਇੰਟਰਟੈਂਨਮੈਂਟ, ਰਿੱਚ ਹੋਡਜ਼, ਸਨੀ ਗੁੱਗੂ ਤੇ ਜੈਸਲ ਇੰਟਰਟੈਂਨਮੈਂਟ ਇਸ ਫਿਲਮ ਨੂੰ ਬਹੁਤ ਹੀ ਸੋਹਣੇ ਤਰੀਕੇ ਨਾਲ ਲਿਖਿਆ ਹੈ ਗੁਰਜਿੰਦ ਮਾਨ ਨੇ ਤੇ 19 ਜਨਵਰੀ ਨੂੰ ਫਿਲਮ ਰਿਲੀਜ਼ ਹੋ ਰਹੀ ਏ ਫਿਲਮ ਦੀ ਵਰਲਡਾਵਾਈਡ ਡਿਸਟ੍ਰਿਬੁਸ਼ਨ ਦਾ ਜਿੰਮਾ ਚੱਕਿਆ ਹੈ ਉਸ ਦੀ ਪ੍ਰੋਡਕਸ਼ਨ ਨੇ। ਇਸ ਪਰਿਵਾਰਕ, ਥ੍ਰਿਲਰ, ਐਕਸ਼ਨ ਤੇ ਡ੍ਰਾਮਾ ਫਿਲਮ ਚ ਮੁੱਖ ਭੂਮਿਕਾਵਾਂ ਗੁਰਜਿੰਦ ਮਾਨ, ਸਾਰਥੀ ਕੇ, ਕੁਲਜਿੰਦਰ ਸਿੱਧੂ, ਆਸ਼ੀਸ਼ ਦੁੱਗਲ, ਅਰੁਣ ਬਾਲੀ, ਅਨੀਤਾ ਦੇਵਗਨ, ਐਨੀ ਸੇਖੋਂ, ਬੋਨੀ ਮਾਂਗਟ, ਯਾਦ ਗਰੇਵਾਲ, ਡੈਵੀ ਸਿੰਘ, ਰੁਪਿੰਦਰ ਰੂਪੀ, ਸਵੇਤਾ ਗਰੇਵਰ, ਮਨੀ ਕੁਲਾਰ, ਵਿਕਾਸ ਕੋਹਲੀ ਤੇ ਹਨੀ ਸ਼ੇਰਗਿੱਲ ਨੇ ਨਿਭਾਈਆਂ ਹਨ।

ਲੀਡ ਐਕਟਰ, ਗੁਰਜਿੰਦ ਮਾਨ ਨੇ ਕਿਹਾ, "ਆਪਣੀ ਫਿਲਮ", "ਪੰਜਾਬ ਸਿੰਘ" ਜੋ ਕਿ ਮੇਰੇ ਹੋਮ ਪ੍ਰੋਡਕਸ਼ਨ ਦੀ ਪਹਿਲੀ ਫਿਲਮ ਹੈ ਨੂੰ ਲੈ ਕੇ ਮੈਂ ਬਹੁਤ ਖੁਸ਼ ਹਾਂ ਤੇ ਉਤਸ਼ਾਹਿਤ ਹਾਂ ਉਨ੍ਹਾਂ ਅੱਗੇ ਕਿਹਾ "ਇਹ ਪਰਿਵਾਰਕ ਦੇ ਨਾਲ ਨਾਲ ਥੋੜੀ ਜਿਹੀ ਐਕਸ਼ਨ ਤੇ ਥ੍ਰਿਲਰ ਫਿਲਮ ਹੈ ਇਹ ਇਕ ਬਹੁਤ ਹੀ ਆਮ ਇਨਸਾਨ ਦੀ ਕਹਾਣੀ ਹੈ ਜੋ ਕੇ ਕੁਛ ਵਿਪਰੀਤ ਸਥਿਤੀ ਚ ਕਿਸੀ ਮਾਫੀਆ ਗੁਰੱਪ ਚ ਸ਼ਾਮਲ ਹੋ ਜਾਂਦਾ ਹੈ ਤੇ ਇਕ ਨਾਮੀ ਬਦਮਾਸ਼ ਬਣ ਜਾਂਦਾ ਹੈ ਇਸ ਤੋਂ ਜਾਂਦਾ ਫਿਲਮ ਦੇ ਬਾਰੇ ਦਸ ਨਹੀਂ ਸਕਦੇ ਪਰ ਸਾਨੂੰ ਪੂਰਾ ਵਿਸ਼ਵਾਸ ਹੈ ਕੇ ਇਹ ਫਿਲਮ ਦਰਸ਼ਕਾਂ ਤੇ ਇਕ ਛਾਪ ਜ਼ਰੂਰ ਛੱਡੇਗੀ।

ਨਿਰਦੇਸ਼ਕ ਤਾਜ ਨੇ ਕਿਹਾ, "ਮੇਰੇ ਲਈ ਇਹ ਬਹੁਤ ਹੀ ਗਰਵ ਦੀ ਗੱਲ ਹੈ ਤੇ ਮੈਂ ਬਹੁਤ ਹੀ ਖੁਸ਼ ਹਾਂ ਕਿ ਬਿਗ ਹਾਈਟਜ਼ ਮੋਸ਼ਨ ਪਿਕਚਰਸ ਦੀ ਪਹਿਲੀ ਫਿਲਮ ਨੂੰ ਡਾਇਰੈਕਟ ਕਰਨ ਦਾ ਮੌਕਾ ਦਿੱਤਾ ਇਸ ਟੀਮ ਦੇ ਨਾਲ ਕੰਮ ਕਰਨ ਦਾ ਤਜਰਬਾ ਬਹੁਤ ਹੀ ਵਧੀਆਂ ਤੇ ਯਾਦਗਾਰ ਰਿਹਾ, ਇਸ ਫਿਲਮ ਨੂੰ ਲੈ ਕੇ ਬਹੁਤ ਹੀ ਸਕਾਰਤਮਕ ਹਾਂ ਤੇ ਵਿਸ਼ਵਾਸ ਦੁਵਾਉਣਾ ਕੇ ਇਹ ਫਿਲਮ ਦਰਸ਼ਕਾਂ ਤੇ ਆਪਣਾ ਪ੍ਰਭਾਵ ਜ਼ਰੂਰ ਛੱਡੇਗੀ।

ਨਿਰਮਾਤਾ ਮਾਹੀ ਔਲਖ ਨੇ ਦਸਿਆ ਕਿ ਇਸ ਪ੍ਰੋਜੈਕਟ ਤੇ ਕੰਮ ਕਰਕੇ ਬਹੁਤ ਖੁਸ਼ ਹਨ ਉਨ੍ਹਾਂ ਕਿਹਾ ਕੇ ਅੱਜਕਲ ਲੋਕਾਂ ਕੋਲ ਜਾਂਦਾ ਟਾਈਮ ਨਹੀਂ ਹੈ ਤੇ ਅਸੀਂ ਸੋਚਿਆ ਕਿ ਕੁਝ ਇਸ ਤਰ੍ਹਾਂ ਦੀ ਫਿਲਮ ਬਣਾਈਏ ਕਿ ਦਰਸ਼ਕ ਆਪਣੀ ਸਾਰੀ ਟੈਂਸ਼ਨਾਂ ਫਿਲਮ ਹਾਲ ਦੇ ਬਾਹਰ ਹੀ ਰੱਖ ਕੇ ਜਾਣ।

ਫਿਲਮ ਦਾ ਸੰਗੀਤ ਤਿਆਰ ਕੀਤਾ ਹੈ ਮਸ਼ਹੂਰ ਸੰਗੀਤਕਾਰ ਗੁਰਚਰਨ ਸਿੰਘ, ਦਿਲਜੀਤ, ਡੀਜੇ ਨਰਿੰਦਰ ਅਤੇ ਵਿਕਾਸ ਸੁਨੀਲ ਨੇ ਗੁਰਜਿੰਟ ਮਾਨ ਨੇ ਲਿਖੇ ਨੇ ਗੀਤਾਂ ਦੇ ਬੋਲ, ਗੁਰਦਾਸ ਮਾਨ, ਰਣਜੀਤ ਬਾਵਾ, ਨਿੰਜਾ, ਨੂਰਾ ਸਿਸਟਰਜ, ਰੁਪਿੰਦਰ ਹਾਂਡਾ ਤੇ ਕਮਲ ਖਾਨ ਨੇ ਗਾਏ ਨੇ ਫਿਲਮ ਦੇ ਗਾਣੇ। ਇਹ ਫਿਲਮ 40 ਦਿਨਾਂ ਚ ਅੰਮ੍ਰਿਤਸਰ ਤੇ ਰਾਜਸਥਾਨ ਵਿਚ ਸ਼ੂਟ ਕੀਤੀ ਗਈ ਹੈ ।

CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229
Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!
5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM




SAVE UPTO 24¢

PER GALLON ON DIESEL






FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਭਾਰਤ ਤੇ ਇਜ਼ਰਾਇਲ ਵਲੋਂ ਆਪਸੀ ਸਬੰਧ ਹੋਰ ਮਜਬੂਤ ਕਰਨ ਦਾ ਅਹਿਦ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਦੇ ਸਵਾਗਤ ਲਈ ਪ੍ਰੋਟੋਕੋਲ (ਸ਼ਿਸ਼ਟਾਚਾਰ) ਤੋੜਦਿਆਂ ਉਨ੍ਹਾਂ ਦੇ ਸਵਾਗਤ ਲਈ ਹਵਾਈ ਅੱਡੇ ਪਹੁੰਚ ਗਏ। ਜਿਵੇਂ ਹੀ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸੇਰਾ ਨੇ ਲਾਲ ਕਾਲੀਨ 'ਤੇ ਪੈਰ ਧਰਿਆ ਤਾਂ ਮੁਸਕਰਾ ਰਹੇ ਮੋਦੀ ਨੇ ਇਜ਼ਰਾਇਲੀ ਆਗੂ ਨੂੰ ਜੱਫੀ ਪਾ ਲਈ ਅਤੇ ਫਿਰ ਜੋੜੇ ਨਾਲ ਹੱਥ ਮਿਲਾਇਆ। ਨੇਤਨਯਾਹੂ ਦੇ ਹਵਾਲੇ ਨਾਲ ਯੋਰੋਸ਼ਲਮ ਪੋਸਟ' ਨੇ ਲਿਖਿਆ ਮੋਦੀ ਦੀ ਗਰਮਜੋਸ਼ੀ ਦੀ ਪ੍ਰਸ਼ੰਸਾ।' ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਵੀਸ਼ ਕੁਮਾਰ ਨੇ ਕਿਹਾ ਕਿ ਸ੍ਰੀ ਮੋਦੀ ਨੇ ਪ੍ਰੋਟੋਕੋਲ ਤੋਂ ਕਿਨਾਰਾ ਕਰਦਿਆਂ ਨੇਤਨਯਾਗੂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਹ ਦੌਰਾ ਭਾਰਤ ਅਤੇ ਇਜ਼ਰਾਈਲ ਦਰਮਿਆਨ ਰਸਮੀ ਰਿਸ਼ਤਿਆਂ ਦੀ ਸ਼ੁਰੂਆਤ ਦਾ ਸਿਲਵਰ ਜੁਬਲੀ ਵਰ੍ਹਾ ਹੈ। ਇਜ਼ਰਾਈਲ ਦੇ ਤਤਕਾਲੀ ਪ੍ਰਧਾਨ ਮੰਤਰੀ ਏਰੀਅਲ ਸ਼ੇਰੋਨ ਦੇ 2003 ਦੇ ਦੌਰੇ ਮਗਰੋਂ ਇਹ ਕਿਸੇ ਇਜ਼ਰਾਇਲੀ ਪ੍ਰਧਾਨ ਮੰਤਰੀ ਦਾ ਪਹਿਲਾ ਦੌਰਾ ਹੈ। ਸ੍ਰੀ ਮੋਦੀ ਨੇ ਟਵੀਟ ਕਰਕੇ ਕਿਹਾ, "ਮੇਰੇ ਦੋਸਤ, ਭਾਰਤ 'ਚ ਤੁਹਾਡਾ ਸਵਾਗਤ ਹੈ। ਤੁਹਾਡਾ ਭਾਰਤ ਦੌਰਾ ਇਤਿਹਾਸਕ ਅਤੇ ਖਾਸ ਹੈ। ਦੌਰੇ ਨਾਲ ਦੋਵੇਂ ਮੁਲਕਾਂ ਵਿਚਕਾਰ ਰਿਸ਼ਤੇ ਹੋਰ ਮਜ਼ਬੂਤ ਹੋਣਗੇ।" ਜਹਾਜ਼ 'ਚ ਚੜ੍ਹਨ ਤੋਂ ਪਹਿਲਾਂ ਨੇਤਨਯਾਹੂ ਨੇ ਕਿਹਾ ਸੀ, "ਅਸੀਂ ਇਜ਼ਰਾਈਲ ਅਤੇ ਅਹਿਮ ਆਲਮੀ ਤਾਕਤ ਨਾਲ ਰਿਸ਼ਤੇ ਮਜ਼ਬੂਤ ਕਰ ਰਹੇ ਹਾਂ। ਇਸ ਨਾਲ ਸਾਨੂੰ ਸੁਰੱਖਿਆ, ਅਰਥਚਾਰੇ, ਵਪਾਰ, ਸੈਰ ਸਪਾਟੇ ਅਤੇ ਹੋਰ ਕਈ ਮੁੱਦਿਆਂ 'ਤੇ ਸਹਾਇਤਾ ਮਿਲੇਗੀ। ਇਜ਼ਰਾਈਲ ਲਈ ਇਹ ਬੜੇ ਮਾਣ ਵਾਲੀ ਗੱਲ ਹੈ।" ਨੇਤਨਯਾਹੂ ਅਤੇ ਮੋਦੀ ਵੱਲੋਂ ਦੁਵੱਲੇ ਸਬੰਧਾਂ ਅਤੇ ਆਲਮੀ ਹਾਲਾਤ ਸਮੇਤ ਹੋਰ ਵਿਸ਼ਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤੇ ਜਾਣ ਦੀ ਸੰਭਾਵਨਾ ਹੈ। ਇਜ਼ਰਾਇਲੀ ਆਗੂ ਨਾਲ ਦਰਜਨਾਂ ਕਾਰੋਬਾਰੀ ਵੀ ਆਏ ਹਨ ਅਤੇ ਉਹ ਗੁਜਰਾਤ ਦੇ ਵਦਰਾਡ 'ਚ ਖੇਤੀਬਾੜੀ ਐਕਸੀਲੈਂਸੀ ਸੈਂਟਰ ਦਾ ਦੌਰਾ ਵੀ ਕਰਨਗੇ। ਉਹ ਆਗਰਾ 'ਚ ਤਾਜ ਮਹੱਲ ਦੇਖਣ ਦੇ ਨਾਲ ਮੁੰਬਈ ਵੀ ਜਾਣਗੇ।



ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਗੱਲਵਕੜੀ ਪਾ ਕੇ ਸਵਾਗਤ ਕਰਦੇ ਹੋਏ ਨਰਿੰਦਰ ਮੋਦੀ। ਤਸਵੀਰ 'ਚ ਬੈਂਜਾਮਿਨ ਨੇਤਨਯਾਹੂ ਦੀ ਪਤਨੀ ਸੇਰਾ ਵੀ ਦਿਖਾਈ ਦੇ ਰਹੀ ਹੈ

***ਤੀਨ ਮੂਰਤੀ ਚੌਕ ਦਾ ਨਾਮ ਹਾਇਫਾ ਚੌਕ ਹੋਇਆ:*** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਦੀ ਹਾਜ਼ਰੀ 'ਚ ਐਤਵਾਰ ਨੂੰ ਹੋਏ ਸਮਾਗਮ ਦੌਰਾਨ ਤੀਨ ਮੂਰਤੀ ਚੌਕ ਦਾ ਨਾਮ ਬਦਲ ਕੇ ਤੀਨ ਮੂਰਤੀ-ਹਾਇਫਾ ਚੌਕ ਰੱਖ ਦਿੱਤਾ ਗਿਆ। ਦੋਵੇਂ ਆਗੂਆਂ ਨੇ ਯਾਦਗਾਰ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਥੇ ਰੱਖੀ ਵਿਜ਼ਟਰ ਬੁੱਕ ਚ ਦਸਤਖ਼ਤ ਵੀ ਕੀਤੇ।

***ਨਾਰੀਮਨ ਹਾਊਸ ਨੂੰ ਯਾਦਗਾਰ ਬਣਾਇਆ ਜਾਵੇਗਾ:*** ਮੁੰਬਈ 'ਚ 26/11 ਦੇ ਦਹਿਸ਼ਤੀ ਹਮਲੇ ਦਾ ਸ਼ਿਕਾਰ ਬਣੇ ਨਾਰੀਮਨ ਹਾਊਸ ਨੂੰ ਯਾਦਗਾਰ ਵਜੋਂ ਤਬਦੀਲ ਕੀਤਾ ਜਾ ਰਿਹਾ ਹੈ ਜੋ ਉਥੇ ਮਾਰੇ ਗਏ ਲੋਕਾਂ ਨੂੰ ਸਮਰਪਿਤ ਹੋਵੇਗੀ। ਇਸ ਦਾ ਰਸਮੀ ਐਲਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਮੁੰਬਈ ਦੌਰੇ ਮੌਕੇ ਕੀਤਾ ਜਾਵੇਗਾ। ਬਾਅਦ ਵਿੱਚ ਸ੍ਰੀ ਮੋਦੀ ਨੇ ਸ੍ਰੀ ਨੇਤਨਯਾਹੂ ਅਤੇ ਉਨ੍ਹਾਂ ਦੀ ਪਤਨੀ ਸੇਰਾ ਨੂੰ ਆਪਣੀ ਰਿਹਾਇਸ਼ ਵਿਖੇ ਰਾਤਰੀ ਭੋਜ ਦਿੱਤਾ।

## ਭਾਰਤ ਤੇ ਇਜ਼ਰਾਈਲ ਵਿਚਾਲੇ ਸਾਈਬਰ ਸੁਰੱਖਿਆ ਸਮੇਤ ਅਹਿਮ ਖੇਤਰਾਂ 'ਚ ਸਹਿਯੋਗ ਬਾਰੇ ਸਮਝੌਤੇ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਅਤੇ ਇਜ਼ਰਾਈਲ ਨੇ ਸਾਈਬਰ ਸੁਰੱਖਿਆ ਸਮੇਤ ਅਹਿਮ ਖੇਤਰਾਂ 'ਚ ਸਹਿਯੋਗ ਲਈ 9 ਸਮਝੌਤਿਆਂ 'ਤੇ ਅੱਜ ਦਸਤਖ਼ਤ ਕੀਤੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਜ਼ਰਾਇਲੀ ਹਮਰੁਤਬਾ ਬੈਂਜਾਮਿਨ ਨੇਤਨਯਾਹੂ ਨੇ ਰੱਖਿਆ ਅਤੇ ਅਤਿਵਾਦ ਵਿਰੋਧੀ ਰਣਨੀਤਕ ਖੇਤਰਾਂ 'ਚ ਸਬੰਧ ਮਜ਼ਬੂਤ ਕਰਨ ਲਈ ਗੱਲਬਾਤ ਕੀਤੀ। ਸ੍ਰੀ ਮੋਦੀ ਨੇ ਇਜ਼ਰਾਇਲੀ ਰੱਖਿਆ ਕੰਪਨੀਆਂ ਨੂੰ ਭਾਰਤ 'ਚ ਸਾਂਝੇ ਉਤਪਾਦਨ ਦਾ ਸੱਦਾ ਵੀ ਦਿੱਤਾ। ਨੇਤਨਯਾਹੂ ਨਾਲ ਸਾਂਝੇ ਤੌਰ 'ਤੇ ਮੀਡੀਆ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ,"ਭਾਰਤ ਅਤੇ ਇਜ਼ਰਾਈਲ ਖੇਤੀਬਾੜੀ, ਤਕਨਾਲੋਜੀ ਅਤੇ ਸੁਰੱਖਿਆ ਜਿਹੇ ਖੇਤਰਾਂ 'ਚ ਸਹਿਯੋਗ ਦੇ ਮੌਜੂਦਾ ਥੰਮ੍ਹਾਂ ਨੂੰ ਹੋਰ ਮਜ਼ਬੂਤ ਕਰਨਗੇ।" ਸ੍ਰੀ ਮੋਦੀ ਨੂੰ 'ਇਨਕਲਾਬੀ' ਆਗੂ ਕਰਾਰ ਦਿੰਦਿਆਂ ਨੇਤਨਯਾਹੂ ਨੇ ਕਿਹਾ,"ਤੁਸੀਂ (ਮੋਦੀ) ਭਾਰਤ 'ਚ ਇਨਕਲਾਬ ਲਿਆਉਣ ਦੇ ਨਾਲ ਨਾਲ ਭਾਰਤ ਅਤੇ ਇਜ਼ਰਾਈਲ ਦੇ ਰਿਸ਼ਤਿਆਂ 'ਚ ਵੀ ਕਰਾਂਤੀ ਲਿਆ ਰਹੇ ਹੋ।" ਦੋਵੇਂ ਪ੍ਰਧਾਨ ਮੰਤਰੀਆਂ ਨਾਲ ਸੀਨੀਅਰ ਕੈਬਨਿਟ ਸਾਥੀ ਵੀ ਮੌਜੂਦ ਸਨ ਜਿਨ੍ਹਾਂ ਵਫ਼ਦ ਪੱਧਰ ਦੀ ਗੱਲਬਾਤ ਕੀਤੀ ਜਿਸ ਦੌਰਾਨ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਸਾਈਬਰ ਸੁਰੱਖਿਆ ਤੋਂ ਇਲਾਵਾ ਤੇਲ ਅਤੇ ਗੈਸ ਖੇਤਰ, ਫਿਲਮਾਂ ਬਣਾਉਣ ਅਤੇ ਹਵਾਈ ਟਰਾਂਸਪੋਰਟ ਸਬੰਧੀ ਸਮਝੌਤਿਆਂ 'ਤੇ ਵੀ ਸਹੀ ਪਾਈ ਗਈ। ਨੇਤਨਯਾਹੂ, ਜੋ ਐਤਵਾਰ ਨੂੰ ਇਥੇ ਪੁੱਜੇ ਹਨ, ਆਪਣੇ ਭਾਰਤ ਦੇ ਛੇ ਦਿਨਾ ਦੌਰੇ ਦੌਰਾਨ ਅਹਿਮਦਾਬਾਦ ਅਤੇ ਮੁੰਬਈ ਵੀ ਜਾਣਗੇ।

ਭਾਰਤ ਦੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੂੰ ਜੈਤੂਨ ਦੀ ਚਾਹ ਪਿਆਈ। ਇਹ ਚਾਹ ਰਾਜਸਥਾਨ ਓਲਿਵ ਕਲਟੀਵੇਸ਼ਨ ਲਿਮਟਿਡ, ਬੀਕਾਨੇਰ ਅਤੇ ਇਜ਼ਰਾਈਲ ਦਾ ਸਾਂਝੇ ਉੱਦਮ ਤੋਂ ਤਿਆਰ ਹੋਈ ਹੈ। ਜੈਤੂਨ ਯਹੂਦੀ ਮੁਲਕ ਦਾ ਅਹਿਮ ਹਿੱਸਾ ਹੈ ਅਤੇ ਜੈਤੂਨ ਦੇ ਦਰੱਖ਼ਤ ਦੀਆਂ ਦੋ ਸ਼ਾਖਾਵਾਂ ਉਨ੍ਹਾਂ ਦਾ ਚਿੰਨ੍ਹ ਹੈ।

## ਭਾਰਤੀ ਫੌਜ ਨੇ ਫੌਜੀ ਕਾਰਵਾਈ ਕਰਕੇ ਮੇਜਰ ਸਮੇਤ 7 ਪਾਕਿਸਤਾਨੀ ਫ਼ੌਜੀ ਨੂੰ ਮਾਰ ਮੁਕਾਏ

**ਜੰਮੂ,ਸ੍ਰੀਨਗਰ/ਬਿਊਰੋ ਨਿਊਜ਼:** ਜੰਮੂ ਕਸ਼ਮੀਰ 'ਚ ਭਾਰਤੀ ਸੈਨਾ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ 'ਚ ਪਾਕਿਸਤਾਨ ਦੇ ਇਕ ਮੇਜਰ ਸਮੇਤ ਸੱਤ ਜਵਾਨ ਹਲਾਕ ਹੋ ਗਏ। ਉਧਰ ਸਰਹੱਦ 'ਤੇ ਪਾਕਿਸਤਾਨ ਆਧਾਰਿਤ ਜੈਸ਼-ਏ-ਮੁਹੰਮਦ ਦੇ ਪੰਜ ਦਹਿਸ਼ਤਗਰਦਾਂ ਨੂੰ ਮਾਰ ਕੇ ਘੁਸਪੈਠ ਦੀ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਗਿਆ। ਉਂਜ ਪਾਕਿਸਤਾਨ ਨੇ 4 ਜਵਾਨ ਹਲਾਕ ਹੋਣ ਦੀ ਗੱਲ ਆਖਦਿਆਂ ਭਾਰਤ ਦੇ ਤਿੰਨ ਜਵਾਨ ਮਾਰ ਮੁਕਾਉਣ ਦਾ ਦਾਅਵਾ ਕੀਤਾ ਹੈ। ਫੌਜ ਵੱਲੋਂ ਇਹ ਕਾਰਵਾਈ ਉਸ ਸਮੇਂ ਕੀਤੀ ਗਈ ਹੈ ਜਦੋਂ ਥਲ ਸੈਨਾ ਮੁਖੀ ਜਨਰਲ ਬਿਪਿਨ ਰਾਵਤ ਨੇ ਪਾਕਿਸਤਾਨ ਨੂੰ ਸਖ਼ਤ ਸੁਨੇਹਾ ਦਿੰਦਿਆਂ ਕਿਹਾ ਕਿ ਉਹ ਦਹਿਸ਼ਤੀ ਗੁੱਟਾਂ ਖ਼ਿਲਾਫ਼ ਕਾਰਵਾਈ ਤੇਜ਼ ਕਰ ਸਕਦੇ ਹਨ ਅਤੇ ਜੇਕਰ ਗੁਆਂਢੀ ਮੁਲਕ ਨੇ ਮਜਬੂਰ ਕੀਤਾ ਤਾਂ ਉਸ ਖ਼ਿਲਾਫ਼ 'ਹੋਰ ਕਾਰਵਾਈ' ਹੋ ਸਕਦੀ ਹੈ। ਥਲ ਸੈਨਾ ਦਿਵਸ ਮੌਕੇ ਅੱਜ ਦਿੱਲੀ 'ਚ ਜਵਾਨਾਂ ਨੂੰ ਸੰਬੋਧਨ ਕਰਦਿਆਂ ਜਨਰਲ ਰਾਵਤ ਨੇ ਕਿਹਾ ਕਿ ਪਾਕਿਸਤਾਨੀ ਫ਼ੌਜ ਦਹਿਸ਼ਤਗਰਦਾਂ ਨੂੰ ਭਾਰਤ 'ਚ ਲਗਾਤਾਰ ਘੁਸਪੈਠ ਕਰਾਉਣ ਦੀਆਂ ਕੋਸ਼ਿਸ਼ਾਂ 'ਚ ਲੱਗੀ ਹੋਈ ਹੈ। ਸਰਹੱਦ ਪਾਰੋਂ ਦਹਿਸ਼ਤੀ ਸਰਗਰਮੀਆਂ ਨਾਲ ਸਿੱਝਣ ਦਾ ਅਹਿਦ ਲੈਂਦਿਆਂ ਉਨ੍ਹਾਂ ਕਿਹਾ ਕਿ ਕਸ਼ਮੀਰ 'ਚ ਭਾਰਤ ਵਿਰੋਧੀ ਸਰਗਰਮੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸੈਨਾ ਦੇ ਸੀਨੀਅਰ ਅਧਿਕਾਰੀ ਨੇ ਜੰਮੂ 'ਚ ਖ਼ਬਰ ਏਜੰਸੀ ਨੂੰ ਦੱਸਿਆ ਕਿ ਪਾਕਿਸਤਾਨੀ ਫੌਜ ਨੇ ਕੰਟਰੋਲ ਰੇਖਾ 'ਤੇ ਮੇਂਧਰ ਸੈਕਟਰ 'ਚ ਜਗਲੋਟ ਪੱਟੀ ਦੀਆਂ ਅਗਾਊਂ ਚੌਕੀਆਂ 'ਤੇ ਗੋਲਾਬਾਰੀ ਕੀਤੀ। ਕੰਟਰੋਲ ਰੇਖਾ 'ਤੇ ਤਾਇਨਾਤ ਭਾਰਤੀ ਜਵਾਨਾਂ ਨੇ ਵੀ ਆਪਣੀਆਂ ਪੁਜ਼ੀਸ਼ਨਾਂ ਤੋਂ ਪਾਕਿਸਤਾਨੀ ਚੌਕੀਆਂ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ।

# 'ਚੀਨ ਸਾਥੋਂ ਤਕੜਾ ਪਰ ਅਸੀਂ ਵੀ ਕਮਜ਼ੋਰ ਨਹੀਂ'

## ਭਾਰਤ ਉੱਤਰੀ ਸਰਹੱਦ ਵਲ ਵੱਧ ਧਿਆਨ ਦੇਵੇਗਾ-ਜਨਰਲ ਰਾਵਤ

**ਨਵੀਂ ਦਿੱਲੀ/ਬਿਊਰੋ ਨਿਊਜ਼:** ਥਲ ਸੈਨਾ ਦੇ ਮੁਖੀ ਜਨਰਲ ਬਿਪਿਨ ਰਾਵਤ ਨੇ ਅੱਜ ਕਿਹਾ ਕਿ ਭਾਰਤ ਕਿਸੇ ਨੂੰ ਵੀ ਆਪਣੇ ਇਲਾਕੇ 'ਤੇ ਕਬਜ਼ਾ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਉਨ੍ਹਾਂ ਕਿਹਾ ਕਿ ਚੀਨ ਭਾਵੇਂ ਤਾਕਤਵਰ ਮੁਲਕ ਹੋ ਸਕਦਾ ਹੈ ਪਰ ਭਾਰਤ ਵੀ ਕਮਜ਼ੋਰ ਰਾਸ਼ਟਰ ਨਹੀਂ ਹੈ। ਜਨਰਲ ਰਾਵਤ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਆਪਣਾ ਧਿਆਨ ਉੱਤਰੀ ਸਰਹੱਦ ਵੱਲ ਕੇਂਦਰਤ ਕਰੇ ਅਤੇ ਮੁਲਕ ਚੀਨ ਦੀ ਧੱਕੇਸ਼ਾਹੀ ਨਾਲ ਨਜਿੱਠਣ ਦੇ ਸਮਰੱਥ ਹੈ। ਖ਼ਿੱਤੇ 'ਚ ਆਪਣਾ ਪ੍ਰਭਾਵ ਜਮਾਉਣ ਲਈ ਚੀਨ ਦੇ ਹਮਲਾਵਰ ਰਵੱਈਏ ਬਾਰੇ ਥਲ ਸੈਨਾ ਮੁਖੀ ਨੇ ਕਿਹਾ ਕਿ ਭਾਰਤ ਆਪਣੇ ਗੁਆਂਢੀਆਂ ਨੂੰ ਚੀਨ ਨਾਲ ਰਲਣ ਦੀ ਇਜਾਜ਼ਤ ਨਹੀਂ ਦੇ ਸਕਦਾ।

ਭਾਰਤ 'ਚ ਚੀਨੀ ਫ਼ੌਜ ਵੱਲੋਂ ਘੁਸਪੈਠ ਦੀਆਂ ਕੋਸ਼ਿਸ਼ਾਂ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਭਾਰਤੀ ਇਲਾਕੇ 'ਚ ਦਾਖ਼ਲ ਨਹੀਂ ਹੋਣ ਦਿੱਤਾ ਜਾਵੇਗਾ। ਪਾਕਿਸਤਾਨ



ਨੂੰ ਦਹਿਸ਼ਤਗਰਦੀ ਨਾਲ ਨਜਿੱਠਣ ਬਾਰੇ ਅਮਰੀਕਾ ਵੱਲੋਂ ਦਿੱਤੀਆਂ ਗਈਆਂ ਚਿਤਾਵਨੀਆਂ ਦਾ ਜ਼ਿਕਰ ਕਰਦਿਆਂ ਜਨਰਲ ਰਾਵਤ ਨੇ ਕਿਹਾ ਕਿ ਭਾਰਤ ਨੂੰ ਦੇਖੋ ਅਤੇ ਉਡੀਕ ਕਰੋ ਦੀ ਰਣਨੀਤੀ 'ਤੇ ਚਲਣਾ ਪਏਗਾ।

### 'ਸੀਬੀਆਰਐਨ ਹਥਿਆਰਾਂ ਤੋਂ ਖ਼ਤਰਾ'

ਨਵੀਂ ਦਿੱਲੀ: ਥਲ ਸੈਨਾ ਮੁਖੀ ਬਿਪਿਨ ਰਾਵਤ ਨੇ ਕਿਹਾ ਕਿ ਰਸਾਇਣਕ, ਬਾਇਓਲੋਜੀਕਲ, ਰੇਡੀਓਲੋਜੀਕਲ ਅਤੇ ਪਰਮਾਣੂ ਹਥਿਆਰ (ਸੀਬੀਆਰਐਨ) ਗ਼ੈਰ ਰਾਜਕੀ ਅਨਸਰਾਂ ਨੂੰ ਆਸਾਨੀ ਨਾਲ ਮਿਲ ਰਹੇ ਹਨ ਜੋ ਮੁਲਕਾਂ ਲਈ ਖ਼ਤਰਾ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਹਥਿਆਰਾਂ ਦੀ ਵਰਤੋਂ ਨਾਲ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ ਅਤੇ ਇਸ ਤੋਂ ਉਭਰਨ 'ਚ ਲੰਬਾ ਸਮਾਂ ਲਗਦਾ ਹੈ। ਡੀਆਰਡੀਓ ਹੈੱਡਕੁਆਰਟਰ 'ਚ ਸੀਬੀਆਰਐਨ ਰੱਖਿਆ ਤਕਨਾਲੋਜੀ ਬਾਰੇ ਵਰਕਸ਼ਾਪ ਦਾ ਉਦਘਾਟਨ ਕਰਦਿਆਂ ਉਨ੍ਹਾਂ ਇਹ ਟਿੱਪਣੀਆਂ ਕੀਤੀਆਂ। ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੇ ਵਰਕਸ਼ਾਪ ਦਾ ਉਦਘਾਟਨ ਕਰਨਾ ਸੀ ਪਰ ਕਿਤੇ ਹੋਰ ਪ੍ਰੋਗਰਾਮ ਹੋਣ ਕਰਕੇ ਉਹ ਇਥੇ ਨਹੀਂ ਪਹੁੰਚ ਸਕੇ। ਜਨਰਲ ਰਾਵਤ ਨੇ ਕਿਹਾ ਕਿ ਮੁਲਕ ਨੂੰ ਸੁਰੱਖਿਅਤ ਕਰਨ ਦਾ ਬਿਹਤਰ ਰਾਹ ਹੈ ਕਿ ਜਵਾਨਾਂ ਨੂੰ ਤਕਨਾਲੋਜੀ, ਸਾਜ਼ੋ ਸਾਮਾਨ ਅਤੇ ਪ੍ਰਣਾਲੀ ਸਮੇਤ ਆਧੁਨਿਕ ਸਿਖਲਾਈ ਦਿੱਤੀ ਜਾਵੇ।

# ਟੈਲੀਫੋਨ ਉੱਤਲੀ ਸ਼ੱਕੀ ਕਾਲ ਮਗਰੋਂ ਹਿੰਦ-ਪਾਕਿ ਸਰਹੱਦ ਉੱਤੇ ਕਰੜੀ ਸੁਰੱਖਿਆ

**ਗੁਰਦਾਸਪੁਰ/ਬਿਊਰੋ ਨਿਊਜ਼,** ਸਰਹੱਦੀ ਕਸਬਾ ਕਲਾਨੌਰ ਦੇ ਪਿੰਡ ਬਰੀਲਾ ਵਿੱਚ ਬੀਤੇ ਦਿਨ ਸ਼ੱਕੀ ਫੋਨ ਕਾਲ ਟਰੇਸ ਹੋਣ ਮਗਰੋਂ ਗਣਤੰਤਰ ਦਿਵਸ ਦੇ ਮੱਦੇਨਜ਼ਰ ਪੁਲੀਸ ਤੇ ਬੀਐੱਸਐੱਫ ਨੇ ਸੁਰੱਖਿਆ ਪ੍ਰਬੰਧ ਸਖ਼ਤ ਕਰਦਿਆਂ ਸਰਹੱਦ ਸੀਲ ਕਰ ਦਿੱਤੀ ਹੈ। ਸਰਹੱਦੀ ਇਲਾਕੇ ਅੰਦਰ ਸੁਰੱਖਿਆ ਜਵਾਨਾਂ ਵੱਲੋਂ ਤਲਾਸ਼ੀ ਮੁਹਿੰਮ ਵੀ ਚਲਾਈ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਅਤਿਵਾਦੀਆਂ ਨੇ ਘੁਸਪੈਠ ਕਰਕੇ ਦੀਨਾਨਗਰ ਪੁਲੀਸ ਥਾਣੇ ਅਤੇ ਪਠਾਨਕੋਟ ਏਅਰਬੇਸ 'ਤੇ ਹਮਲਾ ਕਰਕੇ ਦਿੱਤਾ ਸੀ। ਇਸ ਲਈ ਗਣਤੰਤਰ ਦਿਵਸ ਨੂੰ ਵੇਖਦਿਆਂ ਪੁਲੀਸ ਕਿਸੇ ਤਰ੍ਹਾਂ ਦਾ ਜੋਖਮ ਨਹੀਂ ਲੈ ਰਹੀ ਹੈ। ਪੁਲੀਸ



ਟੀਮਾਂ ਵੱਲੋਂ ਕਲਾਨੌਰ ਇਲਾਕੇ ਅੰਦਰ ਵੱਖ ਵੱਖ ਥਾਵਾਂ 'ਤੇ ਨਾਕੇ ਲਾ ਕੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਸ਼ਨਿਚਰਵਾਰ ਨੂੰ ਵੀ ਪਿੰਡ ਬਰੀਲਾ ਤੋਂ ਇਲਾਵਾ ਬਰੀਲਾ ਕਲਾਂ, ਰੁੜਿਆਣਾ ਅਤੇ ਅਗਵਾਨ ਆਦਿ 'ਚ ਪੁਲੀਸ ਨੇ ਚੌਕਸੀ ਰੱਖੀ। ਪੰਜਾਬ ਪੁਲੀਸ ਦੇ ਆਈਜੀ ਐੱਸਪੀਐੱਸ ਪਰਮਾਰ, ਡੀਆਈਜੀ ਬਾਰਡਰ ਰੇਂਜ ਏ.ਕੇ. ਮਿੱਤਲ ਅਤੇ ਐੱਸਐੱਸਪੀ ਐੱਚਐੱਸ ਭੁੱਲਰ ਨੇ ਖੁਦ ਨਾਕਿਆਂ ਦੀ ਜਾਂਚ ਕੀਤੀ।

ਪਿੰਡ ਬਰੀਲਾ ਖੁਰਦ ਦੇ ਸਰਪੰਚ ਗੁਰਨਾਮ ਸਿੰਘ ਨੇ ਦੱਸਿਆ ਕਿ ਸ਼ੱਕੀ ਕਾਲ ਟਰੇਸ ਹੋਣ ਕਾਰਨ ਪੁਲੀਸ ਕਮਾਂਡੋਜ਼ ਨੇ ਇਲਾਕੇ 'ਚ ਤਾਲਾਸ਼ੀ ਮੁਹਿੰਮ ਚਲਾਈ ਹੈ। ਇਲਾਕੇ ਦੇ ਲੋਕਾਂ ਨੂੰ ਆਖਿਆ ਗਿਆ ਹੈ ਕਿ ਕੋਈ ਵੀ ਸ਼ੱਕੀ ਵਿਅਕਤੀ ਦਿਖਾਈ ਦੇਣ 'ਤੇ ਪੁਲੀਸ ਨੂੰ ਸੂਚਿਤ ਕੀਤਾ ਜਾਵੇ। ਪੁਲੀਸ ਵੱਲੋਂ ਤਿੱਬੜੀ ਛਾਉਣੀ ਨੇੜੇ ਗੁੱਜਰਾਂ ਦੇ ਡੇਰਿਆਂ ਦੀ ਤਾਲਾਸ਼ੀ ਵੀ ਲਈ ਗਈ ਹੈ। ਐੱਸਐੱਸਪੀ ਨੇ ਇਲਾਕੇ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ। ਡੀਐੱਸਪੀ ਏਡੀ ਸਿੰਘ ਨੇ ਕਿਹਾ ਕਿ ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਉੱਤੇ ਪੁਲੀਸ ਮੁਸਤੈਦ ਹੈ। ਐੱਸਐੱਸਪੀ ਐੱਚਐੱਸ ਭੁੱਲਰ ਨੇ ਦੱਸਿਆ ਕਿ ਪੁਲੀਸ ਨੂੰ ਗੁਪਤ ਸੂਚਨਾ ਸੀ ਕਿ ਇਲਾਕੇ ਅੰਦਰ ਸ਼ੱਕੀ ਵਿਅਕਤੀ ਹੋ ਸਕਦੇ ਹਨ, ਜਿਸ ਕਾਰਨ ਸੁਰੱਖਿਆ ਕਰਮੀ ਪੂਰੀ ਤਰ੍ਹਾਂ ਚੌਕਸ ਹਨ।

# ਕੇਵਲ ਹਿੰਦੂ ਸਰਦਾਰੀ ਮੰਨਣ ਵਾਲੇ ਮੁਸਲਮਾਨਾਂ ਲਈ ਹੀ ਭਾਰਤ 'ਚ ਥਾਂ-ਭਾਜਪਾ ਵਿਧਾਇਕ

**ਬਲੀਆ (ਯੂਪੀ)/ਬਿਊਰੋ ਨਿਊਜ਼**

ਜ਼ਿਲ੍ਹੇ ਨਾਲ ਸਬੰਧਤ ਭਾਜਪਾ ਵਿਧਾਇਕ ਨੇ ਇਕ ਵਿਵਾਦਤ ਬਿਆਨ ਵਿੱਚ ਕਿਹਾ ਹੈ ਕਿ ਹਿੰਦੂ ਸਭਿਆਚਾਰ ਵਿੱਚ ਰਲਗੱਡ ਹੋਣ ਵਾਲੇ ਮੁਸਲਮਾਨਾਂ ਨੂੰ ਹੀ ਮੁਲਕ ਵਿੱਚ ਰਹਿਣ ਦੀ ਇਜਾਜ਼ਤ ਹੋਵੇਗੀ ਤੇ ਭਾਰਤ ਇਕ ਦਿਨ ਹਿੰਦੂ ਰਾਸ਼ਟਰ' ਜ਼ਰੂਰ ਬਣੇਗਾ। ਬੈਰੀਆ ਤੋਂ ਵਿਧਾਇਕ ਸੁਰਿੰਦਰ ਸਿੰਘ ਨੇ ਬੀਤੀ ਰਾਤ ਕਿਹਾ, ਕੁਝ ਗਿਣਤੀ ਦੇ ਮੁਸਲਮਾਨਾਂ ਵਿੱਚ ਹੀ ਦੇਸ਼ਭਗਤੀ ਹੈ। ਇਕ ਸਮਾਂ ਆਏਗਾ ਜਦੋਂ ਭਾਰਤ ਹਿੰਦੂ ਰਾਸ਼ਟਰ ਬਣੇਗਾ ਅਤੇ ਜਿਹੜੇ ਮੁਸਲਮਾਨ ਸਾਡੇ ਸਭਿਆਚਾਰ ਵਿੱਚ ਰਚ ਮਿਚ ਜਾਣਗੇ ਉਹੀ ਇਥੇ ਰਹਿ ਸਕਣਗੇ ਜਦਕਿ ਬਾਕੀਆਂ ਨੂੰ ਕਿਸੇ ਵੀ ਹੋਰ ਮੁਲਕ ਵਿੱਚ ਸ਼ਰਣ ਲੈਣ ਦੀ ਪੂਰੀ ਖੁੱਲ੍ਹ ਹੋਵੇਗੀ।' ਵਿਧਾਇਕ ਨੇ ਦਾਅਵਾ ਕੀਤਾ ਕਿ ਸਾਲ 2024 ਤਕ ਭਾਰਤ ਹਿੰਦੂ ਰਾਸ਼ਟਰ ਬਣ ਜਾਏਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਵਤਾਰ ਪੁਰਸ਼' ਦੱਸਦਿਆਂ ਸਿੰਘ ਨੇ ਕਿਹਾ, ਆਰਐਸਐਸ ਜਿੱਥੇ 2025 ਤਕ ਆਪਣੀ ਸਥਾਪਨਾ ਦੀ ਸੌ ਸਾਲ ਪੂਰੇ ਕਰ ਲਏਗਾ, ਉਥੇ 2024 ਤਕ ਭਾਰਤ ਹਿੰਦੂ ਰਾਸ਼ਟਰ ਬਣ ਜਾਏਗਾ। ਰੱਬ ਦੀ ਕਿਰਪਾ ਸਦਕਾ ਭਾਰਤ ਆਲਮੀ ਸੁਪਰਪਾਵਰ ਬਣੇਗਾ, ਜਿਸ ਲਈ ਮੋਦੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਅਗਵਾਈ ਦਾ ਧੰਨਵਾਦ ਕਰਨਾ ਬਣਦਾ ਹੈ। 2024 ਤਕ ਭਾਰਤ ਵਿਸ਼ਵ ਗੁਰੂ' ਹੀ ਨਹੀਂ ਬਲਕਿ ਹਿੰਦੂ ਰਾਸ਼ਟਰ ਬਣੇਗਾ।'

## ਹਿੰਸਾ ਫੈਲਾਉਣ ਵਾਲੀ 'ਹਿੰਦੂਤਵ' ਵਿਚਾਰਧਾਰਾ ਨੂੰ ਨਕਾਰੇ ਜਾਣ ਦੀ ਲੋੜ: ਨਯਨਤਾਰਾ ਸਹਿਗਲ

**ਕੋਲਕਾਤਾ/ਬਿਊਰੋ ਨਿਊਜ਼**

ਮੌਜੂਦਾ ਸਿਆਸੀ ਹਾਲਾਤ ਦੇ ਕਿਸੇ ਦੇ ਹਿੱਤ 'ਚ ਨਾ ਹੋਣ ਦਾ ਦਾਅਵਾ ਕਰਦਿਆਂ ਉੱਘੀ ਲੇਖਿਕਾ ਨਯਨਤਾਰਾ ਸਹਿਗਲ ਨੇ 'ਹਿੰਦੂਤਵ' ਵਿਚਾਰਧਾਰਾ ਨੂੰ ਨਕਾਰਨ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਿੰਦੂਤਵ ਨਾਲ ਹਿੰਸਾ ਫੈਲ ਰਹੀ ਹੈ ਅਤੇ ਉਸ ਦਾ ਹਿੰਦੂਵਾਦ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ,"ਇਹ ਵੱਖਰੇ ਹਾਲਾਤ ਹਨ। ਮੌਜੂਦਾ ਸਿਆਸੀ ਹਾਲਾਤ 'ਚ ਤਾਕਤਾਂ ਵੱਲੋਂ ਨਾਰਾਜ਼ਗੀ ਅਤੇ



ਅਸਹਿਮਤੀ ਜਤਾਉਣ ਵਾਲਿਆਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਜਿਹੜੇ ਲੋਕ ਉਨ੍ਹਾਂ ਤੋਂ ਅਸਹਿਮਤ ਹਨ, ਉਨ੍ਹਾਂ ਦਾ ਕਤਲ ਕੀਤਾ ਜਾ ਰਿਹਾ ਹੈ। ਗੌਰੀ ਲੰਕੇਸ਼ ਦੀ ਵੀ ਇਸੇ ਕਰਕੇ ਹੱਤਿਆ ਹੋਈ। ਨਾ ਸਿਰਫ਼ ਲੇਖਕ ਸਗੋਂ ਜਿਹੜੇ ਲੋਕ ਪਸ਼ੂਆਂ ਨੂੰ ਢੋਹ ਰਹੇ ਹਨ, ਉਨ੍ਹਾਂ ਨੂੰ ਵੀ ਮਾਰਿਆ ਜਾ ਰਿਹਾ ਹੈ। ਬੀਫ਼ ਰੱਖਣ ਦੇ ਸ਼ੱਕ ਹੇਠ ਲੋਕਾਂ ਦੀ ਹੱਤਿਆ ਹੋ ਰਹੀ ਹੈ।" ਏਪੀਜੇ ਕੋਲਕਾਤਾ ਸਾਹਿਤ ਮੇਲਾ 2018 ਦੌਰਾਨ ਸਨਿੱਚਰਵਾਰ ਸ਼ਾਮ ਨੂੰ ਨਯਨਤਾਰਾ ਸਹਿਗਲ ਨੇ ਕਿਹਾ ਕਿ ਇਸ ਦਾ ਹੱਲ ਇਹੋ ਹੈ ਕਿ ਹਿੰਦੂਤਵ ਨੂੰ ਉਖਾੜ ਸੁੱਟੋ ਕਿਉਂਕਿ ਇਹ ਹਿੰਸਾ ਫੈਲਾ ਰਹੀ ਹੈ। 'ਇਹ ਬਹੁਤ ਖ਼ਤਰਨਾਕ ਵਿਚਾਰਧਾਰਾ ਹੈ ਅਤੇ ਇਸ ਦਾ ਹਿੰਦੂਵਾਦ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ। ਕਈ ਲੇਖਕ ਇਸ ਵਿਚਾਰਧਾਰਾ ਖ਼ਿਲਾਫ਼ ਆਵਾਜ਼ ਬੁਲੰਦ ਕਰ ਰਹੇ ਹਨ।' ਉਨ੍ਹਾਂ ਕਿਹਾ ਕਿ ਹਿੰਦੂਵਾਦ ਕੋਈ ਦਹਿਸ਼ਤੀ ਮਜ਼ਹਬ ਨਹੀਂ ਹੈ ਅਤੇ ਇਹ ਹਿੰਸਾ ਦੀ ਵਕਾਲਤ ਨਹੀਂ ਕਰਦਾ। ਲੇਖਿਕਾ ਨੇ ਕਿਹਾ ਕਿ ਆਜ਼ਾਦੀ ਮੌਕੇ ਜਮਹੂਰੀਅਤ ਨੂੰ ਵਿਕਾਸ ਤੋਂ ਪਹਿਲਾਂ ਤਰਜੀਹ ਦਿੱਤੀ ਗਈ ਅਤੇ ਧਰਮ ਨਿਰਪੱਖ ਰਹਿਣ ਦਾ ਫ਼ੈਸਲਾ ਲਿਆ ਗਿਆ ਸੀ। ਉਨ੍ਹਾਂ ਮਰਦਾਂ ਅਤੇ ਔਰਤਾਂ 'ਚ ਫਰਕ ਦੇ ਰੁਝਾਨ ਦੀ ਵੀ ਨਿਖੇਧੀ ਕੀਤੀ। ਰੂ-ਬ-ਰੂ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਨਾਲੋਂ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਨਾਈਜੀਰੀਆ ਦੇ ਲੇਖਕ ਸਿਆਸੀ ਹਾਲਾਤ ਨਾਲ ਕਿਤੇ ਵੱਧ ਜੁੜੇ ਹੋਏ ਹਨ।

# ਖੇਤੀ ਨੇ ਹੀ ਪੰਜਾਬ ਦੇ ਪਾਣੀਆਂ ਵਿੱਚ ਦਿੱਤਾ ਜ਼ਹਿਰ ਮਿਲਾ....

**ਪਟਿਆਲਾ/ਬਿਊਰੋ ਨਿਊਜ਼** : ਪੰਜਾਬ ਦੇ ਵੱਡੀ ਗਿਣਤੀ ਲੋਕਾਂ ਦੀ ਕੈਂਸਰ ਨਾਲ ਮੌਤ ਅਤੇ ਪਾਣੀਆਂ ਵਿੱਚ ਜ਼ਹਿਰੀਲੇ ਤੱਤਾਂ ਦੀ ਗਿਣਤੀ ਬਹੁਤ ਡਰਾਉਣੇ ਪੱਧਰ ਤਕ ਪੁੱਜ ਚੁੱਕੀ ਹੈ। ਇਹ ਤੱਤ ਖੇਤੀਬਾੜੀ ਰਾਹੀਂ ਭੋਜਨ ਲੜੀ ਵਿੱਚ ਜਾਣੋਂ ਰੋਕਣ ਲਈ ਸੂਬਾ ਸਰਕਾਰ ਨੇ ਕਦਮ ਚੁੱਕਣ ਬਾਰੇ ਹਾਲੇ ਸੋਚਣਾ ਹੈ। ਪੰਜਾਬ ਦੀ ਖੇਤੀਬਾੜੀ ਵੱਡੇ ਪੱਧਰ 'ਤੇ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੈ। ਖੇਤੀ ਵਿਭਾਗ ਨੇ ਹਾਲੇ ਸੂਬੇ ਦੇ ਇਸ ਜ਼ਹਿਰੀਲੇ ਪਾਣੀ ਦੇ ਖੇਤੀ ਉਪਜਾਂ 'ਤੇ ਪ੍ਰਭਾਵ ਬਾਰੇ ਕੋਈ ਤੱਥ ਨਹੀਂ ਦਿੱਤੇ। ਪੰਜਾਬ ਜਲ ਸੈਨੀਟੇਸ਼ਨ ਵਿਭਾਗ ਸੂਬਾ ਵਾਸੀਆਂ ਨੂੰ ਸੰਖੀਆ ਮੁਕਤ ਪਾਣੀ ਸਪਲਾਈ ਯਕੀਨੀ ਬਣਾਉਣ ਲਈ ਆਧੁਨਿਕ ਤਕਨੀਕ ਵਰਤ ਰਿਹਾ ਹੈ। ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਪੱਟੀ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਵੱਲੋਂ ਸੂਬੇ ਭਰ ਵਿੱਚ ਧਰਤੀ ਹੇਠਲੇ ਪਾਣੀ ਨੂੰ ਲੈ ਕੇ ਹਾਲ ਹੀ ਵਿੱਚ ਭਰੇ ਗਏ ਨਮੂਨਿਆਂ ਵਿੱਚ ਅੰਮ੍ਰਿਤਸਰ, ਤਰਨ ਤਾਰਨ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਭਾਰੀ ਮਾਤਰਾ ਵਿੱਚ ਇਹ ਰਸਾਇਣ ਮਿਲਿਆ ਹੈ। ਭਾਵੇਂ ਬਾਕੀ ਜ਼ਿਲ੍ਹਿਆਂ ਵਿੱਚ ਸਥਿਤੀ ਮਾੜੀ ਹੈ ਪਰ ਉਪਰੋਕਤ ਜ਼ਿਲ੍ਹਿਆਂ ਵਿੱਚ ਸਥਿਤੀ ਚਿੰਤਾਜਨਕ ਹੈ। ਪੰਜਾਬ ਬਾਰੇ ਖੇਤੀ ਵਿਭਾਗ ਕੋਲ ਹਾਲ ਹੀ ਵਿੱਚ ਦਿੱਤੀ ਗਈ ਰਿਪੋਰਟ ਮੁਤਾਬਕ ਟਿਊਬਵੈਲਾਂ ਰਾਹੀਂ ਧਰਤੀ ਹੇਠਲੇ ਪਾਣੀ ਦੀ ਬੇਹਿਸਾਬੀ ਵਰਤੋਂ ਖੇਤੀ ਉਤਪਾਦਾਂ ਵਿੱਚ ਸੰਖੀਆ ਰਲਣ ਲਈ ਵੱਡਾ ਕਾਰਨ ਮੰਨੀ ਜਾ ਰਹੀ ਹੈ ਜੋ ਮਨੁੱਖਾਂ ,ਜੀਵ ਜੰਤੂਆਂ ਅਤੇ ਸਮੁੱਚੇ ਵਾਤਾਵਰਣ ਲਈ ਬਹੁਤ ਘਾਤਕ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਵੇਂ ਸੰਖੀਆ ਵਰਗੇ ਤੱਤਾਂ ਦੀ ਭਾਰੀ ਮਾਤਰਾ ਦਾ ਆਪਸ ਵਿੱਚ ਕੈਂਸਰ ਨਾਲ ਸਿੱਧਾ ਸਬੰਧ ਨਹੀਂ ਹੈ, ਪਰ ਭੋਜਨ ਲੜੀ ਰਾਹੀਂ ਮਨੁੱਖ ਅਤੇ ਜੀਵ ਜੰਤੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਦਾ ਇਹ ਵੱਡਾ ਕਾਰਨ ਹੈ। ਪੰਜਾਬ ਵਿੱਚ ਗੋਭੀ, ਭਿੰਡੀ ਅਤੇ ਜੀਰੀ ਵਿੱਚ ਵੱਡੀ ਮਾਤਰਾ ਵਿੱਚ ਜ਼ਹਿਰੀਲੇ ਤੱਤ ਮਿਲੇ ਹਨ। ਖੇਤੀਬਾੜੀ (ਹਾਈਡਰੋਲੋਜੀ) ਦੇ ਜਾਇੰਟ ਡਾਇਰੈਕਟਰ ਰਾਜੇਸ਼ ਵਸ਼ਿਸ਼ਟ ਨੇ ਕਿਹਾ ਕਿ ਦੇਸ਼ ਵਿੱਚ ਰੋਜ਼ਾਨਾ 1500 ਵਿਅਕਤੀਆਂ ਦੀ ਕੈਂਸਰ ਨਾਲ ਮੌਤ ਦੇ ਬਾਵਜੂਦ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਮਿਲੀ ਸੰਖੀਆ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਖੇਤੀਬਾੜੀ ਵਿਭਾਗ ਅਜਿਹੇ ਹਾਲਾਤ ਨਾਲ ਨਿਜੱਠਣ ਲਈ ਪ੍ਰਣਾਲੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਧਰਤੀ ਹੇਠ ਸੰਖੀਆ ਦਾ ਹੋਣਾ ਪੱਕਾ ਹੈ। ਇਸ ਦੇ ਖੇਤੀਬਾੜੀ ਉਤਪਾਦਨ 'ਤੇ ਅਸਰ ਬਾਰੇ ਹਾਲੇ ਸਪਸ਼ਟ ਨਹੀਂ ਹੈ। ਇਸ ਲਈ ਵਿਆਪਕ ਅਧਿਐਨ ਅਤੇ ਇਸ ਨਾਲ ਸਿੱਝਣ ਲਈ ਤਕਨੀਕ ਦੀ ਵਰਤੋਂ ਕਰਨੀ ਪਵੇਗੀ। ਖੇਤੀਬਾੜੀ ਖੋਜ ਬਾਰੇ ਭਾਰਤੀ ਕੌਂਸਲ ਨੇ ਸਾਲ 2015 ਵਿੱਚ ਰਿਪੋਰਟ ਤਿਆਰ ਕੀਤੀ ਸੀ ਜਿਸ ਵਿੱਚ ਪੰਜਾਬ ਅਤੇ ਹਰਿਆਣਾ ਸਮੇਤ ਦੇਸ਼ ਦੇ 12 ਸੂਬਿਆਂ ਵਿਚਲੇ ਧਰਤੀ ਹੇਠਲੇ ਪਾਣੀ ਵਿੱਚ ਵੱਡੀ ਮਾਤਰਾ ਵਿੱਚ ਜ਼ਹਿਰੀਲੇ ਤੱਤਾਂ ਦਾ ਖੁਲਾਸਾ ਹੋਇਆ ਸੀ। ਰਿਪੋਰਟ ਵਿੱਚ ਕਿਹਾ ਗਿਆ ਸੀ ਧਰਤੀ ਹੇਠਲੇ ਪਾਣੀ ਦਾ ਵੱਡੇ ਪੱਧਰ 'ਤੇ ਖੇਤੀਬਾੜੀ ਲਈ ਇਸਤੇਮਾਲ ਕੀਤਾ ਜਾਂਦਾ ਹੈ ਜਿਸ ਕਾਰਨ ਇਨ੍ਹਾਂ ਦੋਨਾਂ ਸੂਬਿਆਂ ਦੇ ਸੰਖੀਆ ਯੁਕਤ ਪਾਣੀ ਵਾਲੇ ਇਲਾਕਿਆਂ ਵਿੱਚ ਪੈਦਾ ਹੋਣ ਵਾਲੇ ਖੇਤੀ ਉਤਪਾਦਾਂ ਵਿੱਚ ਵੱਡੀ ਮਾਤਰਾ ਵਿੱਚ ਸੰਖੀਆ ਹੈ। ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀ ਡਾਇਰੈਕਟਰ ਡਾ. ਵੀਨਕਸ਼ੀ ਸ਼ਰਮਾ ਨੇ ਕਿਹਾ ਕਿ ਹਾਲ ਹੀ ਵਿੱਚ ਭਰੇ ਗਏ ਨਮੂਨਿਆਂ ਵਿਚ ਵੱਡੀ ਮਾਤਰਾ ਵਿੱਚ ਜ਼ਹਿਰੀਲੇ ਤੱਤਾਂ ਦੀ ਪੁਸ਼ਟੀ ਹੋਈ ਹੈ ਅਤੇ ਇਸ ਲਈ ਉਨ੍ਹਾਂ ਵੱਲੋਂ ਕਦਮ ਚੁੱਕੇ ਜਾ ਰਹੇ ਹਨ।

# ਪਿਓ ਨੂੰ ਮਾਰਨ ਦੀ ਨੀਤ ਨਾਲ ਕਾਰ ਬੰਬ ਖਰੀਦਣ ਵਾਲੇ ਭਾਰਤੀ ਮੂਲ ਦੇ ਸਿੱਖ ਮੁੰਡੇ ਨੂੰ 8 ਸਾਲ ਦੀ ਸਜ਼ਾ

**ਲੰਦਨ/ਬਿਊਰੋ ਨਿਊਜ਼:**

ਮਹਿਲਾ ਦੋਸਤ ਨਾਲ ਰਹਿਣ ਦੀ ਇਜਾਜ਼ਤ ਨਾਲ ਮਿਲਣ 'ਤੇ ਸਿੱਖ ਪਿਤਾ ਦੀ ਹੱਤਿਆ ਲਈ ਆਨਲਾਈਨ ਧਮਾਕਾਖੇਜ਼ ਸਮੱਗਰੀ ਖਰੀਦਣ ਦੀ ਕੋਸ਼ਿਸ਼ ਕਰਨ ਵਾਲੇ ਭਾਰਤੀ ਮੂਲ ਦੇ ਲੜਕੇ ਨੂੰ ਸਥਾਨਕ ਅਦਾਲਤ ਨੇ ਅੱਠ ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਗੁਰਤੇਜ ਸਿੰਘ ਰੰਧਾਵਾ ਨੂੰ ਲੰਦਨ ਦੀ ਕੌਮੀ ਅਪਰਾਧ ਏਜੰਸੀ ਦੇ ਖੁਫੀਆ ਵਿੰਗ ਦੇ ਅਫਸਰਾਂ ਨੇ ਬੀਤੇ ਵਰ੍ਹੇ ਮਈ ਵਿੱਚ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਨੇ ਉਸ ਵੱਲੋਂ ਆਨ ਲਾਈਨ ਆਰਡਰ ਕੀਤੇ ਕਾਰ ਬੰਬ ਨੂੰ ਡਿਲੀਵਰ ਹੋਣ ਤੋਂ ਪਹਿਲਾਂ ਇਕ ਨੁਕਸਾਨ ਨਾ ਪਹੁੰਚਾਉਣ ਵਾਲੀ ਡਮੀ ਨਾਲ ਬਦਲ ਦਿੱਤਾ ਸੀ।



ਬਰਮਿੰਘਮ ਦੀ ਕ੍ਰਾਊਨ ਕੋਰਟ ਨੇ 19 ਸਾਲਾ ਇਸ ਲੜਕੇ ਨੂੰ ਗੰਭੀਰ ਅਤੇ ਜਾਨੀ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਧਮਾਕਾਖੇਜ਼ ਸਮੱਗਰੀ ਰੱਖਣ ਦੇ ਦੋਸ਼ ਹੇਠ ਨਵੰਬਰ ਵਿੱਚ ਦੋਸ਼ੀ ਠਹਿਰਾਇਆ ਸੀ। ਅਦਾਲਤ ਨੇ ਕੱਲ੍ਹ ਉਸ ਦੀ ਸਜ਼ਾ ਦਾ ਐਲਾਨ ਕੀਤਾ। ਕੇਸ ਦੀ ਸੁਣਵਾਈ ਦੌਰਾਨ ਜਸਟਿਸ ਚੀਮਾ ਗਰੁੱਬ ਨੇ ਰੰਧਾਵਾ ਨੂੰ ਕਿਹਾ, " ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਅਪਰਾਧ ਉਸ ਦੇ ਗੋਰੀ ਮਹਿਲਾ ਦੋਸਤ ਨਾਲ ਰਹਿਣ ਦੀ ਇੱਛਾ ਤੋਂ ਪ੍ਰੇਰਿਤ ਹੈ। ਉਸ ਨੇ ਆਪਣੀ ਇਸ ਇੱਛਾ ਦੀ ਪੂਰਤੀ ਲਈ ਪਿਤਾ ਦੀ ਜਾਨ ਨੂੰ ਨੁਕਸਾਨ ਪਹੁੰਚਾਉਣ ਲਈ ਉਸ ਦੀ ਕਾਰ ਵਿੱਚ ਬੰਬ ਰੱਖਣ ਬਾਰੇ ਸੋਚਿਆ ਸੀ। ਇਹ ਅਪਰਾਧ ਹੈਰਾਨ ਕਰਨ ਵਾਲਾ ਅਤੇ ਗੁਸਤਾਖ਼ੀ ਭਰਪੂਰ ਹੈ। " ਰੰਧਾਵਾ ਨੇ ਬੰਬ ਦੀ ਕੀਮਤ ਕ੍ਰਿਪਟੋ ਕਰੰਸੀ ਰਾਹੀਂ ਅਦਾ ਕੀਤੀ ਸੀ ਅਤੇ ਉਸ ਦੀ ਪਹੁੰਚ ਘਰ ਤੋਂ ਦੂਰ ਮੰਗੀ ਸੀ। ਰੰਧਾਵਾ ਨੇ ਇੰਟਰਨੈੱਟ ਦੀਆਂ ਲੁਕਵੀਂ ਸਾਈਟ ਤੋਂ ਰਿਮੋਟ ਡੈਟੋਨੇਟਿਡ ਧਮਾਕਾਖੇਜ਼ ਡਿਵਾਈਸ ਖਰੀਦਣ ਦੀ ਕੋਸ਼ਿਸ਼ ਕੀਤੀ ਸੀ। ਖੁਫੀਆ ਅਫਸਰਾਂ ਨੇ ਪੈਕੇਜ ਨੂੰ ਨਕਲੀ ਸਾਮਾਨ ਨਾਲ ਬਦਲ ਦਿੱਤਾ ਸੀ ਤੇ ਸਾਮਾਨ ਦੀ ਵੁਲਵਰਹੈਂਪਟਨ ਦੇ ਪਤੇ 'ਤੇ ਪਹੁੰਚ ਨੂੰ ਮਨਜ਼ੂਰੀ ਦਿੱਤੀ ਸੀ। ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਉਸ ਨੂੰ ਇਸ ਦੀ ਪਰਖ ਕਰਦਿਆਂ ਦੇਖਿਆ ਸੀ।

## ਅਪਣੀ ਸੱਸ ਤੇ ਨਿੱਕੇ ਬੱਚੇ ਦਾ ਕਤਲ ਕਰਨ ਵਾਲੇ ਭਾਰਤੀ-ਅਮਰੀਕੀ ਦੀ ਮੌਤ ਦੀ ਸਜ਼ਾ ਮੁਲਤਵੀ

**ਵਾਸ਼ਿੰਗਟਨ/ਬਿਊਰੋ ਨਿਊਜ਼,** ਨਿੱਕੇ ਬੱਚੇ ਤੇ ਭਾਰਤੀ ਮੂਲ ਦੀ ਆਪਣੀ ਸੱਸ ਦਾ ਕਤਲ ਕਰਨ ਵਾਲੇ ਭਾਰਤੀ-ਅਮਰੀਕੀ ਕੈਦੀ ਨੂੰ 23 ਫਰਵਰੀ ਨੂੰ ਦਿੱਤੀ ਜਾਣ ਵਾਲੀ ਮੌਤ ਦੀ ਸਜ਼ਾ ਅੱਗੇ ਪੈ ਸਕਦੀ ਹੈ। ਅਧਿਕਾਰੀਆਂ ਮੁਤਾਬਕ 2015 ਵਿੱਚ ਪੈਨਸਿਲਵੇਨੀਆ ਦੇ ਗਵਰਨਰ ਵੱਲੋਂ ਮੌਤ ਦੀ ਸਜ਼ਾ 'ਤੇ ਲਾਈ ਰੋਕ ਦੇ ਚਲਦਿਆਂ ਸਜ਼ਾ ਅੱਗੇ ਪੈਣ ਦੀ ਪੂਰੀ ਸੰਭਾਵਨਾ ਹੈ। ਰਘੂਨੰਦਨ ਯਾਂਦਾਮੁਰੀ (32 ਸਾਲ) ਨੂੰ ਸਾਲ 2014 ਵਿੱਚ 61 ਸਾਲਾ ਭਾਰਤੀ ਬਜ਼ੁਰਗ ਔਰਤ ਤੇ ਉਸ ਦੀ 10 ਸਾਲਾ ਪੋਤੀ ਨੂੰ ਅਗਵਾ ਕਰਕੇ ਕਤਲ ਕਰਨ ਦੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਸੀ।

# ਸ਼ੈਰਿਨ ਨੂੰ ਗੋਦ ਲੈਣ ਵਾਲਾ ਪਿਤਾ ਕਤਲ ਦਾ ਦੋਸ਼ੀ ਕਰਾਰ

**ਹਿਊਸਟਨ/ਬਿਊਰੋ ਨਿਊਜ਼:** ਡੈਲਸ ਸੂਬੇ 'ਚ ਲੰਘੇ ਸਾਲ ਅਕਤੂਬਰ ਮਹੀਨੇ ਭਾਰਤੀ ਲੜਕੀ ਸ਼ੈਰਿਨ ਦੀ ਭੇਤਭਰੀ ਹਾਲਤ 'ਚ ਹੋਈ ਮੌਤ ਦੇ ਮਾਮਲੇ 'ਚ ਇੱਥੋਂ ਦੀ ਗਰੈਂਡ ਜਿਊਰੀ ਨੇ ਸ਼ੈਰਿਨ ਮੈਥਿਊਜ਼ ਨੂੰ ਗੋਦ ਲੈਣ ਵਾਲੇ ਉਸ ਦੇ ਪਿਤਾ 'ਤੇ ਕਤਲ ਦਾ ਦੋਸ਼ ਲਾਇਆ ਹੈ।



37 ਸਾਲਾ ਵੈਸਲੇ ਮੈਥਿਊਜ਼ ਖ਼ਿਲਾਫ਼ ਕਤਲ ਦਾ ਦੋਸ਼ ਲੜਕੀ ਦੀ ਪੋਸਟ ਮਾਰਟਮ ਰਿਪੋਰਟ ਆਉਣ ਮਗਰੋਂ ਲਾਇਆ ਗਿਆ ਹੈ, ਜਿਸ 'ਚ ਲੜਕੀ ਨਾਲ ਘਰੇਲੂ ਹਿੰਸਾ ਹੋਣ ਦੀ ਗੱਲ ਕਹੀ ਗਈ ਹੈ। ਇਸ ਕੇਸ 'ਚ ਵੈਸਲੇ ਨੂੰ ਮੌਤ ਦੀ ਸਜ਼ਾ ਹੋ ਸਕਦੀ ਹੈ। ਸ਼ੈਰਿਨ ਨੂੰ ਬਿਹਾਰ ਦੇ ਅਨਾਥ ਆਸ਼ਰਮ ਤੋਂ ਗੋਦ ਲਿਆ ਗਿਆ ਸੀ। ਸ਼ੈਰਿਨ ਨੂੰ ਗੋਦ ਲੈਣ ਵਾਲੀ ਮਾਂ 35 ਸਾਲਾ ਸਿਨੀ ਮੈਥਿਊਜ਼ 'ਤੇ ਵੀ ਬੱਚੀ ਨੂੰ ਛੱਡਣ ਦਾ ਦੋਸ਼ ਲਾਇਆ ਗਿਆ ਹੈ ਤੇ ਉਸ ਨੂੰ ਦੋ ਤੋਂ 20 ਸਾਲ ਤੱਕ ਦੀ ਕੈਦ ਅਤੇ ਦਸ ਹਜ਼ਾਰ ਡਾਲਰ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਅਧਿਕਾਰੀਆਂ ਨੇ ਅਜੇ ਦੱਸਿਆ ਨਹੀਂ ਹੈ ਕਿ ਸ਼ੈਰਿਨ ਨੂੰ ਕੀ ਹੋਇਆ ਸੀ ਅਤੇ ਅਦਾਲਤ ਦੇ ਦਸਤਾਵੇਜ਼ ਸਿਰਫ਼ ਇਹ ਦੋਸ਼ ਲਾ ਰਹੇ ਹਨ ਕਿ ਲੜਕੀ ਦੀ ਮੌਤ ਦਾ ਕਾਰਨ ਮੈਥਿਊਜ਼ ਜੋੜਾ ਹੈ ਤੇ ਬੱਚੀ ਨੂੰ ਮਾਰਨ ਲਈ ਘਾਤਕ ਹਥਿਆਰ ਦੀ ਵਰਤੋਂ ਕੀਤੀ ਗਈ ਹੈ। ਗਰੈਂਡ ਜਿਊਰੀ ਨੂੰ ਹਥਿਆਰ ਦੀ ਵਰਤੋਂ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਨਹੀਂ ਹੈ। ਡਲਾਸ ਕਾਊਂਟੀ ਦੇ ਜ਼ਿਲ੍ਹਾ ਅਟਾਰਨੀ ਫੇਥ ਜੌਹਨਸਨ ਨੇ ਪ੍ਰੈੱਸ ਕਾਨਫਰੰਸ ਦੌਰਾਨ ਇਹ ਦੋਸ਼ ਲਾਉਂਦਿਆਂ ਕਿਹਾ, 'ਅਸੀਂ ਵਿਸਤਾਰ 'ਚ ਨਹੀਂ ਜਾ ਸਕਦੇ, ਪਰ ਪੋਸਟ ਮਾਰਟਮ ਰਿਪੋਰਟ ਦੇ ਆਧਾਰ 'ਤੇ ਅਸੀਂ ਕਤਲ ਦੇ ਦੋਸ਼ ਲਾਉਣ ਲਈ ਦ੍ਰਿੜ੍ਹ ਹਾਂ।' ਡਲਾਸ ਕਾਊਂਟੀ ਅਦਾਲਤ ਦੇ ਰਿਕਾਰਡ ਅਨੁਸਾਰ ਸ਼ੈਰਿਨ ਨੂੰ ਗੋਦ ਲੈਣ ਵਾਲੇ ਪਿਤਾ 'ਤੇ ਬੱਚੀ ਦੀ ਸੰਭਾਲ ਨਾ ਕਰਨ ਤੇ ਸਬੂਤਾਂ ਨਾਲ ਛੇੜਛਾੜ ਕਰਨ ਦੇ ਦੋਸ਼ ਵੀ ਲੱਗੇ ਹੋਏ ਹਨ। ਇਸ ਜੋੜੇ ਦੀ ਆਪਣੀ ਖੁਦ ਦੀ ਚਾਰ ਸਾਲਾ ਬੱਚੀ ਦੀ ਕਿਸਮਤ ਦਾ ਫ਼ੈਸਲਾ ਵੀ ਅਜੇ ਹੋਣਾ ਹੈ। ਇਸ ਸਬੰਧੀ ਕੇਸ ਦੀ ਸੁਣਵਾਈ ਵੱਖਰੀ ਬਾਲ ਸੁਰੱਖਿਆ ਸੇਵਾਵਾਂ (ਸੀਪੀਐੱਸ) ਵੱਲੋਂ ਇਸ ਮਹੀਨੇ ਦੇ ਅੰਤ 'ਚ ਕੀਤੀ ਜਾਵੇਗੀ। ਇਸ ਦੌਰਾਨ ਉਹ ਜਾਂ ਤਾਂ ਆਪਣੇ ਬੱਚੇ ਨੂੰ ਪਾਲਣ ਦਾ ਅਧਿਕਾਰ ਗੁਆ ਦੇਣਗੇ ਜਾਂ ਫਿਰ ਉਨ੍ਹਾਂ ਦੇ ਅਧਿਕਾਰ ਖ਼ਤਮ ਕਰਨ ਲਈ ਸਿਵਲ ਟਰਾਇਲ ਦੀ ਪੇਸ਼ੀ ਰੱਖੀ ਜਾਵੇਗੀ। ਜ਼ਿਕਰਯੋਗ ਹੈ ਕਿ ਮੂਲ ਰੂਪ 'ਚ ਕੇਰਲਾ ਦੇ ਇਸ ਜੋੜੇ ਨੇ ਪਿਛਲੇ ਮਹੀਨੇ ਆਪਣੀ ਖੁਦ ਦੀ ਬੇਟੀ ਨੂੰ ਦੇਖਣ ਦਾ ਅਧਿਕਾਰ ਵੀ ਆਰਜ਼ੀ ਤੌਰ 'ਤੇ ਗੁਆ ਦਿੱਤਾ ਸੀ। ਇਹ ਜੋੜਾ ਆਪਣੇ ਪਰਿਵਾਰ ਨਾਲ ਹਿਊਸਟਨ 'ਚ ਰਿਹਾ ਹੈ।

## ਬਰਤਾਨਵੀ ਅਦਾਲਤ ਤੋਂ ਵਿਜੇ ਮਾਲਿਆ ਨੂੰ ਜ਼ਮਾਨਤ ਮਿਲੀ

**ਲੰਦਨ/ਬਿਊਰੋ ਨਿਊਜ਼,** ਸ਼ਰਾਬ ਕਾਰੋਬਾਰੀ ਵਿਜੇ ਮਾਲਿਆ ਨੂੰ ਹਵਾਲਗੀ ਮਾਮਲੇ ਵਿੱਚ ਜ਼ਮਾਨਤ ਮਿਲ ਗਈ ਹੈ। ਮਾਮਲੇ ਦੀ ਸੁਣਵਾਈ ਕਰ ਰਹੀ ਜੱਜ ਨੇ ਭਾਰਤ ਸਰਕਾਰ ਵੱਲੋਂ ਪੇਸ਼ ਸਬੂਤਾਂ ਖ਼ਿਲਾਫ਼ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਲਿਆ ਨੂੰ 2 ਅਪਰੈਲ ਤਕ ਜ਼ਮਾਨਤ ਦੇ ਦਿੱਤੀ। ਮਾਲਿਆ ਖ਼ਿਲਾਫ਼ ਹਵਾਲਗੀ ਮਾਮਲਾ ਉਸ 'ਤੇ ਭਾਰਤ ਵਿੱਚ ਕੀਤੀ ਧੋਖਾਧੜੀ ਦੇ ਸਬੰਧ ਵਿੱਚ ਹੈ ਅਤੇ ਇਸ ਮਾਮਲੇ ਦੀ ਸੁਣਵਾਈ 4 ਦਸੰਬਰ ਨੂੰ ਸ਼ੁਰੂ ਹੋਈ ਸੀ। ਯਾਦ ਰਹੇ ਕਿ ਸਾਲ 2016 ਵਿੱਚ ਭਾਰਤ ਛੱਡਣ ਦੇ ਬਾਅਦ ਤੋਂ ਉਹ ਲੰਦਨ ਵਿੱਚ ਰਹਿ ਰਿਹਾ ਹੈ। ਸਾਲ 2017 ਵਿੱਚ ਹਵਾਲਗੀ ਵਾਰੰਟਾਂ 'ਤੇ ਸਕਾਟਲੈਂਡ ਯਾਰਡ ਨੇ ਮਾਲਿਆ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਸ ਨੂੰ 650000 ਪਾਊਂਡ ਦੇ ਬਾਂਡ 'ਤੇ ਜ਼ਮਾਨਤ ਮਿਲ ਗਈ ਸੀ। ਮਾਲਿਆ ਖ਼ਿਲਾਫ਼ ਕੱਲ੍ਹ ਹੋਈ ਸੁਣਵਾਈ ਨੂੰ ਇਸ ਮਾਮਲੇ ਵਿੱਚ ਅੰਤਿਮ ਮੰਨਿਆ ਜਾ ਰਿਹਾ ਸੀ ਪਰ ਇਹ ਬੇਸਿੱਟਾ ਰਹੀ ਕਿਉਂਕਿ ਬਚਾਅ ਪੱਖ ਦੀ ਦਲੀਲਾਂ ਹਾਲੇ ਪੂਰੀਆਂ ਨਹੀਂ ਹੋਈਆਂ। ਬਚਾਅ ਪੱਖ ਭਾਰਤ ਸਰਕਾਰ ਦੇ ਕੇਸ ਨੂੰ ਖਾਰਜ ਕਰਨ ਦੀ ਮੰਗ ਕਰ ਰਿਹਾ ਹੈ।



## ਆਨਲਾਈਨ ਕੀਤੀਆਂ ਜਾਣਗੀਆਂ ਸਿੱਖ ਰੈਫਰੈਂਸ ਲਾਇਬਰੇਰੀ ਵਿਚਲੀਆਂ ਦੁਰਲੱਭ ਪੁਸਤਕਾਂ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸਿੱਖ ਰੈਫਰੈਂਸ ਲਾਇਬਰੇਰੀ ਵਿੱਚ ਸਿੱਖ ਧਰਮ ਤੇ ਇਤਿਹਾਸ ਨਾਲ ਸਬੰਧਤ ਦੁਰਲੱਭ ਪੁਸਤਕਾਂ ਨੂੰ ਡਿਜੀਟਲਾਈਜ਼ਡ ਕੀਤਾ ਗਿਆ ਹੈ ਤੇ ਜਲਦੀ ਹੀ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਨੂੰ ਆਨਲਾਈਨ ਕਰਨ ਦੀ ਵੀ ਯੋਜਨਾ ਹੈ। ਸਿੱਖ ਰੈਫਰੈਂਸ ਲਾਇਬਰੇਰੀ ਜੂਨ 1984 ਸਾਕਾ ਨੀਲਾ ਤਾਰਾ ਸਮੇਂ ਸੜ ਗਈ ਸੀ ਤੇ ਇਸ ਦਾ ਖ਼ਜ਼ਾਨਾ ਹੁਣ ਤੱਕ ਸ਼੍ਰੋਮਣੀ ਕਮੇਟੀ ਨੂੰ ਵਾਪਸ ਨਹੀਂ ਮਿਲਿਆ। ਸ਼੍ਰੋਮਣੀ ਕਮੇਟੀ ਦੇ ਮੁਖ ਸਕੱਤਰ ਡਾ. ਰੂਪ ਸਿੰਘ ਨੇ ਆਖਿਆ ਕਿ ਸਿੱਖ ਸੰਸਥਾ ਵੱਲੋਂ ਲੋਕਾਂ ਨੂੰ ਅਪੀਲ ਵੀ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਕੋਲ ਸਿੱਖ ਧਰਮ ਤੇ ਇਤਿਹਾਸ ਨਾਲ ਸਬੰਧਤ ਦੁਰਲੱਭ ਪੁਸਤਕਾਂ, ਹੱਥ ਲਿਖ਼ਤ ਸਰੂਪ ਜਾਂ ਖਰੜੇ ਆਦਿ ਹਨ ਤਾਂ ਉਹ ਸ਼੍ਰੋਮਣੀ ਕਮੇਟੀ ਨੂੰ ਭੇਟ ਕੀਤੇ ਜਾਣ। ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਸਥਾਪਿਤ ਰੈਫਰੈਂਸ ਲਾਇਬਰੇਰੀ ਨੂੰ ਹੁਣ ਭਾਈ ਗੁਰਦਾਸ ਹਾਲ ਵਿੱਚ ਬਣੀ ਇਮਾਰਤ 'ਚ ਤਬਦੀਲ ਕਰਨ ਦੀ ਯੋਜਨਾ ਹੈ।

# ਵਿਆਹਾਂ ਦੇ ਵਿਖਾਵਿਆਂ ਨੇ ਪੰਜਾਬੀਆਂ ਨੂੰ ਆਰਥਿਕ ਸੰਕਟ ਵਲ ਧਕਿਆ

- ਫਿਲਮਾਂ ਦੀ ਸ਼ੂਟਿੰਗ ਵਾਂਗ ਹੁੰਦੀਆਂ ਨੇ ਰਸਮਾਂ
- ਲਾੜੀਆਂ ਨਾਲ ਬਾਊਂਸਰ ਲਾਉਣ ਦੀ
- ਵਧ ਰਹੇ ਖਰਚਿਆਂ ਨੇ ਕੀਤੇ ਕਿਸਾਨ ਕਰਜਾਈ



**ਜਲੰਧਰ ਤੋਂ ਅਮਨਦੀਪ ਕੌਰ ਹਾਂਸ ਦੀ ਖ਼ਾਸ ਰਿਪੋਰਟ**

ਪੰਜਾਬ ਵਿੱਚ ਕਿਸੇ ਵੇਲੇ ਰਵਾਇਤੀ ਰਸਮਾਂ ਨਾਲ ਹੁੰਦੇ ਸਾਦ-ਮੁਰਾਦੇ ਵਿਆਹ ਅੱਜ-ਕੱਲ੍ਹ ਵਿਖਾਵਾ ਬਣ ਕੇ ਰਹਿ ਗਏ ਹਨ। ਇਹ ਦਿਖਾਵਾ ਪੰਜਾਬੀਆਂ ਨੂੰ ਆਰਥਿਕ ਸੰਕਟ ਵੱਲ ਧਕੇਲ ਰਿਹਾ ਹੈ। ਪੰਜਾਬੀ ਵਿਆਹਾਂ ਵਿੱਚ ਰਵਾਇਤੀ ਰਸਮਾਂ ਨੂੰ ਪਰ੍ਹਾਂ ਧੱਕ ਕਈ ਅਜਿਹੇ ਰੁਝਾਨ ਅੱਗੇ ਆ ਰਹੇ ਹਨ, ਜਿਨ੍ਹਾਂ ਦੀ ਬੁਨਿਆਦ ਸਿਰਫ਼ ਦਿਖਾਵਾ ਹੈ। ਇਨ੍ਹਾਂ ਰੁਝਾਨਾਂ ਵਿੱਚ ਪ੍ਰੀ-ਵੈਡਿੰਗ ਸ਼ੂਟ, ਸਿਨੇਮੈਟਿਕ ਫ਼ਿਲਮਾਂ, ਡਰੋਨਾਂ ਤੇ ਕਰੇਨਾਂ ਵਾਲੀ ਵੀਡੀਓਗ੍ਰਾਫ਼ੀ ਸਣੇ ਕਈ ਤਰ੍ਹਾਂ ਦਾ ਨਿੱਕ-ਸੁੱਕ ਸ਼ਾਮਲ ਹੈ।ਵਿਆਹ ਤੋਂ ਪੰਦਰਾਂ-ਵੀਹ ਦਿਨ ਜਾਂ ਮਹੀਨਾ ਪਹਿਲਾਂ ਲੜਕੇ ਲੜਕੀ ਵੱਲੋਂ ਪ੍ਰੀ-ਵੈਡਿੰਗ ਸ਼ੂਟ ਕਰਾਇਆ ਜਾਂਦਾ ਹੈ, ਜਿਸ ਦਾ ਖ਼ਰਚਾ ਪੱਚੀ-ਤੀਹ ਹਜ਼ਾਰ ਤੋਂ ਸ਼ੁਰੂ ਹੋ ਕੇ ਲੱਖਾਂ ਰੁਪਏ ਤੱਕ ਜਾਂਦਾ ਹੈ। ਸੌ ਫ਼ੀਸਦ ਐੱਨਆਰਆਈ ਤੇ ਸਰਦੇ-ਪੁੱਜਦੇ ਪਰਿਵਾਰ ਪ੍ਰੀ-ਵੈਡਿੰਗ ਫੋਟੋਸ਼ੂਟ ਕਰਾਉਂਦੇ ਹਨ, ਜਦੋਂਕਿ ਪੰਜਾਬ ਦੇ ਮੱਧਵਰਗੀ ਪਰਿਵਾਰਾਂ ਵਿੱਚੋ 80 ਫ਼ੀਸਦ ਪਰਿਵਾਰ ਪ੍ਰੀ-ਵੈਡਿੰਗ ਸ਼ੂਟ ਨੂੰ ਵਿਆਹਾਂ ਦਾ ਅਹਿਮ ਹਿੱਸਾ ਮੰਨਣ ਦੇ ਰੁਝਾਨ ਵਿੱਚ ਸ਼ਾਮਲ ਹੋ ਚੁੱਕੇ ਹਨ। ਇਸੇ ਸ਼ੂਟ ਦੌਰਾਨ ਖਿੱਚੀਆਂ ਤਸਵੀਰਾਂ ਪੈਲੇਸਾਂ ਵਿੱਚ ਫਰੇਮਾਂ ਵਿਚ ਜੜੀਆਂ ਦਿਸਦੀਆਂ ਹਨ ਤੇ ਪ੍ਰੀ-ਵੈਡਿੰਗ ਫੋਟੋਗ੍ਰਾਫ਼ੀ ਵਿਆਹ ਦੌਰਾਨ ਐੱਲਈਡੀ ਸਕਰੀਨਾਂ ’ਤੇ ਚਲਾਈ ਜਾਂਦੀ ਹੈ, ਜਿਸ ਦੇ ਪੈਲੇਸ ਮਾਲਕਾਂ ਵੱਲੋਂ ਵੱਖਰੇ ਪੈਸੇ ਵੀ ਵਸੂਲੇ ਜਾਂਦੇ ਹਨ। ਵਿਆਹਾਂ ਵਿੱਚ ਕੀਤੀ ਜਾਂਦੀ ਫੋਟੋਗ੍ਰਾਫ਼ੀ ਤੇ ਵੀਡੀਓਗ੍ਰਾਫ਼ੀ ’ਤੇ ਵੀ 50 ਹਜ਼ਾਰ ਤੋਂ ਲੈ ਕੇ ਲੱਖਾਂ ਰੁਪਏ ਦਾ ਖ਼ਰਚ ਆਉਂਦਾ ਹੈ।

ਦੋ ਦਿਨਾਂ ਦੇ ਵਿਆਹ ਦੇ ਵੀਡੀਓਗ੍ਰਾਫ਼ੀ ਪੈਕੇਜ ’ਤੇ ਦੋ-ਢਾਈ ਲੱਖ ਰੁਪਏ ਆਮ ਲਗਾ ਦਿੱਤੇ ਜਾਂਦੇ ਹਨ। ਵੀਡੀਓਗ੍ਰਾਫ਼ੀ ਲਈ ਵਰਤੇ ਜਾਂਦੇ ਡਰੋਨ ਤੇ ਕਰੇਨਾਂ ਜਿੱਥੇ ਪੈਸੇ ਦਾ ਵੱਡਾ ਖੌਅ ਹਨ, ਉਥੇ ਹੀ ਮਹਿਮਾਨਾਂ ਦੇ ਮੇਲ-ਗੇਲ ਵਿੱਚ ਦਖ਼ਲ ਵੀ ਬਣਦੀਆਂ ਹਨ। ਪੰਜਾਬ ਦੇ ਵਿਆਹਾਂ ਵਿੱਚ ਅੱਜ-ਕੱਲ੍ਹ ਲਾੜੇ ਲਾੜੀ ਨਾਲ ਬਾਊਂਸਰ ਰੱਖਣ ਦਾ ਰੁਝਾਨ ਵੀ ਸ਼ੁਰੂ ਹੋ ਗਿਆ ਹੈ। ਇੱਥੋਂ ਤੱਕ ਲਾੜਾ ਵੀ ਲਾੜੀ ਨੂੰ ਹੈਲੀਕਾਪਟਰ ਤੇ ਲੈਣ ਆਉਂਦਾ ।

### ਵਧ ਰਹੇ ਖਰਚਿਆਂ ਨਾਲ ਕਿਸਾਨ ਤਬਾਹ

ਪੰਜਾਬ ਵਿੱਚ ਖੇਤੀ ਘਾਟੇ ਦਾ ਸੌਦਾ ਬਣਨ ਨਾਲ ਆਪਣਾ ਸਮਾਜਿਕ ਰੁਤਬਾ ਬਰਕਰਾਰ ਰੱਖਣ ਦਾ ਸੰਕਟ ਤੇ ਵਿਆਹਾਂ ਵਿਚ ਫਜ਼ੂਲ ਖਰਚੀ ਕਿਸਾਨ ਨੂੰ ਅੰਦਰੋਂ ਖੋਖਲਾ ਕਰ ਰਿਹਾ ਹੈ ਤੇ ਨਤੀਜਾ ਕਿਸਾਨ ਖ਼ੁਦਕੁਸ਼ੀਆਂ ਵਜੋਂ ਸਾਹਮਣੇ ਹੈ। ਪੰਜਾਬ ਵਿਧਾਨ ਸਭਾ ਦੀ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਸਬੰਧੀ ਬਣੀ ਕਮੇਟੀ ਦੇ ਮੁਖੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਨੇ ਕਿਹਾ ਕਿ ਆਰਥਿਕ ਨਾਲ ਭਾਈਚਾਰਕ ਸਾਂਝ ਟੁੱਟਣਾ ਵੀ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਹੈ। ਪੰਜਾਬ ਦੇ ਵੱਖ ਵੱਖ ਪਿੰਡਾਂ ਦੇ ਦੌਰੇ ਦੌਰਾਨ ਉਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਨੇ ਸਮਾਜਿਕ ਸਮਾਗਮਾਂ ’ਤੇ ਖ਼ਰਚ ਘਟਾਉਣ ਲਈ ਉਪਰਾਲਾ ਕਰਨ ਦਾ ਸੁਝਾਅ ਵੀ ਦਿੱਤਾ ਹੈ।



### ਅੰਕੜੇ ਦਸਦੇ ਨੇ ਅਸਲ ਸਥਿੱਤੀ

ਇਸ ਸਬੰਧੀ ਐਕਸਾਈਜ਼ ਤੇ ਕਰ ਵਿਭਾਗ ਦੇ ਸੁਪਰਡੈਂਟ ਵਾਸਵੀਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ 1-3-2017 ਤੱਕ ਤੋਂ 31 ਦਸੰਬਰ ਤੱਕ 751 ਵਿਆਹਾਂ ਦੇ ਪਰਮਿਟ ਜਾਰੀ ਹੋਏ ਸਨ ਤੇ ਇਸ ਸਾਲ ਉਨ੍ਹਾਂ ਕੋਲੋਂ 1 ਅਪ੍ਰੈਲ ਤੱਕ 31 ਦਸੰਬਰ ਤੱਕ 643 ਪਰਮਿਟ ਜਾਰੀ ਹੋਏ ਹਨ। ਇਸੇ ਤਰ੍ਹਾਂ ਦਿੜ੍ਹਬਾ ਇਲਾਕੇ ਦੇ ਘਮਾਣ ਪੈਲੇਸ ਤੇ ਦੋ ਹੋਰ ਪੈਲੇਸਾਂ ਦੇ ਮਾਲਕ ਸਤਨਾਮ ਸਿੰਘ ਨੇ ਦੱਸਿਆ ਕਿ ਸਾਡੇ ਕੋਲ ਇਸ ਵਾਰ 25 ਫ਼ੀਸਦੀ ਵਿਆਹ ਘੱਟ ਹੋਏ ਹਨ। ਲਹਿਰਾਗਾਗਾ ਦੇ ਜੀਪੀਐੱਫ ਕੰਪਲੈਕਸ ਦੇ ਮੈਨੇਜਰ ਰਾਜ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਕੋਲ ਇਸ ਵਾਰ ਪੰਦਰ੍ਹਾਂ ਫ਼ੀਸਦੀ ਵਿਆਹਾਂ ਦੀ ਘੱਟ ਬੁਕਿੰਗ ਹੋਈ ਹੈ।

## ਪੰਜਾਬ ਵਿਚ ਇਸ ਵਾਰ ਘਟੀ ਵਿਆਹਾਂ ਦੀ ਗਿਣਤੀ

ਪੰਜਾਬ ਵਿਚ ਲੜਕੇ-ਲੜਕੀਆਂ ਦੇ ਵਿਆਹਾਂ ਦੀ ਗਿਣਤੀ ਦਾ ਗਰਾਫ ਇਸ ਵਾਰ ਹੋਰ ਨੀਵਾਂ ਆ ਗਿਆ ਹੈ, ਜਿਸ ਕਾਰਨ ਵਿਆਹ ਦੀ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਹੋਣ ਵਾਲੀਆਂ ਰਸਮਾਂ ਨਾਲ ਵਸਤਾਂ ਦੇ ਵਿਕਰੇਤਾਵਾਂ ਦਾ, ਕਾਰੋਬਾਰ ਵੱਡੀ ਪੱਧਰ ’ਤੇ ਪ੍ਰਭਾਵਿਤ ਹੋਇਆ ਹੈ। ਇਸ ਦੀ ਵੱਡੀ ਮਾਰ ਕੱਪੜਾ, ਸੋਨਾ, ਫਰਨੀਚਰ ਵੇਚਣ ਵਾਲੇ ਵਪਾਰੀਆਂ ਤੋਂ ਇਲਾਵਾ ਮੈਰਿਜ ਪੈਲੇਸ ਮਾਲਕਾਂ ਦੇ ਕਾਰੋਬਾਰ ’ਤੇ ਪਈ ਹੈ।

ਠੇਕੇ ’ਤੇ ਲੈ ਕੇ ਪੈਲੇਸ ਚਲਾਉਣ ਵਾਲੇ ਲੋਕਾਂ ਦੀਆਂ ਜੇਬਾਂ ਵਿਚ ਪੈਸੇ ਆਉਣ ਦੀ ਬਜਾਏ ਪਹਿਲਾਂ ਪੈਸਾ ਜਾਣ ਦੇ ਆਸਾਰ ਪੈਦਾ ਹੋ ਰਹੇ ਹਨ। ਲੋਕਾਂ ਵੱਲੋਂ ਭਾਵੇਂ ਬਾਹਰੀ ਤੌਰ ’ਤੇ ਵਿਆਹਾਂ ਦੀ ਘੱਟ ਰਹੀ ਗਿਣਤੀ ਨੂੰ ਪਿਛਲੇ ਸਮੇਂ ਵਿਚ ਹੋਈ ਨੋਟਬੰਦੀ, ਜੀਐੱਸਟੀ ਤੇ ਚਿੱਟ ਫੰਡ ਕੰਪਨੀਆਂ ਦੇ ਦੀਵਾਲੀਆਪਣ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਪਰ ਇਹ ਨਾਂਮਾਤਰ ਕਾਰਨ ਹੋ ਸਕਦੇ ਹਨ ਪਰ ਮੂਲ ਵਰਤਾਰੇ ਦੀ ਬੁਨਿਆਦ ਨਹੀਂ ਹਨ। ਵਿਆਹਾਂ ਦੀ ਗਿਣਤੀ ਘਟਣ ਦਾ ਵੱਡਾ ਕਾਰਨ ਪਿਛਲੇ ਕਈ ਸਾਲਾਂ ਤੋਂ ਪੜ੍ਹੇ-ਲਿਖੇ ਨੌਜਵਾਨਾਂ ਦਾ ਆਈਲੈੱਟਸ ਕਰ ਕੇ ਵਿਦੇਸ਼ਾਂ, ਖ਼ਾਸ ਕਰ ਕੇ ਕੈਨੇਡਾ ਅਤੇ ਅਸਟਰੇਲੀਆ ਵਿਚ ਜਾਣ ਦੀ ਰੁਚੀ ਦਾ ਪ੍ਰਬਲ ਹੋਣਾ ਹੈ ਪਰ ਇਸ ਸਾਲ ਇਹ ਪ੍ਰਬਲ ਰੁਚੀ ਜਨੂੰਨ ਦਾ ਰੂਪ ਧਾਰ ਗਈ ਹੈ। ਪੰਜਾਬ ਵਿਚ ਕਦੇ-ਕਦੇ ਕੁਝ ਸੈਂਕੜੇ ਨੌਕਰੀਆਂ ਨਿਕਲਦੀਆਂ ਹਨ, ਪਰ ਬੇਰੁਜ਼ਗਾਰ ਪੜ੍ਹੇ-ਲਿਖੇ ਨੌਜਵਾਨ ਲੜਕੇ-ਲੜਕੀਆਂ ਦੀ ਗਿਣਤੀ ਲੱਖਾਂ ਵਿਚ ਹੈ। ਸਰਕਾਰ ਦੇ ਇਸ ਵਰਤਾਰੇ ਨੇ ਨੌਜਵਾਨਾਂ ਵਿਚ ਆਪਣੀ ਹੀ ਧਰਤੀ ’ਤੇ ਬੇਗ਼ਾਨਗੀ ਦੀ ਭਾਵਨਾ ਪੈਦਾ ਕਰ ਦਿੱਤੀ ਹੈ।

ਮਾਪੇ ਆਪਣੇ ਧੀਆਂ-ਪੁੱਤਰਾਂ ਦੇ ਭਵਿੱਖ ਧੁੰਦਲਾ ਹੁੰਦਾ ਵੇਖ ਕੇ ਜ਼ਮੀਨ-ਜਾਇਦਾਦ ਦਾਅ ’ਤੇ ਲਿਆਉਣ ਤੋਂ ਇਲਾਵਾ ਹਰ ਹੀਲਾ ਵਰਤ ਕੇ 20-20 ਲੱਖ ਰੁਪਏ ਖ਼ਰਚ ਕਰਕੇ ਇਹ ਅਣਚਾਹਿਆ ਜ਼ਹਿਰ ਪੀਣ ਲਈ ਮਜਬੂਰ ਹੋ ਰਹੇ ਹਨ। ਬਹੁਤੇ ਮਾਪੇ ਵਿਆਹ ’ਤੇ ਭਾਰੀ ਰਕਮ ਖ਼ਰਚ ਕਰਨ ਦੀ ਬਜਾਏ ਆਪਣੀਆਂ ਧੀਆਂ ਨੂੰ ਕੈਨੇਡਾ ਭੇਜਣ ਨੂੰ ਤਰਜੀਹ ਦੇ ਰਹੇ ਹਨ। ਵਿਦੇਸ਼ ਜਾਣ ਦੀ ਰੁਚੀ ਇਧਰ ਵਿਆਹ ਘਟਣ ਨਾਲ ਇਸ ਲਈ ਵੀ ਜੁੜਦੀ ਹੈ, ਕਿਉਂਕਿ ਉੱਧਰ ਗਏ ਨੌਜਵਾਨ ਦੋ ਜਾਂ ਤਿੰਨ ਸਾਲ ਪੜ੍ਹਾਈ ਕਰਦੇ ਹਨ। ਤਿੰਨ ਸਾਲ ਦਾ ਵਰਕ ਪਰਮਿਟ ਮਿਲਦਾ ਹੈ। ਮਾਪੇ ਪੱਕਾ ਹੋਣ ਦੀ ਸੂਰਤ ਵਿਚ ਮੁੰਡੇ ਦੇ ਵਿਆਹ ਕਰਨ ਨੂੰ ਪਹਿਲ ਦਿੰਦੇ ਹਨ।





### ਕਸ਼ਮੀਰ ਸਰਕਾਰ ਨੇ ਬੇਲੋੜੇ ਖਰਚੇ ਘਟਾਉਣ ਲਈ ਕੀਤਾ ਆਰਡਰ ਲਾਗੂ

ਕਸ਼ਮੀਰ ਸਰਕਾਰ ਨੇ ਬੇਲੋੜੇ ਖ਼ਰਚੇ ਘਟਾਉਣ ਲਈ ਇਕ ਅਪਰੈਲ 2017 ਤੋਂ ਗੈਸਟ ਕੰਟਰੋਲ ਆਰਡਰ ਲਾਗੂ ਕਰ ਦਿੱਤਾ ਹੈ। ਇਸ ਮੁਤਾਬਿਕ ਲੜਕੀ ਦੇ ਵਿਆਹ ’ਤੇ 500, ਲੜਕੇ ਦੇ 400 ਤੇ ਸ਼ਗਨ ਵਗੈਰਾ ਦੇ ਪੈਲੇਸਾਂ ਵਿੱਚ ਹੋਣ ਵਾਲੇ ਸਮਾਗਮਾਂ ਵਿੱਚ 100 ਤੋਂ ਵੱਧ ਮਹਿਮਾਨ ਨਹੀਂ ਆ ਸਕਦੇ। ਉਲੰਘਣਾ ਕਰਨ ਵਾਲੇ ਨੂੰ ਤਿੰਨ ਮਹੀਨਿਆਂ ਤੋਂ ਇੱਕ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਦਾ ਲੋਕਾਂ ਨੇ ਸਵਾਗਤ ਵੀ ਕੀਤਾ ਹੈ।

ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਸਾਬਕਾ ਰਜਿਸਟਰਾਰ ਡਾ. ਪੀ. ਐੱਲ. ਗਰਗ ਨੇ ਕਿਹਾ ਕਿ ਪੰਜਾਬ ਵਿੱਚ ਵਧ ਰਹੀਆਂ ਖ਼ੁਦਕੁਸ਼ੀਆਂ ਲਗਾਤਾਰ ਸੱਥਰ ਵਿਛਾ ਰਹੀਆਂ ਹਨ, ਇਹ ਪੂਰੇ ਭਾਈਚਾਰੇ ਦੀ ਜ਼ਿੰਮੇਵਾਰੀ ਹੈ ਤੇ ਸਭ ਤੋਂ ਪਹਿਲਾਂ ਆਰਥਿਕ ਤੌਰ ’ਤੇ ਸੌਖੇ ਲੋਕਾਂ ਨੂੰ ਬੇਲਗਾਮ ਖ਼ਰਚਿਆਂ ’ਤੇ ਲਗਾਮ ਪਾਉਣ ਦੀ ਲੋੜ ਹੈ। ਪੰਜਾਬ ਵਿਧਾਨ ਸਭਾ ਨੇ ਵੀ 2016 ਦੇ ਬਜਟ ਸੈਸ਼ਨ ਦੌਰਾਨ ਵਿਧਾਇਕ ਹਰਪ੍ਰੀਤ ਸਿੰਘ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਸੀ, ਜਿਸ ਵਿੱਚ ਸਮਾਜਿਕ ਸਮਾਗਮਾਂ ’ਤੇ ਖ਼ਰਚੇ ਘੱਟ ਕਰਨ ਦੀ ਗੱਲ ਕੀਤੀ ਗਈ ਹੈ। ਜੇਕਰ ਪੰਜਾਬ ਸਰਕਾਰ ਵੀ ਗੈਸਟ ਕੰਟਰੋਲ ਆਰਡਰ ਲਾਗੂ ਕਰ ਦੇਵੇ ਤਾਂ ਇਸ ਦਾ ਵੀ ਵੱਡੇ ਪੱਧਰ ’ਤੇ ਸਵਾਗਤ ਹੋਣ ਦੇ ਆਸਾਰ ਹਨ, ਕਿਉਂਕਿ ਬਹੁ-ਗਿਣਤੀ ਨੂੰ ਸਮਾਜਿਕ ਦਬਾਅ ਹੇਠ ਮਜਬੂਰੀ ਵਿੱਚ ਵਿਆਹਾਂ ’ਤੇ ਸਮਰੱਥਾ ਤੋਂ ਵੱਧ ਖ਼ਰਚਾ ਕਰਨਾ ਪੈ ਰਿਹਾ ਹੈ।

## ਹੋਛੇਪਣ ਹੱਥੋਂ ਗਈਆਂ ਕਈ ਜਾਨਾਂ

ਵਿਆਹਾਂ ਵਿੱਚ ਅਸਲਾ ਰੱਖਣ ਤੇ ਫਾਇਰ ਕਰਨ ਦਾ ਰੁਝਾਨ ਰੁਕਣ ਦਾ ਨਾਮ ਨਹੀਂ ਲੈ ਰਿਹਾ। ਪੰਜਾਬੀਆਂ ਦੇ ਹੋਛੇਪਣ ਦਾ ਦਿਖਾਵਾ ਕਰਦੇ ‘ਬੰਦਾ ਬੁੰਦਾ ਮਾਰਨੈ ਤਾਂ ਦੱਸ’, ‘ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ’ ਵਰਗੇ ਡੀ.ਜੇ. ਉੱਤੇ ਵੱਜਦੇ ਗੀਤਾਂ ਦੀ ਲੋਰ ਵਿੱਚ ਬਦਹਵਾਸ ਹੋਏ ਵਿਅਕਤੀਆਂ ਨੇ ਪਿਛਲੇ ਦੋ ਸਾਲਾਂ ਦੌਰਾਨ ਹੀ ਅੱਧੀ ਦਰਜਨ ਤੋਂ ਵੱਧ ਮਾਸੂਮਾਂ ਦੀ ਜਾਨ ਲੈ ਲਈ। ਹੁਣੇ ਜਿਹੇ ਇਥੇ ਅੰਮ੍ਰਿਤਸਰ ਰੋਡ ’ਤੇ ਸਥਿਤ ਇਕ ਪੈਲੇਸ ਵਿਚ ਸ਼ਗਨ ਸਮਾਗਮ ਦੌਰਾਨ ਗੋਲੀ ਲੱਗਣ ਨਾਲ ਅੰਮ੍ਰਿਤਧਾਰੀ ਨੌਜਵਾਨ ਅਮਨਦੀਪ ਸਿੰਘ (25) ਦੀ ਮੌਤ ਹੋ ਗਈ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਕਿ ਗੋਲੀ ਕਿਸ ਨੇ ਤੇ ਕਿਥੋਂ ਚਲਾਈ ਸੀ। ਪੁਲੀਸ ਮਾਮਲੇ ਦੀ ਜਾਂਚ ਲਈ ਸੀਸੀਟੀਵੀ ਫੁਟੇਜ ਘੋਖ ਰਹੀ ਹੈ।

ਬੀਤੇ ਸਾਲ 12 ਦਸੰਬਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਸਨ ਸਾਹਿਬ ਰੋਡ ਸਥਿਤ ਰਿਜ਼ੋਰਟ ਵਿੱਚ ਗੈਂਗਸਟਰਾਂ ਦੀ ਤਰ੍ਹਾਂ ਲੜੇ ਦੋ ਗਰੁੱਪਾਂ ਨੇ ਦੋ ਘਰਾਂ ਦੇ ਚਿਰਾਗ ਬੁਝਾ ਦਿੱਤੇ। 19 ਨਵੰਬਰ 2017 ਨੂੰ ਕੋਟਕਪੂਰੇ ਨੇੜੇ ਵਿਆਹ ਦੇ ਜਸ਼ਨ ਨੇ ਇੱਕ ਅੱਠ ਸਾਲਾ ਬੱਚੇ ਦੀ ਬਲੀ ਲੈ ਲਈ। 2016 ਵਿੱਚ 13 ਫਰਵਰੀ ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਕਰਾੜਵਾਲਾ ਵਿੱਚ ਵਿਆਹ ਮੌਕੇ ਗੋਲੀ ਚੱਲਣ ਨਾਲ 48 ਸਾਲਾ ਸੁਰਜੀਤ ਕੌਰ ਦੀ ਮੌਤ ਹੋ ਗਈ। ਇਸੇ ਮਹੀਨੇ 28 ਤਰੀਕ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਵਡਾਲਾ ਗ੍ਰੰਥੀਆਂ ਵਿੱਚ ਇੱਕ ਅਧਿਆਪਕਾ ਜਾਨੋਂ ਹੱਥ ਧੋ ਬੈਠੀ। 22 ਜੂਨ ਨੂੰ ਤਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਵਿਆਹ ਸਮਾਗਮ ਸਮੇਂ ਗੋਲੀ ਲੱਗਣ ਨਾਲ ਲਾੜਾ ਹੀ ਜ਼ਖ਼ਮੀ ਹੋ ਗਿਆ। ਗੋਲੀ ਮੋਢੇ ’ਤੇ ਲੱਗੀ ਹੋਣ ਕਾਰਨ ਉਸ ਦੀ ਜਾਨ ਬਚ ਗਈ ਤੇ ਉਸ ਦਾ ਦੋਸਤ ਗੰਭੀਰ ਜ਼ਖ਼ਮੀ ਹੋ ਗਿਆ। ਇਸੇ ਸਾਲ 4 ਜੁਲਾਈ ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਬੁੱਟਰ ਕਲਾਂ ਦੇ ਅਕਾਲੀ ਸਰਪੰਚ ਵੱਲੋਂ ਲੋਰ ਵਿੱਚ ਆ ਕੇ ਚਲਾਈ ਗੋਲੀ ਨਾਲ ਇੱਕ ਦੀ ਜਾਨ ਚਲੀ ਗਈ ਅਤੇ ਵੇਟਰ ਜ਼ਖ਼ਮੀ ਹੋ ਗਿਆ। ਅਕਤੂਬਰ 2016 ਵਿੱਚ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਦਰਾਬਾਦ ਦੀ 70 ਸਾਲਾ ਸੁਰਜੀਤ ਕੌਰ ਜਸ਼ਨਾਂ ਦੀ ਲੋਰ ਵਿੱਚ ਚੱਲੀ ਗੋਲੀ ਦਾ ਸ਼ਿਕਾਰ ਹੋ ਗਈ। ਦਸੰਬਰ 2016 ਨੂੰ ਬਠਿੰਡਾ ਵਿੱਚ ਇੱਕ ਵਿਆਹ ਸਮਾਗਮ ਦੌਰਾਨ 25 ਸਾਲਾ ਡਾਂਸਰ ਕੁਲਵਿੰਦਰ ਕੌਰ ਹਥਿਆਰਾਂ ਦੇ ਰੁਝਾਨ ਦੀ ਸ਼ਿਕਾਰ ਹੋ ਗਈ।

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

**ਹੇਵਰਡ/ਬਿਊਰੋ ਨਿਊਜ਼:**
ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸ੍ਰੀ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤਿ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਹੇਵਰਡ (1805 Hill Ave Hayward Ca 94541) ਵਿਖੇ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਇਸ ਮੌਕੇ ਬੋਲਦਿਆਂ ਸਿੱਖ ਇਤਿਹਾਸ ਸੰਖੇਪ ਝਾਤ ਪਾਉਂਦਿਆਂ ਦਸਿਆ ਕਿ ਸਾਹਿਬ ਏ ਕਮਾਲ ਦਾ ਪ੍ਰਕਾਸ਼ ਉਸ ਸਮੇਂ ਹੋਇਆ ਜਦੋਂ ਮਜਹਬੀ ਤੁਅਸਬ, ਆਰਥਿਕ ਲੁੱਟ ਖਸ਼ੁਟ ਰਾਜਨੀਤਕ ਜਬਰ ਅਤੇ ਸਮਾਜਿਕ ਵਿਤਕਰੇ ਕੀਤੇ ਜਾ ਰਹੇ ਸਨ । ਦਸਮ ਪਿਤਾ ਨੇ ਇਸ ਸਭ ਕੁਝ ਦੇ ਵਿਰੁੱਧ ਅਵਾਜ਼ ਉਠਾ ਕੇ ਇਨਕਲਾਬ ਲਿਆਂਦਾ। ਉਨ੍ਹਾਂ ਕੋਈ ਯੰਤਰ ਮੰਤਰ ਦੀ ਵਿੱਧੀ ਨਹੀਂ ਦਸੀ ਸਗੋਂ ਆਪਣੇ ਸਿੱਖਾਂ ਨੂੰ ਗੁਰੂ ਅਤੇ ਪੰਥ ਦੇ ਲੜ ਲਾ ਕੇ ਵਿਅਕਤੀ ਪੂਜਾ ਤੋਂ ਬਚਾਇਆ ਅਤੇ ਉਪਦੇਸ਼ ਦਿੱਤਾ ਪੂਜਾ ਅਕਾਲ ਦੀ ਪ੍ਰਚਾ ਸ਼ਬਦ ਦਾ ਦਿਦਾਰ ਖਾਲਸੇ ਦਾ। ਉਨ੍ਹਾਂ ਸੰਸਾਰ ਵਿਚ ਸੁੰਤਲਿਤ ਧਰਮੀ ਜੀਵਨ ਪ੍ਰਦਾਨ ਕੀਤਾ।

ਧਾਰਮਿਕ ਕਵੀ ਦਰਬਾਰ ਵਿਚ ਜਸਦੀਪ ਸਿੰਘ ਫਰੀਮੌਂਟਲ ਤਰਸੇਮ ਸਿੰਘ ਸੁੰਮਨ, ਮਹਿੰਦਰ ਸਿੰਘ ਰਾਜਪੂਤ ਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਤੇ ਅਧਾਰਿਤ ਰਚਨਾਵਾਂ ਕਹੀਆਂ।

ਅਵਤਾਰ ਸਿੰਘ ਮਿਸ਼ਨਰੀ ਨੇ ਸੰਗਤਾਂ ਅਤੇ ਪ੍ਰਬੰਧਕਾਂ ਨੂੰ ਗੁਰਪੁਰਬ ਮਨਾਉਣ ਤੇ ਵਧਾਈ ਦਿੰਦਿਆਂ ਕਿਹਾ ਕਿ ਕੌਮ ਨੂੰ ਗੁਰੂ ਜੀ ਦੀਆਂ ਸਿਖਿਆਵਾਂ ਤੇ ਆਪਣੇ ਜੀਵਨ ਨੂੰ ਢਾਲਣਾ ਚਾਹੀਦਾ ਹੈ।

ਗੁਰਦੁਆਰਾ ਪ੍ਰਬੰਧਕਾਂ ਵੱਲੋਂ ਇਸ ਸਫ਼ਲ ਪ੍ਰੋਗਰਾਮ ਤੋਂ ਖੁਸ਼ੀ ਪ੍ਰਗਟਾਈ ਅਤੇ ਕਵੀਆਂ ਦੇ ਸਨਮਾਨ ਵਿਚ ਬੋਲਦਿਆਂ ਕਿਹਾ ਕਿ ਗੁਰਦੁਆਰਾ ਵਿਚ ਅਜਿਹੇ ਪ੍ਰੋਗਰਾਮ ਅੱਜ ਦੇ ਸਮੇਂ ਵਿਚ ਬਹੁਤ ਜ਼ਰੂਰੀ ਹੈ। ਅੱਗੇ ਤੋਂ ਵੀ ਕਵੀਆਂ ਨੂੰ ਸੱਦਾ ਹੈ।

## 'ਛਣਕਾਟਾ ਵੰਗਾਂ ਦਾ' 'ਚ ਪੰਜਾਬੀ ਸਭਿਆਚਾਰ ਦੇ ਵੱਖ ਵੱਖ ਰੰਗਾਂ ਦੀ ਖੂਬਸੂਰਤ ਪੇਸ਼ਕਾਰੀ



'ਛਣਕਾਟਾ ਵੰਗਾਂ ਦਾ' ਪ੍ਰੋਗਰਾਮ ਦੀਆਂ ਵੱਖ ਵੱਖ ਝਲਕਾਂ

**ਫਰੀਮਾਂਟ/ਹੁਸਨ ਲੜੋਆ ਬੰਗਾ:** ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਐੱਸ ਅਸ਼ੋਕ ਭੌਰਾ ਵਲੋਂ ਕਰਵਾਏ ਗਏ ਪੰਜਵੇਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਅਮੋਲਕ ਸਿੰਘ ਗਾਖਲ ਅਤੇ ਮੱਖਣ ਸਿੰਘ ਬੈਂਸ ਦੀ ਸਰਪ੍ਰਸਤੀ ਹੇਠ ਕਰਵਾਏ ਗਿਆ। ਇਸ ਪੰਜਵੇਂ ਛਣਕਾਟਾ ਵੰਗਾਂ ਦਾ ਪ੍ਰੋਗਰਾਮ ਵਿਚ ਤਕਰੀਬਨ ਛੇ ਘੰਟੇ ਗੀਤ ਸੰਗੀਤ ਦੀ ਨਿਵੇਕਲੀ ਧਮਾਲ ਪੈਂਦੀ ਰਹੀ। ਪ੍ਰੋਗਰਾਮ ਦਾ ਉਦਘਾਟਨ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਤੇ ਗਿਆਨੀ ਰਵਿੰਦਰ ਸਿੰਘ ਨੇ ਕੀਤਾ ਤੇ ਆਪਣੀ ਕਿਸਮ ਦੇ ਇਸ ਨਵੇਂ ਵਰੇ ਨੂੰ ਜੀ ਆਇਆਂ ਆਖਦੇ ਪ੍ਰੋਗਰਾਮ ਵਿਚ ਪੰਜਾਬੀਆਂ ਨੇ ਪਰਿਵਾਰਾਂ ਸਮੇਤ ਭਰਵੀਂ ਹਾਜ਼ਰੀ ਲਗਵਾਈ। ਲਗਤਾਰ ਚੱਲੇ ਇਸ ਪ੍ਰੋਗਰਾਮ ਵਿਚ ਲੋਕ ਨਾਚ, ਗੀਤ ਸੰਗੀਤ, ਭੰਗੜਾ, ਗਿੱਧਾ, ਹਾਸਰਸ ਦੀਆਂ ਆਤਿਸ਼ਬਾਜ਼ੀਆਂ ਤੇ ਫੁਲਝੜੀਆਂ ਦੀਆਂ ਨੇ ਪੰਜਾਬੀਆਂ ਦਾ ਭਰਵਾਂ ਮਨੋਰੰਜਨ ਕੀਤਾ । ਭੰਗੜਾ ਅਕੈਡਮੀ ਦੇ ਬਾਲ ਕਲਾਕਾਰਾਂ ਵਲੋਂ ਪੇਸ਼ ਭੰਗੜਾ, ਉਪਰੰਤ ਨਿੱਕੀਆਂ ਬੱਚੀਆਂ ਵਲੋਂ ਭੰਗੜਾ, ਪ੍ਰੋਗਰਾਮ ਦੀ ਸ਼ੁਰੂਆਤੀ ਖਿੱਚ ਬਣੇ। ਬਾਲ ਗਾਇਕ ਸੁਖਮਨ ਨੇ 'ਸੁੱਚਾ ਸੂਰਮਾ' ਪੇਸ਼ ਕੀਤਾ ਤੇ ਸੱਤੀ ਪਾਬਲਾ ਨੇ ਧਾਰਮਿਕ ਗੀਤ ਉਪਰੰਤ ਕੁਲਦੀਪ ਮਾਣਕ ਦੀਆਂ ਕੁਝ ਅਮਰ ਰਚਨਾਵਾਂ ਪੇਸ਼ ਕਰਕੇ ਮਹੌਲ ਨੇ ਮੇਲੇ ਦਾ ਪਹਿਲਾ ਰੰਗ ਦਿੱਤਾ। ਅਨੂਪ ਚੀਮਾ ਨੇ ਵਾਰ 'ਕਰਤਾਰ ਸਿੰਘ ਸਰਾਭਾ' ਬਾਖੂਬੀ ਪੇਸ਼ ਕੀਤੀ। ਛਣਕਾਟੇ ਦੀ ਸੰਗੀਤਕ ਵਾਛੜ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਵਲੋਂ ਪੇਸ਼ ਪ੍ਰੋਗਰਾਮ ਦੇ ਟਾਈਟਲ ਗੀਤ 'ਉੱਡਣ ਕਬੂਤਰੀਆਂ ਜਦੋਂ ਨੱਚਣ ਵੰਗਾਂ ਛਣਕਾ ਕੇ' ਤੇ ਕੋਰੀਓਗ੍ਰਾਫੀ ਪੇਸ਼ ਕਰਨ ਵੇਲੇ ਪਈ। ਪੰਜਾਬ ਦੇ ਕਮੇਡੀ ਕਿੰਗ ਗੁਰਦੇਵ ਢਿੱਲੋਂ ਉਰਫ ਭਜਨਾ ਅਮਲੀ ਨੇ ਪਹਿਲੀ ਵਾਰ ਅਮਰੀਕਨ ਪੰਜਾਬੀਆਂ ਵਿਚ ਭਰਵੀਂ ਹਾਜ਼ਰੀ ਲਗਵਾਈ ਅਤੇ ਰੱਜ ਕੇ ਹੱਸਣ ਦਾ ਮੰਚ ਪ੍ਰਦਾਨ ਕੀਤਾ। ਆਪਣੀ ਸਹਿਯੋਗੀ ਕਲਾਕਾਰਾ ਸੰਤੀ ਦੀ ਗੈਰਹਾਜ਼ਰੀ ਵਿਚ ਜਸਵਿੰਦਰ ਧਨੋਆ ਨੇ ਉਸ ਨਾਲ ਇਸ ਮੌਕੇ ਸਹਿਯੋਗ ਦਿੱਤਾ। ਅਜੇ ਭੰਗੜਾ ਅਕੈਡਮੀ ਦੀਆਂ ਮੁਟਿਆਰਾਂ ਵਲੋਂ ਪੰਜਾਬ ਦਾ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ। ਮੰਚ ਸੰਚਾਲਨ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਬਾਖੂਬੀ ਕੀਤਾ। ਪੰਜਾਬ ਵਿਧਾਨ ਸਭਾ ਦੇ ਹਲਕਾ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਹਾਜਰੀ ਭਰੀ, ਐਲ.ਈ.ਡੀ ਤੇ ਇਸ ਪ੍ਰੋਗਰਾਮ ਨੂੰ ਰੰਗਦਾਰ ਬਣਾ ਕੇ ਪੇਸ਼ ਕੀਤਾ ਗਿਆ ਜਿਸ ਨੂੰ ਦਰਸ਼ਕਾਂ ਨੇ ਰੱਜ ਕੇ ਮਾਣਿਆ ਤੇ ਸਲਾਹਿਆ, ਲੈਥਰੌਪ ਦੇ ਪੰਜਾਬੀ ਮੇਅਰ ਸਨੀ ਧਾਲੀਵਾਲ ਵੀ ਇਸ ਪ੍ਰੋਗਰਾਮ ਦਾ ਹਿੱਸਾ ਬਣੇ, ਅਪੰਗ ਬੱਚਿਆਂ ਲਈ ਵਿਸ਼ਵ ਭਰ ਵਿਚ ਸਾਂਭ ਸੰਭਾਲ ਲਈ ਉਪਰਾਲੇ ਕਰ ਰਹੀ 'ਸਹਾਇਤਾ' ਸੰਸਥਾ ਵਲੋਂ ਵੱਖਰਾ ਕਾਊਂਟਰ ਖੋਲਿਆ ਗਿਆ ਜਿਸ ਨੂੰ ਪੰਜਾਬੀਆਂ ਨੇ ਵਿੱਤੀ ਸਹਿਯੋਗ ਵੀ ਦਿੱਤਾ, ਤੇ ਆਸਾ ਸਿੰਘ ਮਸਤਾਨਾ ਦਾ ਪਰਿਵਾਰ ਕਿਸੇ ਵੱਡੇ ਪੰਜਾਬੀ ਸਮਾਗਮ ਵਿਚ ਹਾਜ਼ਰ ਹੋਇਆ ਤੇ ਉਸ ਦੀ ਪੋਤਰੀ ਗੁਰਨਿਮਰਤ ਮਸਤਾਨਾ ਨੂੰ ਸਨਮਾਨ ਵੀ ਦਿੱਤਾ ਗਿਆ। ਯੂ.ਕੇ ਦੀ ਪੰਜਾਬਣ ਮੁਟਿਆਰ ਗਾਇਕਾ ਸੋਨਾ ਵਾਲੀਆ ਨੇ ਆਪਣਾ ਬਹੁਚਰਚਿਤ ਗੀਤ 'ਪਿੰਡਾਂ ਵਾਲੇ ਜੱਟ' ਪੇਸ਼ ਕਰਨ ਦੇ ਨਾਲ ਨਾਲ ਅੱਧੀ ਦਰਜ਼ਨ ਗੀਤਾਂ ਨਾਲ ਨ੍ਰਿਤ ਦੀ ਪੇਸ਼ਕਾਰੀ ਕੀਤੀ । ਸੱਤੀ ਸਤਵਿੰਦਰ ਨੇ ਆਪਣੇ ਫੇਮ ਗੀਤ 'ਛੋਰਾ ਹਰਿਆਣੇ ਕਾ', ਪ੍ਰਸਿੱਧ ਲੋਕ ਗਾਇਕਾ ਅੰਮ੍ਰਿਤਾ ਵਿਰਕ ਨੇ 'ਰਾਤੀਂ ਡੀ.ਜੇ ਉੱਤੇ ਦੱਸ ਕੀਹਦੇ ਨਾਲ ਨੱਚਿਆ' ਤੋਂ ਲੈ ਕੇ ਕਰੀਬ ਇਕ ਦਰਜਨ ਗੀਤਾਂ ਦੀ ਪੇਸ਼ਕਾਰੀ ਕੀਤੀ। ਪ੍ਰੋਗਰਾਮ ਦੇ ਆਖਰ ਵਿਚ ਭਜਨਾ ਅਮਲੀ, ਅੰਮ੍ਰਿਤਾ ਵਿਰਕ, ਸੋਨਾ ਵਾਲੀਆ, ਸੱਤੀ ਸਤਵਿੰਦਰ, ਸੱਤੀ ਪਾਬਲਾ, ਅਨੂਪ ਚੀਮਾ ਵਲੋਂ ਸਾਂਝੇ ਰੂਪ ਵਿਚ ਬੋਲੀਆਂ ਪੇਸ਼ ਕਰਕੇ ਛਣਕਾਟੇ ਨੂੰ ਮੁਕੰਮਲ ਰੂਪ ਵਿਚ ਪੰਜਾਬ ਵਰਗਾ ਮਹੌਲ ਦਿੱਤਾ। ਇਸ ਮੌਕੇ ਹਾਜ਼ਰ ਪੰਜਾਬੀਆਂ ਨੇ ਪਿੜ 'ਚ ਨੱਚ ਕੇ ਪ੍ਰੋਗਰਾਮ ਨੂੰ ਸਮਾਪਤੀ ਵਲ ਵਧਾਇਆ। ਪ੍ਰੋਗਰਾਮ ਦੇ ਮੁੱਖ ਪ੍ਰਬੰਧਕ ਐੱਸ ਅਸ਼ੋਕ ਭੌਰਾ ਨੇ ਛਣਕਾਟੇ ਨੂੰ ਪੰਜਾਬੀਆਂ ਵਲੋਂ ਰੱਜ ਕੇ ਦਿੱਤੇ ਜਾਂਦੇ ਪਿਆਰ ਬਦਲੇ ਸਭਨਾਂ ਦਾ ਧੰਨਵਾਦ ਕੀਤਾ।

## ਜੀ ਐਚ ਜੀ ਅਕੈਡਮੀ ਵੱਲੋਂ ਵਿਰਾਸਤੀ ਖੇਡਾਂ ਅਤੇ ਪਰਿਵਾਰਕ ਪਿਕਨਿਕ 10 ਮਾਰਚ ਨੂੰ

**ਫਰਿਜ਼ਨੋਂ:ਕੁਲਵੰਤ ਧਾਲੀਆਂ/ਨੀਟਾ ਮਾਛੀਕੇ:** ਜੀ ਐਚ ਜੀ ਅਕੈਡਮੀ ਦੇ ਸਮੂੰਹ ਸਰਗਰਮ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਹੋਈ ਜਿਸ ਵਿੱਚ ਛੇਤੀ ਹੀ ਹੋਣ ਵਾਲੀ ਪਰਿਵਾਰਕ ਪਿਕਨਿਕ ਸੰਬੰਧੀ ਫ਼ੈਸਲੇ ਲਏ ਗਏ। ਇਸ ਸਾਲ ਇਹ ਪਿਕਨਿਕ 'ਸ਼ਹੀਦ ਜਸਵੰਤ ਸਿੰਘ ਖਾਲੜਾ' ਪਾਰਕ ਦੇ ਖੁੱਲੇ ਗਰਾਊਂਡਾਂ ਵਿੱਚ 10 ਮਾਰਚ ਨੂੰ ਕੀਤੀ ਜਾਵੇਗੀ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜੀ ਐਚ ਜੀ ਅਕੈਡਮੀ ਵੱਲੋਂ ਸਮੁੱਚੇ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਈ ਜਾਣ ਵਾਲੀ ਇਸ ਪਰਿਵਾਰਕ ਪਿਕਨਿਕ ਮੌਕੇ ਵਿਰਾਸਤੀ ਖੇਡਾਂ ਕਰਵਾਈਆਂ ਜਾਣਗੀਆਂ ਜਿਨ੍ਹਾਂ ਵਿੱਚ ਇਸ ਸਾਲ 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚਿਆਂ ਦੇ ਬਾਸਕਟਬਾਲ ਮੁਕਾਬਲੇ ਸਾਮਲ ਕੀਤੇ ਗਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਸ਼ਾਕਰ ਅਤੇ ਫੀਲਡ ਹਾਕੀ ਖੇਡ ਨੂੰ ਵੀ ਉਤਸਾਹਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਬੱਚਿਆਂ ਦਾ ਗਿੱਧਾ-ਭੰਗੜਾ ਅਤੇ ਮੰਨੋਰੰਜਨ ਲਈ ਹੋਰ ਬਹੁਤ ਕੁਝ ਹੋਵੇਗਾ। ਚਾਹ-ਪਾਣੀ ਅਤੇ ਲੰਗਰਾਂ ਦਾ ਪ੍ਰਬੰਧ ਹੋਵੇਗਾ। ਸਮੁੱਚੇ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਇਸ ਪਿਕਨਿਕ ਵਿੱਚ ਸਾਮਲ ਹੋਣ ਲਈ ਖੁੱਲਾ ਸੱਦਾ ਹੈ। ਇਸ ਪਿਕਨਿਕ ਲਈ ਸਹਿਯੋਗ ਦੇਣ ਅਤੇ ਵਧੇਰੇ ਜਾਣਕਾਰੀ ਲਈ ਪਰਮਜੀਤ ਧਾਲੀਵਾਲ (559) 351-9465 ਜਾਂ ਗੁਰਦੀਪ ਸ਼ੇਰਗਿੱਲ (569) 349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


# WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • ELD No Problem

*Call for more Info:*

Phone: (209) 242-9569, (209)564-8899

2101 MARTIN LUTHER KING JR WAY STOCKTON, CA 95205

# ਸੁਪਰੀਮ ਕੋਰਟ ਵਿੱਚ ਇੱਕ ਅਸਾਧਾਰਨ ਦਿਨ

**ਇਹ ਭਾਰਤ ਦੇ ਚੀਫ਼ ਜਸਟਿਸ ਦਾ ਫ਼ਰਜ਼ ਹੈ ਤੇ ਫ਼ਰਜ਼ ਰਹੇਗਾ ਕਿ ਉਹ ਸਮੁੱਚੀ ਨਿਆਂਇਕ ਬਿਰਾਦਰੀ ਨੂੰ ਯਕੀਨਦਹਾਨੀ ਕਰਾਏ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਦੇਸ਼ ਵਿਚਲੇ ਕਿਸੇ ਵੀ ਮੈਜਿਸਟਰੇਟ ਨੂੰ ਅਸੁਰੱਖਿਅਤ ਮਹਿਸੂਸ ਕਰਨ ਦੀ ਲੋੜ ਨਹੀਂ। ਇਸ ਵੇਲੇ 'ਨਵਾਂ ਭਾਰਤ' ਵਜੂਦ ਵਿੱਚ ਹੋ ਸਕਦਾ ਹੈ ਪਰ ਭਾਰਤ ਦਾ ਨਵਾਂ ਸੰਵਿਧਾਨ ਵਜੂਦ 'ਚ ਨਹੀਂ ਆ ਸਕਦਾ। ਦੇਸ਼ਵਾਸੀਆਂ ਨੂੰ ਵੀ ਮੁੜ ਭਰੋਸਾ ਦੇਣ ਦੀ ਲੋੜ ਹੈ ਕਿ ਉਨ੍ਹਾਂ ਕੋਲ ਅਜੇ ਵੀ ਨਿਆਂਪਾਲਿਕਾ ਦੇ ਰੂਪ 'ਚ ਸੁਰੱਖਿਆ ਮੌਜੂਦ ਹੈ - ਇੱਕ ਅਜਿਹੀ ਨਿਆਂਪਾਲਿਕਾ ਜੋ ਦੇਸ਼ ਦੇ ਕਾਨੂੰਨ ਦੀ ਮੁਹਾਫ਼ਿਜ਼ ਵਾਲੀ ਆਪਣੀ ਭੂਮਿਕਾ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ। ਅਜਿਹਾ ਭਰੋਸਾ ਧੜੇਬੰਦੀ ਪੈਦਾ ਕਰਨ ਵਾਲਾ ਨਹੀਂ, ਧੜੇਬੰਦੀ ਮਿਟਾਉਣ ਵਾਲਾ ਚੀਫ਼ ਜਸਟਿਸ ਹੀ ਦੇ ਸਕਦਾ ਹੈ।**

**ਹਰੀਸ਼ ਖਰੇ**



ਉਹ ਚਾਰੋਂ ਬਹੁਤ ਸਾਊ, ਬਹੁਤ ਸੰਵੇਦਨਸ਼ੀਲ, ਬਹੁਤ ਫ਼ਿਕਰਮੰਦ, ਬਹੁਤ ਨੇਕਨੀਅਤ, ਅਤੇ ਨਾਲ ਹੀ ਇੱਕ ਪ੍ਰੈਸ ਕਾਨਫਰੰਸ ਨਾਲ ਜੁੜੀਆਂ ਅਰਾਜਕ ਤੇ ਰੌਲੇ ਗੌਲੇ ਵਾਲੀਆਂ ਰਹੁਰੀਤਾਂ ਤੋਂ ਨਾਵਾਕਫ਼ ਜਾਪੇ, ਪਰ ਇਸ ਸਭ ਦੇ ਬਾਵਜੂਦ ਸੁਪਰੀਮ ਕੋਰਟ ਦੇ ਚਾਰ ਸਭ ਤੋਂ ਸੀਨੀਅਰ ਜੱਜਾਂ ਨੇ ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਦਾ ਇੱਕ ਰੌਸ਼ਨ, ਜਗਮਗ ਕਰਦਾ ਪਲ ਪੈਦਾ ਕਰ ਦਿੱਤਾ। ਉਨ੍ਹਾਂ ਨੇ ਭਾਰਤੀ ਇਤਿਹਾਸ ਦਾ ਉਹ ਦਿਨ ਯਾਦ ਕਰਾ ਦਿੱਤਾ ਜਦੋਂ 1977 ਵਿੱਚ ਬਾਬੂ ਜਗਜੀਵਨ ਰਾਮ ਤੇ ਹੇਮਵਤੀ ਨੰਦਨ ਬਹੁਗੁਣਾ, ਇੰਦਿਰਾ ਗਾਂਧੀ ਦੀ ਸਰਕਾਰ ਵਿੱਚੋਂ ਵਾਕ-ਆਊਟ ਕਰ ਗਏ ਸਨ। ਉਸ ਦੁਪਹਿਰ ਭਾਰਤੀ ਸਿਆਸਤ ਸਦਾ ਲਈ ਬਦਲ ਗਈ ਸੀ। ਹੁਣ ਸ਼ੁੱਕਰਵਾਰ, 12 ਜਨਵਰੀ ਤੋਂ ਬਾਅਦ ਭਾਰਤ ਦੀ ਉਚੇਰੀ ਨਿਆਂਪਾਲਿਕਾ ਵੀ ਪਹਿਲਾਂ ਵਰਗੀ ਨਹੀਂ ਰਹੇਗੀ। ਸੁਪਰੀਮ ਕੋਰਟ ਰਵਾਇਤਾਂ, ਰਹੁਰੀਤਾਂ, ਕਾਰਜਵਿਧਾਨਾਂ ਤੇ ਪ੍ਰੋਟੋਕੋਲਾਂ ਦੀ ਖ਼ੁਰਾਕ ਉੱਪਰ ਫਲਦਾ-ਫੁਲਦਾ ਆਇਆ ਹੈ। ਇਸ ਦੇ ਕਾਰਜ-ਸਿਧਾਂਤ, ਕੰਮਕਾਜੀ ਆਦਤਾਂ ਤੇ ਵਿਧੀਆਂ ਪੂਰੀ ਤਰ੍ਹਾਂ ਗੁੰਮਨਾਮੀ, ਦੂਰੀ ਤੇ ਅਲਹਿਦਗੀ ਵਰਗੇ ਸੰਕਲਪਾਂ ਉੱਪਰ ਟਿਕੀਆਂ ਹੋਈਆਂ ਹਨ। ਇਹ ਰਵਾਇਤਾਂ ਤੇ ਇਨ੍ਹਾਂ ਨਾਲ ਜੁੜੀਆਂ ਸ਼ਿਸ਼ਟਤਾਵਾਂ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਨਿਆਂਇਕ ਸੂਝ ਪੱਖੋਂ ਘੱਟ ਰੌਸ਼ਨ ਦਿਮਾਗ਼ ਵੀ ਜਦੋਂ ਇਸ ਚੌਗਿਰਦੇ ਦੇ ਅੰਦਰ ਪਹੁੰਚ ਜਾਂਦਾ ਹੈ ਤਾਂ ਉਹ ਖ਼ੁਦ ਨੂੰ ਵੱਧ ਸੂਝਵਾਨ, ਵੱਧ ਗਿਆਨਵਾਨ ਮਹਿਸੂਸ ਕਰਨ ਲੱਗਦਾ ਹੈ; ਉਹ ਬਿਹਤਰ ਗਿਆਨ ਤੇ ਮੁਨਸਿਫ਼ਾਨਾ ਖਰੇਪਣ ਨਾਲ ਲੈਸ ਸਮਝਣ ਲੱਗਦਾ ਹੈ। ਹੋਰਨਾਂ ਸੰਸਥਾਵਾਂ ਵਾਂਗ ਸੁਪਰੀਮ ਕੋਰਟ ਨੇ ਵੀ ਆਪਣੀ ਅੰਦਰੂਨੀ ਇਖ਼ਲਾਕ ਜ਼ਾਬਤਾ ਵਿਕਸਿਤ ਕੀਤੀ ਹੋਈ ਹੈ। ਚਾਰ ਜੱਜ - ਜਸਤੀ ਚੇਲਾਮੇਸ਼ਵਰ, ਰੰਜਨ ਗੋਗੋਈ, ਮਦਨ ਬੀ. ਲੋਕੁਰ ਤੇ ਕੁਰੀਅਨ ਜੋਜ਼ੇਫ਼ ਇਸੇ ਕਠੋਰ ਸੰਸਥਾਗਤ ਸੱਭਿਆਚਾਰ ਦਾ ਹਿੱਸਾ ਹਨ। ਇਸ ਦੇ ਬਾਵਜੂਦ ਉਨ੍ਹਾਂ ਨੇ ਇਸ ਸੱਭਿਆਚਾਰ ਤੋਂ ਕਿਨਾਰਾਕਸ਼ੀ ਕਰਕੇ ਚੀਫ਼ ਜਸਟਿਸ ਦੀਪਕ ਮਿਸ਼ਰਾ ਪ੍ਰਤੀ ਆਪਣੀ ਨਾਖ਼ੁਸ਼ੀ ਤੇ ਅਸੰਤੋਸ਼ ਦਾ ਜਨਤਕ ਤੌਰ 'ਤੇ ਪ੍ਰਗਟਾਵਾ ਕਰਨਾ ਵਾਜਬ ਸਮਝਿਆ।

ਅਜਿਹਾ ਕਿਉਂ ਹੋਇਆ? ਜ਼ਾਹਿਰ ਹੈ, ਚਾਰ ਸਭ ਤੋਂ ਸੀਨੀਅਰ ਜੱਜਾਂ ਕੋਲ ਕੋਈ ਅਜਿਹੀ ਗੰਭੀਰ, ਸ਼ਾਇਦ ਬਹੁਤ ਗੰਭੀਰ ਵਜ੍ਹਾ ਜ਼ਰੂਰ ਹੋਵੇਗੀ ਕਿ ਉਨ੍ਹਾਂ ਨੇ ਖ਼ਾਮੋਸ਼ੀ ਤੇ ਰਾਜ਼ਦਾਰੀ ਦਾ ਪੱਲਾ ਤਿਆਗ ਕੇ ਆਪਣਾ ਰੋਸ ਜਨਤਕ ਕਰਨ ਦਾ ਰਾਹ ਚੁਣਿਆ। ਉਨ੍ਹਾਂ ਨੇ ਆਪਣੇ ਸ਼ਿਕਵੇ ਤੋਂ ਪਹਿਲਾਂ ਚੀਫ਼ ਜਸਟਿਸ ਨੂੰ ਲਿਖ਼ਤੀ ਤੌਰ 'ਤੇ ਜਾਣੂ ਕਰਵਾਇਆ ਸੀ, ਪਰ ਇਸ ਦਾ ਹੱਲ ਨਹੀਂ ਨਿਕਲਿਆ। ਜੋ ਪੱਤਰ ਉਨ੍ਹਾਂ ਨੇ ਸ਼ੁੱਕਰਵਾਰ ਨੂੰ ਜਨਤਕ ਕੀਤਾ, ਉਹ ਚੀਫ਼ ਜਸਟਿਸ ਨੂੰ ਆਪਹੁਦਰੇ ਪ੍ਰਸ਼ਾਸਕ ਵਜੋਂ ਪੇਸ਼ ਕਰਦਾ ਹੈ; ਇੱਕ ਅਜਿਹਾ ਪ੍ਰਸ਼ਾਸਕ ਜੋ ਆਪਣੇ ਸਾਥੀ ਸੀਨੀਅਰ ਜੱਜਾਂ ਨੂੰ ਸਮਾਂ ਦੇਣ ਜਾਂ ਉਨ੍ਹਾਂ ਦੇ ਸ਼ਿਕਵੇ ਦੂਰ ਕਰਨ ਲਈ ਤਿਆਰ ਨਹੀਂ। ਅਤੇ ਜਿਵੇਂ ਕਿ ਪੱਤਰ ਤੋਂ ਹੀ ਸਪਸ਼ਟ ਹੈ ਕਿ ਚਾਰੋਂ ਜੱਜ, ਚੀਫ਼ ਜਸਟਿਸ ਨੂੰ ਆਪਣੇ ਤੋਂ ਵੱਧ ਸੂਝਵਾਨ, ਬੁੱਧੀਮਾਨ ਜਾਂ ਨਿਆਂਤੰਤਰਿਕ ਪੱਖੋਂ ਆਪਣੇ ਤੋਂ ਬਿਹਤਰ ਮੰਨਣ ਲਈ ਤਿਆਰ ਨਹੀਂ। ਇਸ ਸਭ ਤੋਂ ਸਿਰਫ਼ ਇੱਕੋ ਹੀ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਭਾਰਤ ਦੇ ਸਰਬਉੱਚ ਨਿਆਂਇਕ ਮੰਚ ਦੇ ਅੰਦਰ ਕਈ ਕੁਝ ਢਹਿਢੇਰੀ ਹੋ ਚੁੱਕਾ ਹੈ।

ਜਿਹੜਾ ਵੀ ਵਿਅਕਤੀ ਭਾਰਤ ਦਾ ਚੀਫ਼ ਜਸਟਿਸ ਬਣਦਾ ਹੈ, ਉਸ ਤੋਂ ਇਹ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਸੁਹਜਮਈ ਅਗਵਾਈ ਪ੍ਰਦਾਨ ਕਰੇ। ਜਿਸ ਸੰਸਥਾ ਦਾ ਉਹ ਮੁਖੀ ਹੈ, ਉਸ ਦੀ ਸਿਹਤਮੰਦੀ ਤੇ ਮਜ਼ਬੂਤੀ ਬਰਕਰਾਰ ਰੱਖਣ ਲਈ ਅਜਿਹਾ ਕਰਨਾ ਨਿਹਾਇਤ ਜ਼ਰੂਰੀ ਹੈ। ਜੇਕਰ ਕੋਈ ਚੀਫ਼ ਜਸਟਿਸ ਮਹਿਸੂਸ ਕਰਦਾ ਹੈ ਕਿ ਉਸ ਪਾਸ ਅਦਾਲਤ ਨੰ: 1 ਦਾ ਕੰਮਕਾਜੀ ਅਕਸ ਸ਼ਾਨਦਾਰ ਬਣਾਉਣ ਲਈ ਲੋੜੀਂਦੀ ਦਾਨਿਸ਼ਮੰਦੀ ਤੇ ਵਿਦਵਤਾ ਮੌਜੂਦ ਨਹੀਂ ਤਾਂ ਉਸ ਪਾਸੋਂ ਇਹੋ ਤਵੱਕੋ ਕੀਤੀ ਜਾਂਦੀ ਹੈ ਕਿ ਉਹ ਆਪਣੀ ਅਗਵਾਈ ਵਾਲੇ ਬੈਂਚ ਵਿੱਚ ਅਜਿਹੇ ਰੌਸ਼ਨ ਦਿਮਾਗ਼ਾਂ ਨੂੰ ਸ਼ਾਮਲ ਕਰ ਲਵੇ ਜੋ ਕਿ ਉਸ ਬੈਂਚ ਨੂੰ ਵੱਧ ਆਲਮਾਨਾ ਤੇ ਵੱਧ ਬੌਧਿਕ ਅਕਸ ਬਖ਼ਸ਼ ਸਕਣ। ਸੁਪਰੀਮ ਕੋਰਟ ਵਰਗੀ ਸੰਸਥਾ ਵਿੱਚ, ਜਿਵੇਂ ਕਿ ਸਰਦਾਰ ਪਟੇਲ ਨੇ ਭਾਰਤ ਦਾ ਪਹਿਲਾ ਚੀਫ਼ ਜਸਟਿਸ ਬਣਨ ਵਾਲੇ ਹਰੀਲਾਲ ਕਾਨੀਆ ਨੂੰ ਉਸ ਦੀ ਹਲਫ਼ਦਾਰੀ ਤੋਂ ਤਿੰਨ ਦਿਨ ਪਹਿਲਾਂ ਕਿਹਾ ਸੀ, 'ਚੀਫ਼ ਵੱਲੋਂ ਆਪਣੇ ਜੱਜ ਭਰਾਵਾਂ ਨਾਲ ਨਿਭਣ ਲੱਗਿਆਂ 'ਛੋਟਾਪਣ ਦਿਖਾਏ ਜਾਣ ਦੀ ਗੁੰਜਾਇਸ਼ ਹੀ ਨਹੀਂ ਹੈ।' ਇਸੇ ਲਈ ਭਾਰਤ ਦੇ ਚੀਫ਼ ਜਸਟਿਸ ਲਈ; ਜਾਂ ਕਿਸੇ ਹੋਰ ਅਜਿਹੇ ਵਿਅਕਤੀ ਲਈ ਜੋ ਕਿਸੇ ਸੰਸਥਾ ਦਾ ਰਹਿਬਰ ਹੈ; ਇਹ ਲਾਜ਼ਮੀ ਹੋ ਜਾਂਦਾ ਹੈ ਕਿ ਉਹ ਸਾਥੀ ਜੱਜਾਂ ਨੂੰ ਨਿਆਂਇਕ ਭਾਈਚਾਰੇ ਦੀਆਂ ਖ਼ੁਸ਼ੀਆਂ ਤੇ ਲੁਤਫ਼ਾਂ ਵਿੱਚ ਪੂਰਾ ਭਾਈਵਾਲ ਬਣਾਏ ਅਤੇ



ਭਾਈਚਾਰੇ ਅੰਦਰਲੇ ਆਪਸੀ ਸਨੇਹ ਤੇ ਸਤਿਕਾਰ ਦੀ ਬਰਕਰਾਰੀ ਯਕੀਨੀ ਬਣਾਏ। ਜਸਟਿਸ ਚੇਲਾਮੇਸ਼ਵਰ ਤੇ ਸਾਥੀ ਜੱਜਾਂ ਉੱਪਰ ਇਹ ਦੋਸ਼ ਨਹੀਂ ਲਾਇਆ ਜਾ ਸਕਦਾ ਕਿ ਉਨ੍ਹਾਂ ਨੇ ਆਪਣੇ ਚੀਫ਼ ਨਾਲ ਰਾਬਤਾ ਬਰਕਰਾਰ ਰੱਖਣ ਦਾ ਯਤਨ ਨਹੀਂ ਕੀਤਾ। ਨਾ ਹੀ ਉਨ੍ਹਾਂ ਉੱਤੇ ਚੀਫ਼ ਤੋਂ ਦੂਰ ਭੱਜਣ ਦਾ ਦੂਸ਼ਨ ਲੱਗ ਸਕਦਾ ਹੈ।

ਜੇਕਰ ਜਸਟਿਸ ਚੇਲਾਮੇਸ਼ਵਰ ਤੇ ਬਾਕੀ ਜੱਜਾਂ ਦੇ ਪੱਤਰ ਦੇ ਅਸਲ ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਅਸਲ ਮਾਜਰਾ ਪੂਰੇ ਨਾਟਕੀ ਘਟਨਾਕ੍ਰਮ ਦੀਆਂ ਨਿੱਜੀ, ਬੌਧਿਕ ਜਾਂ ਨਿਆਂਇਕ ਖ਼ਾਮੀਆਂ ਜਾਂ ਖ਼ੂਬੀਆਂ ਤੋਂ ਪਾਰ ਦਾ ਹੈ। ਅਸਹਿਮਤੀ ਦਾ ਮੁੱਢਲਾ ਬਿੰਦੂ ਇਹ ਹੈ ਕਿ ਸੰਸਥਾ (ਨਿਆਂਪਾਲਿਕਾ) ਦੇ ਈਮਾਨ ਨੂੰ ਕਿਵੇਂ ਬਰਕਰਾਰ ਰੱਖਿਆ ਜਾਵੇ। ਕਿਉਂਕਿ ਪੱਤਰ ਵਿੱਚ ਉਚੇਰੀ ਨਿਆਂਪਾਲਿਕਾ ਵਿੱਚ ਨਿਯੁਕਤੀਆਂ ਲਈ ਵਿਧੀ-ਵਿਧਾਨ (ਮੈਮੋਰੰਡਮ ਆਫ਼ ਪ੍ਰੋਸੀਜਰ ਜਾਂ ਐੱਮਓਪੀ) ਦਾ ਜ਼ਿਕਰ 'ਨੁਕੀਲੇ' ਢੰਗ ਨਾਲ ਕੀਤਾ ਗਿਆ ਹੈ, ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਸਾਡੇ ਗੰਧਲੇ ਸਿਆਸਤਦਾਨਾਂ ਦੀ ਛੁੱਟਪਾਊ ਬਿਰਤੀ ਤੇ ਨੀਤੀ ਨੇ ਸੁਪਰੀਮ ਕੋਰਟ ਵਰਗੀ ਸਿਖ਼ਰਲੀ ਨਿਆਂਇਕ ਸੰਸਥਾ ਨੂੰ ਵੀ ਇਹੋ ਲਾਗ ਲਾ ਦਿੱਤੀ ਹੈ। ਦਰਅਸਲ, ਨਵ ਭਾਰਤ ਤੇ ਇਸ ਦੀ ਕੁਝ ਨਵਾਂ 'ਸਿਰਜਣ' ਦੀ ਰੁਚੀ ਦਾ ਨਿਆਂਪਾਲਿਕਾ ਉੱਪਰ ਦਬਾਅ ਬਣਨਾ ਹੀ ਸੀ। ਚੀਫ਼ ਜਸਟਿਸ ਮਿਸ਼ਰਾ ਬਾਰੇ ਤਾਂ ਪਹਿਲਾਂ ਹੀ ਇਹ ਪ੍ਰਭਾਵ ਹੈ ਕਿ ਉਹ ਨਿਆਂਪਾਲਿਕਾ ਦੇ ਸੰਸਥਾਗਤ ਸਨਮਾਨ ਤੇ ਗੌਰਵ ਦੀ ਹਿਫ਼ਾਜ਼ਤ ਦੇ ਬਹੁਤੇ ਵੱਡੇ ਮੁਦਈ ਨਹੀਂ।

ਇਹ ਬਿਨਾਂ ਕਿਸੇ ਝਿਜਕ ਦੇ ਮੰਨਿਆ ਜਾ ਸਕਦਾ ਹੈ ਕਿ 1950ਵਿਆਂ ਦੇ ਸ਼ੁਰੂ ਤੋਂ ਹੀ ਕਾਰਜਪਾਲਿਕਾ ਤੇ ਨਿਆਂਪਾਲਿਕਾ ਦਾ ਤਵਾਜ਼ਨ, ਸਮੇਂ ਦੀ ਹੁਕਮਰਾਨ ਪਾਰਟੀ ਦੇ ਸਿਆਸੀ ਦਬਦਬੇ ਮੁਤਾਬਿਕ ਤੈਅ ਹੁੰਦਾ ਆਇਆ ਸੀ। ਇਹ ਤਾਂ 1990ਵਿਆਂ ਦੇ ਅੱਧ ਵਿਚਕਾਰ ਵਾਪਰਿਆ ਕਿ ਨਿਆਂਪਾਲਿਕਾ ਨੇ ਸਿਆਸਤੀ ਜਗਤ ਦੇ ਦਬਾਅ ਨਾਲ ਸਿੱਝਣ ਲਈ ਆਪਣੀ ਢੁੱਕਵੀਂ ਕਿਲਾਬੰਦੀ ਕਰ ਲਈ।

ਪਰ ਹੋਰ ਸੰਸਥਾਵਾਂ ਵਾਂਗ ਨਿਆਂਪਾਲਿਕਾ ਵੀ ਵਿਅਕਤੀਆਂ ਵੱਲੋਂ ਹੀ ਚਲਾਈ ਜਾਂਦੀ ਹੈ। ਅਤੇ ਅਸੀਂ ਇਸ ਛਲਾਵੇ ਵਿੱਚ ਨਹੀਂ ਰਹਿ ਸਕਦੇ ਕਿ ਜੱਜ ਦੈਵੀ ਹਸਤੀਆਂ ਜਾਂ ਸੰਤ ਹੁੰਦੇ ਹਨ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਉਹ ਆਸ਼ਰਮਾਂ 'ਚ ਨਹੀਂ ਰਹਿੰਦੇ ਜਾਂ ਦੂਰ-ਦਰਾਜ਼ ਸਥਿਤ ਮੱਠਾਂ ਅੰਦਰ ਏਕਾਂਤ ਵਿੱਚ ਧਿਆਨ ਨਹੀਂ ਲਾਉਣ ਜਾਂਦੇ। ਉਹ ਵੀ ਸਮਾਜ ਵਿੱਚ ਮੌਜੂਦ ਹਿੰਸਕ ਜਜ਼ਬਾਤ, ਗੁੱਸਿਆਂ-ਗਿਲਿਆਂ ਜਾਂ ਯਕੀਨਦਹਾਨੀਆਂ ਤੋਂ ਨਿਰਲੇਪ ਨਹੀਂ ਰਹਿੰਦੇ। ਉਨ੍ਹਾਂ ਦੇ ਘਰਾਂ 'ਚ ਵੀ 'ਅਲਮਾਰੀਆਂ' ਹਨ। ਸਾਰਿਆਂ ਦੀਆਂ ਨਾ ਸਹੀ, ਪਰ ਕਈਆਂ ਦੀਆਂ ਮਜਬੂਰੀਆਂ ਹੁੰਦੀਆਂ ਹਨ। ਉਂਜ, ਚਾਹੇ ਅਸੀਂ ਇਹ ਦਿਖਾਵਾ ਕਰਦੇ ਹਾਂ ਕਿ ਜੱਜਾਂ ਦੀਆਂ ਕੋਈ ਸਿਆਸੀ ਨਿਯੁਕਤੀਆਂ ਨਹੀਂ ਹੁੰਦੀਆਂ ਪਰ ਸੱਚ ਤਾਂ ਇਹ ਹੈ ਕਿ ਕੁਝ ਜੱਜਾਂ ਦੀ ਸਿਆਸੀ ਵਿਚਾਰਧਾਰਾ ਵੀ ਹੁੰਦੀ ਹੈ, ਵਿਚਾਰਧਾਰਕ ਝੁਕਾਅ ਵੀ ਹੁੰਦੇ ਹਨ ਅਤੇ ਨਾਲ ਨਾਲ ਸਿਆਸੀ ਸਰਪ੍ਰਸਤ ਵੀ ਹੁੰਦੇ ਹਨ। ਉਨ੍ਹਾਂ ਦੇ ਮਾਮਲੇ ਵਿੱਚ ਸੰਸਥਾਗਤ ਮਾਣ ਅਤੇ ਵੱਕਾਰ ਦਾ ਵਿਅਕਤੀਗਤ ਕਮਜ਼ੋਰੀਆਂ ਅਤੇ ਨਿਰਬਲਤਾਵਾਂ ਨਾਲ ਟਕਰਾਅ ਚੱਲਦਾ ਹੀ ਰਹਿੰਦਾ ਹੈ। ਨਿਆਂਪਾਲਿਕਾ ਦੇ ਸਿਖ਼ਰਲੇ ਪੱਧਰ 'ਤੇ ਅਮੂਮਨ ਸੰਸਥਾ ਜੇਤੂ ਰਹਿੰਦੀ ਹੈ - ਘੱਟੋਘੱਟ ਸਾਨੂੰ ਤਾਂ ਇਹੋ ਕੁਝ ਸੋਚਣਾ ਚਾਹੀਦਾ ਹੈ।

ਪਰ ਅਸੀਂ ਗ਼ਲਤ ਸੋਚਦੇ ਆਏ ਹਾਂ। ਘੱਟੋਘੱਟ ਚਾਰ ਸੀਨੀਅਰ ਜੱਜਾਂ ਵੱਲੋਂ ਜਾਰੀ 'ਚਾਰਜਸ਼ੀਟ' (ਪੱਤਰ) ਤੋਂ ਤਾਂ ਇਹੋ ਨਤੀਜਾ ਨਿਕਲਦਾ ਹੈ। 'ਉਨ੍ਹਾਂ ਦੀਆਂ ਤਰਜੀਹਾਂ ਮੁਤਾਬਿਕ ਬੈਂਚਾਂ ਦੇ ਗਠਨ ਦਾ ਨੁਕੀਲਾ ਹਵਾਲਾ ਇਹੋ ਕੁਝ ਸੁਝਾਉਂਦਾ ਹੈ ਕਿ ਬੈਂਚਾਂ ਦਾ ਗਠਨ ਕਿਸੇ ਨੇਕ ਇਰਾਦੇ ਨਾਲ ਨਹੀਂ ਕੀਤਾ ਜਾਂਦਾ। ਅਜਿਹੇ ਹਵਾਲੇ ਕਿਸੇ ਵਿਅਕਤੀਗਤ ਕਮਜ਼ੋਰੀ ਵੱਲ ਨਹੀਂ ਸਗੋਂ ਭਵਿੱਖ ਵਿੱਚ ਹੋਣ ਵਾਲੇ ਵੱਡੇ ਆਤਮਸਮਰਪਣ ਵੱਲ ਸੈਨਤ ਕਰਦੇ ਹਨ।

ਜੱਜ ਬੀ.ਐੱਚ. ਲੋਯਾ ਵਾਲੇ ਕੇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਤੇ ਇਹ ਉਹ ਕੇਸ ਹੈ ਜਿਸ ਉੱਤੇ ਨਿਆਂਪਾਲਿਕਾ ਦੀ ਇਹ ਭੂਮਿਕਾ ਟਿਕੀ ਹੋਈ ਹੈ ਕਿ ਸਾਡੇ ਮੁਲਕ ਅੰਦਰ ਕਾਨੂੰਨ ਮੁਤਾਬਿਕ ਰਾਜ ਪ੍ਰਬੰਧ ਚੱਲਦਾ ਹੈ ਜਾਂ ਨਹੀਂ। ਇੱਕ ਅਤਿਅੰਤ ਸੰਵੇਦਨਸ਼ੀਲ ਕੇਸ ਦੀ ਸੁਣਵਾਈ ਕਰਨ ਵਾਲੇ ਜੱਜ ਦੀ ਜਦੋਂ ਭੇਤਭਰੀ ਮੌਤ ਹੋ ਜਾਂਦੀ ਹੈ ਤਾਂ ਹਰੇਕ ਨਿਆਂਇਕ ਅਧਿਕਾਰੀ ਦਾ ਇਸ ਮੌਤ ਨੂੰ ਲੈ ਕੇ ਤ੍ਰਸਤ ਹੋਣਾ ਸੁਭਾਵਿਕ ਹੀ ਹੈ। ਜੇਕਰ ਇਹ ਸੋਚ ਜਾਂ ਧਾਰਨਾ ਹਾਵੀ ਹੋ ਜਾਵੇ ਕਿ ਇੱਕ ਅਤਿਅੰਤ ਸ਼ਕਤੀਸ਼ਾਲੀ ਸਿਆਸੀ ਸ਼ਖ਼ਸੀਅਤ ਕਿਸੇ ਜੱਜ ਨੂੰ ਡਰਾ ਸਕਦੀ ਹੈ, ਜਾਂ ਕੋਈ ਜੱਜ ਆਪਣੀ ਸਰੀਰਿਕ ਸੁਰੱਖਿਆ ਨੂੰ ਲੈ ਕੇ ਖ਼ੁਦ ਨੂੰ ਕਮਜ਼ੋਰ ਸਮਝਣਾ ਸ਼ੁਰੂ ਕਰ ਦੇਵੇ ਤਾਂ ਕੀ ਸਮੁੱਚਾ ਨਿਆਂਤੰਤਰ ਸੁਰੱਖਿਅਤ ਰਹਿ ਸਕੇਗਾ?

ਇਹ ਭਾਰਤ ਦੇ ਚੀਫ਼ ਜਸਟਿਸ ਦਾ ਫ਼ਰਜ਼ ਹੈ ਤੇ ਫ਼ਰਜ਼ ਰਹੇਗਾ ਕਿ ਉਹ ਸਮੁੱਚੀ ਨਿਆਂਇਕ ਬਿਰਾਦਰੀ ਨੂੰ ਯਕੀਨਦਹਾਨੀ ਕਰਾਏ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਦੇਸ਼ ਵਿਚਲੇ ਕਿਸੇ ਵੀ ਮੈਜਿਸਟਰੇਟ ਨੂੰ ਅਸੁਰੱਖਿਅਤ ਮਹਿਸੂਸ ਕਰਨ ਦੀ ਲੋੜ ਨਹੀਂ। ਇਸ ਵੇਲੇ 'ਨਵਾਂ ਭਾਰਤ' ਵਜੂਦ ਵਿੱਚ ਹੋ ਸਕਦਾ ਹੈ ਪਰ ਭਾਰਤ ਦਾ ਨਵਾਂ ਸੰਵਿਧਾਨ ਵਜੂਦ 'ਚ ਨਹੀਂ ਆ ਸਕਦਾ। ਦੇਸ਼ਵਾਸੀਆਂ ਨੂੰ ਵੀ ਮੁੜ ਭਰੋਸਾ ਦੇਣ ਦੀ ਲੋੜ ਹੈ ਕਿ ਉਨ੍ਹਾਂ ਕੋਲ ਅਜੇ ਵੀ ਨਿਆਂਪਾਲਿਕਾ ਦੇ ਰੂਪ 'ਚ ਸੁਰੱਖਿਆ ਮੌਜੂਦ ਹੈ - ਇੱਕ ਅਜਿਹੀ ਨਿਆਂਪਾਲਿਕਾ ਜੋ ਦੇਸ਼ ਦੇ ਕਾਨੂੰਨ ਦੀ ਮੁਹਾਫ਼ਿਜ਼ ਵਾਲੀ ਆਪਣੀ ਭੂਮਿਕਾ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ। ਅਜਿਹਾ ਭਰੋਸਾ ਧੜੇਬੰਦੀ ਪੈਦਾ ਕਰਨ ਵਾਲਾ ਨਹੀਂ, ਧੜੇਬੰਦੀ ਮਿਟਾਉਣ ਵਾਲਾ ਚੀਫ਼ ਜਸਟਿਸ ਹੀ ਦੇ ਸਕਦਾ ਹੈ।

# ਨਿੱਜਤਾ ਦਾ ਅਧਿਕਾਰ ਤੇ ਤਾਨਾਸ਼ਾਹੀ ਦਾ ਆਧਾਰ

**ਦੇਵਿੰਦਰ ਪਾਲ**



ਆਧਾਰ ਕਾਰਡ ਦੀ ਜਾਣਕਾਰੀ ਬਿਲਕੁਲ ਮਹਿਫ਼ੂਜ਼ ਹੈ, ਕੋਈ ਡੇਟਾ ਨਾ ਤਾਂ ਲੀਕ ਹੋਇਆ ਹੈ ਤੇ ਨਾ ਹੀ ਇਹਨੂੰ ਕੋਈ ਸੰਨ੍ਹ ਲਾ ਸਕਦਾ ਹੈ। ਇਸ ਗੱਲ ਦਾ ਦਾਅਵਾ ਕੁਝ ਦਿਨ ਪਹਿਲਾਂ ਹੀ ਯੂਨੀਕ ਆਈਡੈਂਟੀਫਿਕੇਸ਼ਨ ਡੇਟਾ ਅਥਾਰਟੀ ਆਫ ਇੰਡੀਆ (ਯੂਆਈਡੀਏਆਈ) ਨੇ ਕੀਤਾ ਸੀ। 'ਆਧਾਰ' ਬਾਰੇ ਇਹ ਦਾਅਵਾ ਆਧਾਰਹੀਣ ਸਾਬਤ ਹੋਇਆ ਜਦੋਂ ਦਿ ਟ੍ਰਿਬਿਊਨ' ਦੀ ਪੱਤਰਕਾਰ ਰਚਨਾ ਖਹਿਰਾ ਨੇ ਇਸ ਤੱਥ ਦਾ ਖੁਲਾਸਾ ਕੀਤਾ ਕਿ ਕਿਸੇ ਵੀ ਭਾਰਤੀ ਨਾਗਰਿਕ ਦੇ ਆਧਾਰ ਕਾਰਡ ਨਾਲ ਜੁੜੀ ਤਮਾਮ ਜਾਣਕਾਰੀ ਦਸ ਮਿੰਟਾਂ ਵਿੱਚ ਸਿਰਫ ਪੰਜ ਸੌ ਰੁਪਏ ਖਰਚ ਕਰਕੇ ਹਾਸਲ ਕੀਤੀ ਜਾ ਸਕਦੀ ਹੈ। ਇਸ ਖ਼ਬਰ ਨੂੰ ਲੈ ਕੇ ਜਦੋਂ ਚਾਰ-ਚੁਫੇਰੇ ਸਰਕਾਰ ਦੀ ਤੋਏ-ਤੋਏ ਹੋਣ ਲੱਗੀ ਤਾਂ ਆਧਾਰ ਅਥਾਰਟੀ ਨੇ ਇਸ ਖ਼ਬਰ ਨੂੰ ਬੇਬੁਨਿਆਦ ਕਹਿ ਕੇ ਪੱਲਾ ਝਾੜ ਲਿਆ। ਸ਼ਾਇਦ ਗੱਲ ਆਈ-ਗਈ ਹੋ ਜਾਂਦੀ ਪਰ ਯੂਆਈਡੀਏਆਈ ਨੇ ਪੱਤਰਕਾਰ ਰਚਨਾ ਖਹਿਰਾ ਖਿਲਾਫ਼ ਐਫਆਈਆਰ ਦਰਜ ਕਰਵਾ ਦਿੱਤੀ। ਇਹ ਖ਼ਬਰ ਜੰਗਲ ਵਿੱਚ ਲੱਗੀ ਅੱਗ ਵਾਂਗ ਪੂਰੀ ਦੁਨੀਆ ਵਿੱਚ ਫੈਲ ਗਈ ਤੇ ਇਸ ਦੀ ਮੁਖ਼ਾਲਫ਼ਤ ਦੀ ਸ਼ਿੱਦਤ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਦੁਨੀਆ ਦੇ ਕਈ ਬੁੱਧੀਜੀਵੀਆਂ ਦੇ ਨਾਲ-ਨਾਲ ਮਸ਼ਹੂਰ ਅਮਰੀਕੀ ਵਿਸਲਬਲੋਅਰ ਐਡਵਰਡ ਸਨੋਅਡਨ ਵੀ ਪੱਤਰਕਾਰ ਰਚਨਾ ਖਹਿਰਾ ਦੇ ਹੱਕ ਵਿੱਚ ਆ ਖੜ੍ਹਾ ਹੋਇਆ ਤੇ ਕਿਹਾ ਕਿ ਆਧਾਰ ਕਾਰਡ ਬਾਰੇ ਖੁਲਾਸਾ ਕਰਨ ਵਾਲੀ ਪੱਤਰਕਾਰ ਸਨਮਾਨ ਦੀ ਹੱਕਦਾਰ ਹੈ। ਜੇਕਰ ਸਰਕਾਰ ਅਸਲ 'ਚ ਨਿਆਂ ਲਈ ਚਿੰਤਤ ਸੀ ਤਾਂ ਉਸ ਪਾਲਿਸੀ ਵਿੱਚ ਸੁਧਾਰ ਕਰਦੀ, ਜਿਸ ਨੇ ਅਰਬਾਂ ਭਾਰਤੀਆਂ ਦੀ ਨਿੱਜਤਾ ਨੂੰ ਨਸ਼ਟ ਕੀਤਾ ਹੈ।

6 ਚੌਫੇਰੀ ਤੌਰ ਤੇ ਸਰਕਾਰ ਨੂੰ ਆਪਣੇ ਕਦਮ ਪਿਛਾਂਹ ਖਿੱਚਣੇ ਪਏ ਤੇ ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ ਕਿ "ਐਫਆਈਆਰ ਪੱਤਰਕਾਰ ਰਚਨਾ ਖਹਿਰਾ ਖ਼ਿਲਾਫ਼ ਨਹੀਂ, ਅਣਪਛਾਤੇ ਲੋਕਾਂ ਖ਼ਿਲਾਫ਼ ਦਰਜ ਕੀਤੀ ਗਈ ਹੈ ਤੇ ਮੈਂ ਅਥਾਰਟੀ ਨੂੰ ਸਲਾਹ ਦਿੱਤੀ ਹੈ ਕਿ ਪੁਲੀਸ ਜਾਂਚ ਵਿੱਚ ਟ੍ਰਿਬਿਊਨ ਤੇ ਉਸ ਦੀ ਪੱਤਰਕਾਰ ਨੂੰ ਪੂਰਾ ਸਹਿਯੋਗ ਦੇਣ ਲਈ ਅਪੀਲ ਕੀਤੀ ਜਾਵੇ।" ਹਾਲਾਂਕਿ ਟੀਵੀ ਤੇ ਉਨ੍ਹਾਂ ਨੂੰ ਦੇਖ-ਸੁਣ ਰਹੇ ਲੋਕ ਜਾਣਦੇ ਸਨ ਕਿ ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਕੋਰਾ ਝੂਠ ਬੋਲ ਰਹੇ ਸਨ। ਸੱਚਾਈ ਇਹੀ ਹੈ ਕਿ ਆਧਾਰ ਡੇਟਾ ਦੀ ਦੁਰਵਰਤੋਂ ਅਤੇ ਡੇਟਾ ਲੀਕ ਹੋਣ ਦੀਆਂ ਖ਼ਬਰਾਂ ਤੋਂ ਘਬਰਾਈ ਹੋਈ ਮੋਦੀ ਸਰਕਾਰ ਹੁਣ ਕੁਝ ਫਜ਼ੂਲ ਜਿਹੇ ਐਲਾਨ ਕਰ ਕੇ ਆਪਣੀ ਸਾਖ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਕਾਹਲ ਵਿੱਚ ਸਰਕਾਰ ਨੇ ਇਹ ਫੈਸਲਾ ਕੀਤਾ ਕਿ ਹੁਣ ਪਛਾਣ ਲਈ 12 ਅੰਕਾਂ ਦੇ ਆਧਾਰ ਨੰਬਰ ਦੀ ਬਜਾਏ 16 ਅੰਕਾਂ ਦੀ ਨਵੀਂ ਵਰਚੁਅਲ ਆਈਡੀ ਦਾ ਇਸਤੇਮਾਲ ਕੀਤਾ ਜਾਏਗਾ।

ਪਿਛਲੇ ਸਾਲ 24 ਅਗਸਤ ਨੂੰ ਸੁਪਰੀਮ ਕੋਰਟ ਨੇ ਦੇਸ਼ ਦੇ ਹਰ ਨਾਗਰਿਕ ਨੂੰ ਪ੍ਰਭਾਵਿਤ ਕਰਨ ਵਾਲੇ ਆਪਣੇ ਇੱਕ ਇਤਿਹਾਸਕ ਫ਼ੈਸਲੇ 'ਚ ਨਿੱਜੀ ਜਾਣਕਾਰੀ ਗੁਪਤ ਰੱਖਣ ਦੇ ਅਧਿਕਾਰ ਨੂੰ ਸੰਵਿਧਾਨ ਤਹਿਤ ਮੁੱਢਲਾ ਅਧਿਕਾਰ ਐਲਾਨ ਕੀਤਾ ਸੀ। ਚੀਫ਼ ਜਸਟਿਸ ਜੇ ਐੱਸ ਖੇਹਰ ਦੀ ਪ੍ਰਧਾਨਗੀ ਵਾਲੇ 9 ਮੈਂਬਰੀ ਸੰਵਿਧਾਨਿਕ ਬੈਂਚ ਨੇ ਆਪਣੇ ਫ਼ੈਸਲੇ 'ਚ ਕਿਹਾ ਸੀ ਕਿ ਨਿੱਜਤਾ ਮਨੁੱਖੀ ਮਾਣ ਦਾ ਸੰਵਿਧਾਨਿਕ ਮੂਲ ਤੱਤ ਅਤੇ ਸੁਰੱਖਿਅਤ ਅਧਿਕਾਰ ਹੈ ਜੋ ਸੰਵਿਧਾਨ 'ਚ ਦਿੱਤੇ ਜੀਵਨ ਅਤੇ ਵਿਅਕਤੀਗਤ ਆਜ਼ਾਦੀ ਦੀ ਗਾਰੰਟੀ ਦੇ ਅਧਿਕਾਰ 'ਚੋਂ ਹੀ ਪੈਦਾ ਹੁੰਦਾ ਹੈ। ਨਿੱਜਤਾ ਮਾਣ ਨੂੰ ਯਕੀਨੀ ਬਣਾਉਂਦੀ ਹੈ ਅਤੇ ਇਹ ਮੂਲ ਤੱਤ ਹੈ ਜਿਸ ਦਾ ਉਦੇਸ਼ ਜੀਵਨ ਅਤੇ ਆਜ਼ਾਦੀ ਦੀ ਸੁਰੱਖਿਆ ਕਰਨਾ ਹੈ। ਫ਼ੈਸਲਾ ਸੁਣਾਉਂਦੇ ਵੇਲੇ ਜੱਜ ਡਿਜੀਟਲ ਯੁਗ 'ਚ ਨਿੱਜਤਾ



ਦੇ ਖ਼ਤਰਿਆਂ ਪ੍ਰਤੀ ਵੀ ਜਾਗਰੂਕ ਸਨ ਅਤੇ ਉਨ੍ਹਾਂ ਨੇ ਸਰਕਾਰ ਨੂੰ ਕਿਹਾ ਸੀ ਕਿ ਇਨ੍ਹਾਂ ਅੰਕੜਿਆਂ ਦੀ ਸੁਰੱਖਿਆ ਦੇ ਪਹਿਲੂ 'ਤੇ ਵਿਚਾਰ ਕਰ ਕੇ ਇਨ੍ਹਾਂ ਦੀ ਸੁਰੱਖਿਆ ਲਈ ਠੋਸ ਪ੍ਰਬੰਧ ਕੀਤਾ ਜਾਵੇ ਕਿਉਂਕਿ ਇਨ੍ਹਾਂ ਨੂੰ ਸਿਰਫ਼ ਸ਼ਾਸਨ ਤੋਂ ਹੀ ਨਹੀਂ ਬਲਕਿ ਹੋਰ ਬਾਹਰਲੇ ਤੱਤਾਂ ਕੋਲੋਂ ਵੀ ਖ਼ਤਰਾ ਪੈਦਾ ਹੋ ਸਕਦਾ ਹੈ। ਹੁਣ ਆਧਾਰ ਡੇਟਾ ਦੀ ਦੁਰਵਰਤੋਂ ਅਤੇ ਡੇਟਾ ਲੀਕ ਹੋਣ ਦੀਆਂ ਖ਼ਬਰਾਂ ਤੋਂ ਇੱਕ ਗੱਲ ਸਾਫ਼ ਹੋ ਗਈ ਹੈ ਕਿ ਮੋਦੀ ਸਰਕਾਰ ਨੇ ਨਾ ਤਾਂ ਸੁਪਰੀਮ ਕੋਰਟ ਦੇ ਫ਼ੈਸਲੇ ਵੱਲ ਕੋਈ ਤਵੱਜੋ ਦਿੱਤੀ, ਨਾ ਹੀ ਜੱਜਾਂ ਦੇ ਮਸ਼ਵਰੇ ਵੱਲ ਕੋਈ ਧਿਆਨ ਦਿੱਤਾ।

ਸੁਪਰੀਮ ਕੋਰਟ ਦੇ ਫੈਸਲੇ ਦੀ ਰੌਸ਼ਨੀ ਵਿੱਚ ਸਾਰੇ ਵਿੱਤੀ ਲੈਣ-ਦੇਣ ਨੂੰ ਆਧਾਰ ਸ਼ਨਾਖ਼ਤੀ ਕਾਰਡ ਨਾਲ ਜੋੜਿਆ ਜਾਣਾ ਭਾਰਤੀ ਨਾਗਰਿਕ ਦੇ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਹੈ। ਸਰਕਾਰ ਵੱਲੋਂ ਭਾਵੇਂ ਕਿਹਾ ਗਿਆ ਹੈ ਕਿ ਆਧਾਰ ਲਈ ਹਰ ਨਾਗਰਿਕ ਨੂੰ ਦਿੱਤੇ ਜਾਂਦੇ 12 ਅੰਕਾਂ ਦੇ ਨਿਵੇਕਲੇ ਨਿੱਜੀ ਨੰਬਰ ਨਾਲ ਜੁੜੇ ਸਾਰੇ ਜ਼ਾਤੀ ਵੇਰਵੇ ਉਹ ਕਿਸੇ ਹੋਰ ਕੰਮ ਲਈ ਨਹੀਂ ਵਰਤੇਗੀ, ਪਰ ਕੋਈ ਨਹੀਂ ਜਾਣਦਾ ਕਿ ਰਿਲਾਇੰਸ ਦੇ ਜੀਓ ਮੋਬਾਈਲ ਲਈ ਆਧਾਰ ਕਾਰਡ ਤੇ ਆਧਾਰ ਸ਼ਨਾਖ਼ਤੀ ਕਾਰਡਧਾਰਕ ਦੇ ਅੰਗੂਠੇ ਦੀ ਲਾਜ਼ਮੀਅਤ ਕਿਉਂ ਕਿਸੇ ਸਵਾਲ ਦੇ ਘੇਰੇ ਵਿੱਚ ਨਹੀਂ ਆਉਂਦੀ?

ਡਾ. ਮਨਮੋਹਨ ਸਿੰਘ ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਉਨ੍ਹਾਂ ਦਿਨਾਂ ਵਿੱਚ ਨਰਿੰਦਰ ਮੋਦੀ ਖ਼ੁਦ ਆਧਾਰ ਸ਼ਨਾਖ਼ਤੀ ਕਾਰਡ ਖ਼ਿਲਾਫ਼ ਅੱਡੀਆਂ ਚੁੱਕ ਚੁੱਕ ਕੇ ਬੋਲਦੇ ਸਨ ਤੇ ਆਧਾਰ ਕਾਰਡ 'ਤੇ ਹੋ ਰਹੇ ਖਰਚ ਦਾ ਹਿਸਾਬ ਮੰਗਦੇ ਸਨ। 8 ਅਪਰੈਲ 20 14 ਨੂੰ ਆਮ ਚੋਣਾਂ ਦੇ ਲਈ ਬੰਗਲੂਰੂ ਵਿੱਚ ਹੋਏ ਜਲਸੇ ਵਿੱਚ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਜਿੱਤਣ ਦੇ ਬਾਅਦ ਉਹ ਆਧਾਰ ਸ਼ਨਾਖਤੀ ਕਾਰਡ ਹਟਾ ਦੇਣਗੇ। ਉਹੀ ਮੋਦੀ, ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਆਧਾਰ ਸ਼ਨਾਖ਼ਤੀ ਕਾਰਡ ਦੀਆਂ ਤਾਰੀਫਾਂ ਕਰਦੇ ਨਹੀਂ ਥੱਕਦੇ। ਆਧਾਰ ਸ਼ਨਾਖ਼ਤੀ ਕਾਰਡਾਂ ਦੇ ਆਲੋਚਕਾਂ ਵੱਲੋਂ ਹਮੇਸ਼ਾ ਇਹ ਦਲੀਲ ਦਿੱਤੀ ਜਾਂਦੀ ਰਹੀ ਹੈ ਕਿ ਆਧਾਰ ਨਾਲ ਜੁੜੀ ਜਾਣਕਾਰੀ ਸਰਕਾਰ ਨੂੰ ਕਾਰਡਧਾਰਕ ਦੀ ਆਮਦਨ, ਖਰਚ, ਖਰਚੇ ਦੀਆਂ ਤਰਜੀਹਾਂ, ਜ਼ਮੀਨ-ਜਾਇਦਾਦ, ਸਕੇ-

ਬਾਕੀ ਸਫ਼ਾ 27 'ਤੇ


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਬੌਧਿਕ ਕੰਗਾਲੀ ਦਾ ਕਾਰਨ ਬਣੀ ਭਾਸ਼ਾ ਪ੍ਰਤੀ ਪੰਜਾਬੀਆਂ ਦੀ ਗੈਰ-ਵਿਗਿਆਨਕ ਤੇ ਦੋਸ਼ਪੂਰਨ ਸਮਝ

ਅੰਮ੍ਰਿਤਸਰ ਟਾਈਮਜ਼ ਬਿਊਰੋ ਰਿਪੋਰਟ

ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਸਰਕਾਰੀ ਸਕੂਲਾਂ ਵਿਚ ਅੰਗਰੇਜ਼ੀ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਲਾਗੂ ਕਰਨ ਦੀ ਦਿਖਾਈ ਗਈ ਉਤਸੁਕਤਾ ਕਾਰਨ ਭਾਸ਼ਾ ਉਪਰ ਸਿਆਸਤ ਫਿਰ ਭਖ ਗਈ ਹੈ ਅਤੇ ਵਿਰੋਧੀ ਪਾਰਟੀਆਂ ਸੂਬਾ ਸਰਕਾਰ ਦੀ ਅਲੋਚਨਾ 'ਤੇ ਉਤਾਰੂ ਹਨ ਅਤੇ ਇਸ ਨੂੰ ਮਾਂ-ਬੋਲੀ ਪੰਜਾਬੀ ਵਿਰੋਧੀ ਕਾਰਵਾਈ ਗਰਦਾਨ ਰਹੀਆਂ ਹਨ। ਐਪਰ ਬਤੌਰ ਮਾਧਿਅਮ ਅੰਗਰੇਜ਼ੀ ਤੋਂ ਪੰਜਾਬੀ ਬੋਲੀ ਤੋਂ ਖ਼ਤਰਾ ਕਿਵੇਂ ਹੈ, ਬਾਰੇ ਸਮਝ ਬੇਹੱਦ ਹਲਕੇ ਪੱਧਰ ਦੀ ਹੈ। ਜਿਹੜੇ ਦਾਅਵਾ ਕਰਦੇ ਹਨ ਕਿ ਅਸੀਂ ਮਾਂ-ਬੋਲੀ ਨੂੰ ਪਿਆਰ ਕਰਦੇ ਹਾਂ, ਉਹਨਾਂ ਵਿਚੋਂ ਬਹੁਤਿਆਂ ਦੀ ਸਮਝ ਇਸ ਤੋਂ ਵੱਖਰੀ ਨਹੀਂ ਹੈ। ਇਸ ਪੱਧਰ ਦੀ ਸਮਝ ਤੇ ਲਿਆਕਤ ਦੇ ਮਾਲਕ ਪੰਜਾਬੀਆਂ ਦੇ ਇਸ 'ਮਾਂ-ਬੋਲੀ ਪਰੇਮ' ਤੋਂ ਕਿਸੇ ਠੋਸ ਸਿੱਟੇ ਦੀ ਆਸ ਨਹੀਂ ਲਾਈ ਜਾ ਸਕਦੀ।

ਤ੍ਰਾਸਦੀ ਦੀ ਗੱਲ ਇਹ ਹੈ ਕਿ ਪੰਜਾਬੀ ਬਾਕੀ ਸੱਭਿਅਤਾਵਾਂ ਨਾਲੋਂ ਇਸ ਪੱਖੋਂ ਤਰੱਕੀ ਨਹੀਂ ਕਰ ਸਕੇ। 'ਬਤੌਰ ਸਿੱਖਿਆ ਮਾਧਿਅਮ ਅੰਗਰੇਜੀ ਤੋਂ ਪੰਜਾਬੀ ਨੂੰ ਖ਼ਤਰਾ ਹੈ' ਜਾਂ 'ਪੰਜਾਬੀ ਦਾ ਥਾਂ ਅੰਗਰੇਜ਼ੀ ਤੇ ਹਿੰਦੀ ਭਾਸ਼ਾਵਾਂ ਲੈ ਰਹੀਆਂ ਹਨ' ਵਰਗੇ ਫਿਕਰੇ ਭਾਸ਼ਾ ਅਤੇ ਸਿੱਖਿਆ ਬਾਰੇ ਸਤਹੀ ਪੱਧਰ ਦੇ ਗਿਆਨ ਤੱਕ ਹੀ ਸੀਮਤ ਹਨ। ਅਸਲੀਅਤ ਇਹ ਹੈ ਕਿ ਭਾਸ਼ਾ ਪ੍ਰਤੀ ਦੋਸ਼ਪੂਰਨ ਪਹੁੰਚ ਹੋਣ ਕਾਰਨ ਅਸੀਂ ਸਿੱਖਿਆ, ਬੌਧਿਕਤਾ ਅਤੇ ਭਾਸ਼ਾ ਦੇ ਆਪਸੀ ਰਿਸ਼ਤੇ ਨੂੰ ਸਮਝ ਨਹੀਂ ਸਕੇ। ਇਸ ਦੀ ਉਘੜਵੀਂ ਮਿਸਾਲ ਉਦੋਂ ਸਾਕਾਰ ਹੁੰਦੀ ਹੈ ਜਦੋਂ ਪੰਜਾਬੀ ਭਾਸ਼ਾ ਦੇ ਪਤਨ ਦੀ ਗੱਲ ਕਰਦਿਆਂ ਅੰਗਰੇਜ਼ੀ ਅਤੇ ਹਿੰਦੀ ਨੂੰ ਇਕੋ ਰੱਸੇ ਵਿਚ ਪਿਰਾਉਂਦਾ ਹੈ ਜਾਂ ਫਿਰ ਅੰਗਰੇਜ਼ੀ ਮਾਧਿਅਮ ਨੂੰ ਸਿਰਫ 'ਪੰਜਾਬੀ ਭਾਸ਼ਾ ਨੂੰ ਖ਼ਤਰੇ' ਤੱਕ ਹੀ ਸੀਮਤ ਕਰ ਲੈਂਦਾ ਹੈ। ਚਾਹੇ, ਸਿੱਖਿਆ ਤੇ ਭਾਸ਼ਾ ਇਕ ਦੂਸਰੇ ਦੇ ਅਟੁੱਟ ਅੰਗ ਹਨ ਪਰ ਸਿੱਖਿਆ ਮਾਧਿਅਮ ਸਬੰਧੀ ਸ਼ੁਰੂ ਹੋਈ ਚਰਚਾ ਦੇ ਪ੍ਰਸੰਗ ਵਿਚ ਦੋਹਾਂ ਵਰਤਾਰਿਆਂ ਨੂੰ ਸਮਝਣ ਦੀ ਲੋੜ ਹੈ।

ਸਿੱਖਿਆ ਦੇ ਸਧਾਰਨ ਅਰਥ ਹਨ 'ਸਿੱਖਣਾ' ਜਾਂ 'ਗਿਆਨ ਗ੍ਰਹਿਣ ਕਰਨਾ'। ਇਸ ਲਈ ਮਾਧਿਅਮ ਉਹੀ ਕਾਮਯਾਬ ਹੈ, ਜਿਸ ਰਾਹੀਂ ਦੋਵੇਂ ਕਿਰਿਆਵਾਂ ਜੋ ਅਗੇ ਜਾ ਕਿ ਬੌਧਿਕ ਗੁਣਾਂ ਨੂੰ ਪੈਦਾ ਕਰਦੀਆਂ ਹਨ, ਸੁਖੈਣ ਕੀਤੀਆਂ ਜਾ ਸਕਣ। ਤੇ ਮਾਂ-ਬੋਲੀ ਤੋਂ ਵਧੀਆ 'ਸਿੱਖਣ' ਜਾਂ 'ਗਿਆਨ ਗ੍ਰਹਿਣ' ਕਰਨ ਦਾ ਮਾਧਿਅਮ ਹੋਰ ਕੋਈ ਨਹੀਂ ਹੋ ਸਕਦਾ। ਜੇ ਮਾਂ-ਬੋਲੀ ਦੀ ਜਗਾ ਕੋਈ ਹੋਰ ਬੋਲੀ ਮਾਧਿਅਮ ਦੇ ਰੂਪ ਵਿਚ ਥੋਪ ਦਿੱਤੀ ਜਾਵੇ, ਤਾਂ ਵਿਦਿਆਰਥੀ ਦਾ ਗਿਆਨ ਵਿਹੂਣੇ ਹੋਣਾ ਜਾਂ ਬੌਧਿਕ ਤੌਰ 'ਤੇ ਕੰਗਾਲ ਹੋਣਾ ਸੁਭਾਵਕ ਹੈ।



ਹੁਣ ਇਥੇ ਪਹਿਲਾਂ ਸਿੱਖਿਆ ਗ੍ਰਹਿਣ ਕਰਨ ਦਾ ਸਵਾਲ ਖੜ੍ਹਾ ਹੁੰਦਾ ਹੈ, 'ਮਾਂ-ਬੋਲੀ ਨੂੰ ਖਤਰੇ' ਦਾ ਸਵਾਲ ਬਾਅਦ ਵਿਚ।

ਅਜਿਹਾ ਸਰੋਕਾਰ ਮੁਢਲੀ ਸਿੱਖਿਆ ਨਾਲ ਵਧੇਰੇ ਕਰਕੇ ਜੁੜਿਆ ਹੋਇਆ ਹੈ। ਅਸਲੀਅਤ ਤਾਂ ਇਹ ਹੈ ਕਿ ਸਿੱਖਿਆ ਦੇ ਇਸ ਪੜਾਅ 'ਤੇ ਹੋਰ ਭਾਸ਼ਾ ਵਿਚ ਵਿਦਿਆ ਪ੍ਰਦਾਨ ਕਰਨੀ ਸੰਭਵ ਹੀ ਨਹੀਂ ਹੈ। ਜੇ ਪੰਜਾਬ ਦੀ ਮੁਢਲੀ ਸਿੱਖਿਆ ਦੀ ਗੱਲ ਕਰੀਏ ਤਾਂ ਹਿੰਦੀ ਤਾਂ ਕਿਸੇ ਹੱਦ ਤੱਕ ਬਤੌਰ ਮਾਧਿਅਮ ਸੰਭਵ ਹੋ ਸਕਦੀ ਹੈ ਪਰ ਅੰਗਰੇਜ਼ੀ ਬਿਲਕੁਲ ਨਹੀਂ। ਅੰਗਰੇਜ਼ੀ ਅਜਿਹੀ ਭਾਸ਼ਾ ਹੈ ਜੋ ਸੱਤ ਸਮੁੰਦਰੋਂ ਪਾਰ ਤੋਂ ਆਈ ਹੈ ਤੇ ਇਸ ਦਾ ਆਪਣਾ ਨਿਆਰਾ ਸੱਭਿਆਚਾਰ ਹੈ ਜੋ ਕਿ ਭਾਰਤੀ ਉਪ-ਮਹਾਂਦੀਪ ਦੀਆਂ ਭਾਸ਼ਾਵਾਂ ਤੋਂ ਬਿਲਕੁੱਲ ਵੱਖਰਾ ਹੈ। ਅਜਿਹੀ ਸੂਰਤ ਵਿਚ ਇਸ ਨੂੰ ਮੁਢਲੀ ਸਿੱਖਿਆ ਦਾ ਮਾਧਿਅਮ ਬਣਾਉਣਾ ਗੈਰ-ਤਰਕਸੰਗਤ ਕਵਾਇਦ ਹੈ, ਕਿਉਂਕਿ ਇਹ ਮਾਧਿਅਮ ਨਾ ਹੋ ਕੇ ਉਲਟਾ ਵਿੱਦਿਆ ਗ੍ਰਹਿਣ ਕਰਨ ਵਿਚ ਅੜਿਕਾ ਬਣ ਜਾਂਦੀ ਹੈ।

ਮਹਿੰਗੇ ਅੰਗਰੇਜ਼ੀ ਮਾਧਿਅਮ ਦੇ ਨਿੱਜੀ ਸਕੂਲਾਂ ਜਿਥੋਂ ਦਾ ਵਿਦਿਅਕ ਮਿਆਰ ਬਹੁਤ ਉੱਚਾ ਮੰਨਿਆ ਜਾਂਦਾ ਹੈ, ਦੇ ਮੁਢਲੇ ਸਿੱਖਿਆ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਵਿਚ ਘੋਟੇ ਲਾਉਂਦੇ ਦੇਖਿਆ ਜਾ ਸਕਦਾ ਹੈ ਪਰ ਉਹ ਇਸ ਦੇ ਅਰਥਾਂ ਤੋਂ ਅਣਜਾਣ ਹੁੰਦੇ ਹਨ। ਜਦੋਂ ਕਿ ਅਰਥਾਂ ਦੀ ਸਮਝ ਤੋਂ ਬਗੈਰ ਸਿੱਖਿਆ ਵੀ ਅਰਥਹੀਣ ਹੋ ਜਾਂਦੀ ਹੈ। ਮਿਸਾਲ ਦੇ ਤੌਰ 'ਤੇ ਮੁਢਲੀ ਪੱਧਰ ਦਾ ਵਿਦਿਆਰਥੀ ਅੰਗਰੇਜ਼ੀ ਵਿਚ ਇਤਿਹਾਸ ਪੜ੍ਹ ਰਿਹਾ ਹੈ, ਪਰ ਉਹ ਫਿਰ ਵੀ ਇਤਿਹਾਸ ਤੋਂ ਅਣਜਾਣ ਰਹਿੰਦਾ ਹੈ। ਮੁੱਕਦੀ ਗੱਲ ਇਹ ਹੈ ਕਿ ਸਾਨੂੰ ਖੁਦ ਨੂੰ ਇਹ ਗੱਲ ਸਪੱਸ਼ਟ ਨਹੀਂ ਹੈ ਕਿ ਅਸੀਂ ਬੱਚੇ ਨੂੰ ਵਿਦਿਆ ਦੇਣੀ ਚਾਹੁੰਦੇ ਹਾਂ ਜਾਂ ਅੰਗਰੇਜ਼ੀ ਭਾਸ਼ਾ ਜਿਸ ਨੂੰ ਉਹ ਸਿੱਖਣ ਦੇ ਯੋਗ ਨਹੀਂ ਹੋਇਆ, ਸਿੱਖਾਉਣਾ ਚਾਹੁੰਦੇ ਹਾਂ। ਭਾਸ਼ਾ ਸਿੱਖਿਆ ਦਾ ਮਾਧਿਅਮ ਹੈ ਪਰ ਮੁਢਲੀ ਸਿੱਖਿਆ ਮਾਂ-ਬੋਲੀ ਵਿਚ ਹੀ ਸਹੀ ਅਰਥਾਂ 'ਚ ਦਿੱਤੀ ਜਾ ਸਕਦੀ ਹੈ। ਅਤੇ ਮਾਂ-ਬੋਲੀ ਵਿਚ ਸੁਚੱਜੇ ਢੰਗ ਨਾਲ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀ ਵਿਚ ਕਿਸੇ ਹੋਰ ਭਾਸ਼ਾ ਨੂੰ ਸਿੱਖਣ ਦੀ ਵਧੇਰੇ ਸਮਰੱਥਾ ਹੁੰਦੀ ਹੈ। ਪਰ ਪੰਜਾਬੀ ਮਾਪੇ ਸਿੱਖਿਆ ਤੇ ਭਾਸ਼ਾ ਦੇ ਅੰਤਰ-ਸਬੰਧਾਂ ਨੂੰ ਸਮਝੇ ਬਿਨ੍ਹਾਂ ਇਸ ਅਸਪਸ਼ਟਤਾ ਦੇ ਸ਼ਿਕਾਰ ਹਨ ਕਿ ਉਹ ਆਪਣੇ ਬੱਚਿਆਂ ਨੂੰ ਉਮਰ ਦੇ ਮੁਢਲੇ ਪੜਾਅ 'ਤੇ ਵਿਦਿਆ ਪ੍ਰਦਾਨ ਕਰਨਾ ਚਾਹੁੰਦੇ ਹਨ, ਜਾਂ ਭਾਸ਼ਾ ਸਿਖਾਉਣਾ ਚਾਹੁੰਦੇ ਹਨ। ਪੰਜਾਬੀ ਬੱਚਿਆਂ ਲਈ ਅੰਗਰੇਜ਼ੀ ਮਾਧਿਅਮ ਅਤੇ ਮੁਢਲੀ ਸਿੱਖਿਆ ਇਕ ਆਪਾ ਵਿਰੋਧੀ ਗੱਲਾਂ ਹਨ। ਜੇ ਅਜਿਹਾ ਨਾ ਹੋਵੇ ਤਾਂ ਅਧਿਆਪਕ ਨੂੰ ਅੰਗਰੇਜੀ ਮਾਧਿਅਮ ਦੀ ਇਤਿਹਾਸ ਦੀ ਕਿਤਾਬ ਦੀ ਵਿਆਖਿਆ ਪੰਜਾਬੀ ਵਿਚ ਕਰਨ ਦੀ ਲੋੜ ਨਾ ਪਵੇ। ਪੰਜਾਬੀ ਭਾਸ਼ਾ ਦੀ ਕਿਤਾਬ ਦੇ ਮਾਮਲੇ ਵਿਚ ਅਜਿਹਾ ਨਹੀਂ ਕਰਨਾ ਪੈਂਦਾ, ਕਿਉਂਕਿ ਇਸ ਵਿਚ ਲਿਖੇ ਨੂੰ ਮੁਢਲੀ ਸਿੱਖਿਆ ਦੇ ਵਿਦਿਆਰਥੀ ਆਮ ਕਰਕੇ ਖੁਦ ਹੀ ਸਮਝਦੇ ਹਨ। ਮੁਢਲੇ ਪੱਧਰ 'ਤੇ ਸਿੱਖਿਆ ਦੇ ਮਾਧਿਅਮ ਦੇ ਰੂਪ ਵਿਚ ਅੰਗਰੇਜ਼ੀ ਨੂੰ ਤਾਂ ਹੀ ਤਰਕਸੰਗਤ ਕਿਹਾ ਜਾ ਸਕਦਾ ਹੈ ਜੇਕਰ ਅਧਿਆਪਕ ਅੰਗਰੇਜ਼ੀ ਨੂੰ ਪਾਠ ਦੀ ਵਿਆਖਿਆ ਦਾ ਸਾਧਨ ਬਣਾਵੇ ਤੇ ਉਸ ਨੂੰ ਸਥਾਨਕ ਭਾਸ਼ਾ ਦਾ ਸਹਾਰਾ ਨਾ ਲੈਣਾ ਪਵੇ। ਇਥੇ ਤਾਂ ਪੰਜਾਬੀ 'ਚ ਵਿਆਖਿਆ ਕਰਨ ਦੇ ਬਾਵਜੂਦ ਬੱਚਿਆਂ ਦੇ ਪੱਲੇ ਕੁਝ ਨਹੀਂ ਪੈਂਦਾ ਅਤੇ ਉਹ ਅੰਗਰੇਜ਼ੀ ਦੀਆਂ ਕਿਤਾਬਾਂ ਦੇ ਨਿਰੋਲ ਰੱਟੇ ਲਾਉਂਦੇ ਦੇਖੇ ਜਾ ਸਕਦੇ ਹਨ। ਕਹਿਣ ਤੋਂ ਭਾਵ ਹੈ ਕਿ ਸਰਕਾਰੀ ਸਕੂਲਾਂ ਜਿਹਨਾਂ ਦਾ ਵਿਦਿਅਕ ਮਿਆਰ ਪਹਿਲਾਂ ਹੀ ਵਧੀਆ ਹਾਲਤ ਵਿਚ ਨਹੀਂ ਹੈ, ਵਿਚ ਮੁਢਲੀ ਪੱਧਰ 'ਤੇ ਅੰਗਰੇਜ਼ੀ ਨੂੰ ਮਾਧਿਅਮ ਦੇ ਰੂਪ ਵਿਚ ਲਾਗੂ ਕਰਨ ਦਾ ਨਤੀਜਾ ਬੌਧਿਕ ਕੰਗਾਲੀ ਨਾਲ ਜੁੜਿਆ ਹੋਇਆ ਹੈ। ਮੁਢਲੇ ਪੱਧਰ 'ਤੇ ਵਿਦਿਆਰਥੀ ਨੂੰ ਮਾਂ-ਬੋਲੀ ਵਿਚ ਗਿਆਨ ਨਾ ਮਿਲਣ ਕਾਰਨ ਉਹ ਬੌਧਿਕ ਪੱਖੋਂ ਕੁਪੋਸ਼ਿਤ ਰਹਿ ਜਾਂਦਾ ਹੈ। ਕੋਈ ਇਨਸਾਨ ਗਿਆਨ ਦੀਆਂ ਡੂੰਘਾਣਾਂ ਦੀ ਥਾਹ ਆਪਣੀ ਮਾਂ-ਬੋਲੀ ਵਿਚ ਹੀ ਪਾ ਸਕਦਾ ਹੈ।

**ਸੱਭਿਆਚਾਰ ਦੀ ਭੂਮਿਕਾ**

ਸੱਭਿਆਚਾਰ ਇਨਸਾਨ ਦੀ ਬੌਧਿਕ ਤੇ ਅਕਾਦਮਿਕ ਤਰੱਕੀ ਲਈ ਅਹਿਮ ਭੂਮਿਕਾ ਅਦਾ ਕਰਦਾ ਹੈ ਤੇ ਇਹ ਇਕ ਤਰ੍ਹਾਂ ਨਾਲ ਸਕੂਲ ਹੁੰਦਾ ਹੈ। ਇਹ ਵੀ ਇਕ ਤੱਥ ਹੈ ਕਿ ਸੱਭਿਆਚਾਰ ਦੀ ਬੁਨਿਆਦ ਸਬੰਧਿਤ ਭਾਸ਼ਾ ਹੁੰਦੀ ਹੈ। ਜੇ ਅਸੀਂ ਆਪਣੀ ਨਵੀਂ ਪੀੜ੍ਹੀ ਨੂੰ ਮਾਂ-ਬੋਲੀ 'ਚ ਮੁਢਲੀ ਸਿੱਖਿਆ ਤੋਂ ਵਾਂਝਾ ਕਰ ਰਹੇ ਹਾਂ ਤਾਂ ਉਸ ਨੂੰ ਇਸ ਸਕੂਲ ਤੋਂ ਬਾਹਰ ਕੱਢ ਰਹੇ ਹਾਂ। ਪੰਜਾਬ ਵਿਚ ਪਿੰਡਾਂ ਦੇ ਵਿੱਦਿਆਰਥੀਆਂ ਜਿਹੜੇ ਅੰਗਰੇਜ਼ੀ ਮਾਧਿਅਮ ਦੇ ਸਕੂਲਾਂ 'ਚ ਪੜ੍ਹਦੇ ਵੀ ਹਨ, ਦੀ ਇਹ ਘਾਟ ਕਿਸੇ ਹੱਦ ਤੱਕ ਪੂਰੀ ਹੋ ਜਾਂਦੀ ਹੈ ਕਿਉਂਕਿ ਪਿੰਡਾਂ ਦਾ ਮਹੌਲ ਅਜੇ ਵੀ ਸੱਭਿਆਚਾਰ ਦੇ ਰੰਗਾਂ ਵਿਚ ਰੰਗਿਆ ਹੁੰਦਾ ਹੈ। ਪਰ ਸ਼ਹਿਰਾਂ ਦੀ ਨਵੀਂ ਪੀੜ੍ਹੀ 'ਤੇ ਇਸ ਦਾ ਬੁਰਾ ਅਸਰ ਵਧੇਰੇ ਪੈਂਦਾ ਹੈ। ਸਰਕਾਰੀ ਸਕੂਲਾਂ ਵਿਚ ਮੁਢਲੀ ਪੱਧਰ 'ਤੇ ਅੰਗਰੇਜ਼ੀ ਮਾਧਿਅਮ ਲਾਗੂ ਕਰਨ ਦਾ ਇਹ ਤਰਕ ਵੀ ਦਿੱਤਾ ਜਾ ਰਿਹਾ ਹੈ ਕਿ ਅਜਿਹਾ ਸਰਕਾਰੀ ਸਕੂਲਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਤੇ ਸਰਕਾਰੀ ਤੇ ਨਿੱਜੀ ਸਕੂਲਾਂ ਦੇ ਆਪਸੀ ਪਾੜੇ ਨੂੰ ਦੂਰ ਕੀਤਾ ਜਾ ਰਿਹਾ, ਤਾਂ ਕਿ ਉਹ ਨਿੱਜੀ ਸਕੂਲਾਂ ਦਾ ਟਾਕਰਾ ਕਰ ਸਕਣ। ਜੇ ਮਿਆਰ ਦੀ ਗੱਲ ਆ ਤਾਂ ਚਾਹੀਦਾ ਤਾਂ

ਬਾਕੀ ਸਫ਼ਾ 29 'ਤੇ

# ਦਸਤਾਰ ਦਾ ਮਹੱਤਵ

**ਮੇਜਰ ਸਿੰਘ ਨਾਭਾ**

ਦਸਤਾਰ ਦਾ ਮਹੱਤਵ ਸਿੱਖਾਂ ਲਈ ਅਹਿਮ ਹੈ ਜੋ ਕਿ ਸਿੱਖ ਪਹਿਚਾਣ ਦਾ ਮੁੱਖ ਪ੍ਰਤੀਕ ਹੈ। ਸਾਡੇ ਸਮਾਜ ਵਿਚ ਵੀ ਦਸਤਾਰ (ਪਗੜੀ) ਦੀ ਮਹੱਤਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੱਗ ਨੂੰ ਇੱਜ਼ਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਤਾਹੀਓਂ ਤਾਂ 'ਪੱਗ ਰੱਖਣੀ' ਭਾਵ ਲਾਜ ਰੱਖਣਾ 'ਪੱਗ ਨੂੰ ਦਾਗ਼ ਲੱਗਣਾ' ਭਾਵ ਇੱਜਤ ਨੂੰ ਆਂਚ ਆਉਣਾ ਆਦਿ ਮੁਹਾਵਰਿਆਂ ਦੇ ਰੂਪ ਵਿਚ ਸਾਡੇ ਸਮਾਜ ਵਿਚ ਆਮ ਪੱਗ ਲਈ ਵਰਤੇ ਜਾਂਦੇ ਹਨ। ਸਿੱਖ ਬੱਚਿਆਂ ਦੇ ਸਕੂਲਾਂ ਵਿਚ ਦਸਤਾਰ ਸਜਾ ਕੇ ਜਾਣ 'ਤੇ ਕਈ ਦੇਸ਼ਾਂ 'ਚ ਜਾਣ ਤੇ ਪਾਬੰਦੀ ਲਾਉਣ ਨਾਲ ਇਹ ਮਸਲਾ ਅੱਜ ਅੰਤਰਰਾਸ਼ਟਰੀ ਪੱਧਰ 'ਤੇ ਵਿਚਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜੋ ਕਿ ਸਿੱਖਾਂ ਲਈ ਇਕ ਚੁਣੌਤੀ ਅਤੇ ਚਿੰਤਾ ਭਰਿਆ ਵਿਸ਼ਾ ਹੈ। ਇਸ ਮਸਲੇ ਦੇ ਸੰਬੰਧ 'ਚ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਦਾ ਆਪਣੀ ਸਰਕਾਰ ਅਤੇ ਵਿਦੇਸ਼ੀ ਸਰਕਾਰਾਂ ਨਾਲ ਰਾਬਤਾ ਬਣਾਇਆ ਹੋਇਆ ਹੈ।



ਸਰਦਾਰੀ ਦਾ ਖਿਤਾਬ ਸਿਰ 'ਤੇ ਦਸਤਾਰ ਸਜਾਉਣ ਵਾਲੇ ਨੂੰ ਹੀ ਮਿਲਦਾ ਹੈ। ਪਰ ਅੱਜ ਦੇ ਸਿੱਖ ਨੌਜਵਾਨ ਸਰਦਾਰੀ ਨੂੰ ਛੱਡ ਕੇ ਭਈਏ ਬਣਦੇ ਜਾ ਰਹੇ ਹਨ। ਉਹ ਸਿੰਘਾਂ ਦੀਆਂ ਕੇਸਾਂ ਲਈ ਦਿੱਤੀਆਂ ਕੁਰਬਾਨੀਆਂ ਨੂੰ ਭੁੱਲਦੇ ਜਾ ਰਹੇ ਹਨ। ਪੰਜਾਬ ਅੰਦਰ ਸ਼ਹਿਰੀ ਖੇਤਰ ਨਾਲੋਂ ਪੇਂਡੂ ਖੇਤਰ ਦੇ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਮਾਨਸਿਕਤਾ ਪੱਗ ਨਾਲੋਂ ਜਿਆਦਾ ਟੁੱਟਦੀ ਜਾ ਰਹੀ ਹੈ। ਮੈਨੂੰ ਯਾਦ ਹੈ, ਤਿੰਨ ਦਹਾਕੇ ਪਹਿਲਾਂ 1974 'ਚ ਮੈਂ ਆਪਣੇ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਜਦੋਂ ਦਸਵੀਂ ਸ਼੍ਰੇਣੀ ਵਿਚ ਪੜ੍ਹਦਾ ਸੀ ਤਾਂ ਸਾਡੀ ਸ਼੍ਰੇਣੀ ਦੇ 43 ਮੁੰਡਿਆਂ 'ਚੋਂ ਸਿਰਫ ਪੰਜ ਮੁੰਡਿਆਂ ਦੇ ਪੱਗ ਨਹੀਂ ਸਜਾਈ ਹੋਈ ਸੀ ਜੋ ਕਿ ਬਾਣੀਏ ਅਤੇ ਪੰਡਤਾਂ ਦੇ ਮੁੰਡੇ ਸੀ। ਬਾਕੀ ਮੁੰਡਿਆਂ 'ਚ ਦੋ ਪੰਡਤਾਂ ਦੇ ਮੁੰਡੇ ਵੀ ਪੱਗ ਬੰਨ੍ਹਦੇ ਸੀ ਜੋ ਅੱਜ ਵੀ ਬੰਨ੍ਹਦੇ ਹਨ। ਪਰ ਅੱਜ ਸਕੂਲਾਂ ਅੰਦਰ ਹਰੇਕ ਸ਼੍ਰੇਣੀ ਵਿੱਚ ਪੰਜ-ਚਾਰ ਮੁੰਡੇ ਹੀ ਪੱਗਾਂ ਵਾਲੇ ਦਿਖਾਈ ਦਿੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੇ ਭਾਵੇਂ ਛੋਟੀ ਉਮਰੇ ਕੇਸਾਂ ਦੀ ਲਾਜ ਖਾਤਰ ਆਪਣੀਆਂ ਅਨਮੋਲ ਜਿੰਦਗੀਆ ਵਾਰ ਦਿੱਤੀਆਂ ਪਰ ਅੱਜ ਸਾਡੇ ਸਰਦਾਰਾਂ ਦੇ ਬੱਚੇ ਨਾਈਆਂ ਅੱਗੇ ਬੜੇ ਚਾਅ ਨਾਲ ਬੈਠ ਕੇ ਆਪਣੇ ਕੇਸ ਕਤਲ ਕਰਵਾ ਰਹੇ ਹਨ। ਅੱਜ ਭਾਵੇਂ ਸਿੱਖੀ ਦੇ ਪ੍ਰਚਾਰ ਕਰਨ ਦੇ ਕਈ ਤਰ੍ਹਾਂ ਨਾਲ ਉਪਰਾਲੇ ਕੀਤੇ ਜਾ ਰਹੇ ਹਨ। ਪਰ ਬੜੇ ਅਫਸੋਸ ਦੀ ਗੱਲ ਹੈ ਆਬਾਦੀ ਦੇ ਅਨੁਪਾਤ ਅਨੁਸਾਰ ਬੱਚਿਆਂ ਦੇ ਕੇਸ ਕਤਲ ਕਰਵਾਉਣ ਦਾ ਰੁਝਾਨ ਮਾਪਿਆਂ ਅੰਦਰ ਵਧਦਾ ਜਾ ਰਿਹਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਸਿੱਖੀ ਸਰੂਪ ਘਟਦਾ ਜਾ ਰਿਹਾ ਹੈ। ਭਾਵੇਂ ਕਿਸੇ ਹੱਦ ਤੱਕ ਬੱਚਾ ਖੁਦ ਵੀ ਕੇਸ ਕਟਵਾਉਣ ਲਈ ਅੱਜ ਦੇ ਸਭਿਆਚਾਰ ਅਨੁਸਾਰ ਜਿੱਦ ਕਰਦਾ ਹੈ ਪਰ ਬੱਚਿਆਂ ਦੇ ਕੇਸ ਕਟਵਾਉਣ ਲਈ ਮਾਵਾਂ ਦਾ ਵੀ ਅਹਿਮ ਰੋਲ ਹੈ।

ਬੱਚੇ ਜਨਮ ਲੈਣ ਤੋਂ ਬਾਅਦ ਮਾਂ ਦੇ ਦੁੱਧ ਨਾਲ ਹੀ ਸਿੱਖਿਆ ਗ੍ਰਹਿਣ ਕਰਨੀ ਸ਼ੁਰੂ ਕਰ ਦਿੰਦਾ ਹੈ। ਪਹਿਲਾਂ ਪਹਿਲਾਂ ਪਰਿਵਾਰਿਕ ਮੈਂਬਰਾਂ ਦੀ ਰੀਸੋ ਰੀਸ ਸਿੱਖਣਾ ਸ਼ੁਰੂ ਕਰਦਾ ਹੈ ਤੇ ਉਸ ਤੋਂ ਬਾਅਦ ਆਪਣੇ ਆਂਢ-ਗੁਆਂਢ ਤੇ ਫਿਰ ਸਮਾਜ ਪਾਸੋਂ ਜੀਵਨ ਜਾਚ ਸਿੱਖਦਾ ਹੈ। ਇਸ ਤਰ੍ਹਾਂ ਪਹਿਲੀ ਸਟੇਜ ਤੇ ਸਿੱਖਿਆ ਪ੍ਰਾਪਤ ਕਰੇਗਾ ਅਗਰ ਦੂਜੀ ਤੇ ਤੀਜੀ ਸਟੇਜ਼ ਤੇ ਵੀ ਉਹੋ ਜਿਹੀ ਸਿੱਖਿਆ ਬੱਚੇ ਨੂੰ ਮਿਲ ਜਾਵੇ ਤਾਂ ਉਹ ਕਿਸੇ ਹੱਦ ਤੱਕ ਉਸ ਵਿਚ ਪਰਪੱਕ ਹੋ ਜਾਵੇਗਾ। ਉਸ ਦੇ ਵਿਚਾਰ ਠੋਸ ਬਣ ਜਾਣਗੇ।

ਸਮੇਂ ਦੀ ਲੋੜ ਹੈ ਬੱਚਿਆਂ ਦੇ ਮਨਾਂ ਅੰਦਰ ਦਸਤਾਰ ਦਾ ਮਹੱਤਵ ਸਾਡੇ ਵਿਰਸੇ ਦੀ ਪਹਿਚਾਣ ਨੂੰ ਵਸਾਉਣ ਦੀ। ਇਸ ਵਿਚ ਸਭ ਤੋਂ ਵੱਡਾ ਰੋਲ ਮਾਂ ਦਾ ਜਾਪਦਾ ਹੈ ਜਦੋਂ ਬੱਚੇ ਦੇ ਕੇਸ ਸੰਵਾਰਨ ਤੇ ਬੱਚਾ ਰੋਂਦਾ ਹੈ ਤਾਂ ਮਾਂ ਨੂੰ ਸਬਰ, ਸਹਿਣਸ਼ੀਲਤਾ ਨਾਲ ਉਸ ਨੂੰ ਵਰਾਉਣਾ ਚਾਹੀਦਾ ਹੈ ਕਈ ਮਾਂਵਾਂ ਤਾਂ ਬੱਚੇ ਦੇ ਕੇਸ ਸੰਵਾਰਨ ਤੋਂ ਅੱਕ ਕੇ ਹੀ ਨਾਈ ਦੇ ਪਾਸ ਭੇਜ ਕੇ ਬੱਚੇ ਨੂੰ ਸੰਭਾਲਣ ਜਿੰਮੇਵਾਰੀ ਤੋਂ ਮਾਂਵਾਂ ਵੀ ਮੁਕਤੀ ਪ੍ਰਾਪਤ ਕਰਨਾ ਚਾਹੁੰਦੀਆਂ ਹਨ। ਜਦੋਂ ਮਾਂਵਾਂ ਹੀ ਬਿਊਟੀ ਪਾਰਲਰ ਵਿਚ ਜਾਂਦੀਆਂ ਹੋਣ ਤਾਂ ਕੀ ਉਹ ਬੱਚਿਆਂ ਲਈ ਸਿੱਖੀ ਸਰੂਪ ਚਾਹੁੰਦੀਆਂ ਹਨ। ਬੱਚਿਆਂ ਲਈ ਦਸਤਾਰਬੰਦੀ ਮੁਕਾਬਲੇ ਕਰਨ ਦਾ ਵਧੀਆ ਰੁਝਾਨ ਕਈ ਸੰਸਥਾਵਾਂ ਨੇ ਆਰੰਭਿਆ ਹੈ ਜਿਹਨਾਂ ਦੀ ਸਰਾਹੁਣਾ ਕਰਨੀ ਬਣਦੀ ਹੈ। ਇਸੇ ਤਰ੍ਹਾਂ ਹੀ ਅਕਾਲ ਤਖਤ ਸਾਹਿਬ ਤੇ ਦਸਤਾਰਬੰਦੀ ਕਰਨ ਦੇ ਕਈ ਸੰਸਥਾਵਾਂ ਵਲੋਂ ਉਪਰਾਲੇ ਕੀਤੇ ਜਾ ਰਹੇ ਹਨ। ਬਾਹਰਲੇ ਦੇਸ਼ਾਂ 'ਚ ਵੀ ਇਹ ਮੁਕਾਬਲੇ ਕਰਵਾਏ ਜਾ ਰਹੇ ਹਨ। ਸਾਡੇ ਬੱਚਿਆਂ ਸਾਹਮਣੇ ਮਾਡਲ ਪੇਸ਼ ਕਰਨੇ ਸਾਡੇ ਸਿੱਖ ਪ੍ਰਚਾਰਕਾਂ, ਸੰਸਥਾਵਾਂ ਦਾ ਉਦੇਸ਼ ਹੋਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਚਾਹੀਦਾ ਹੈ ਬੱਚਿਆਂ ਨੂੰ ਸਿੱਖੀ ਸਰੂਪ ਨਾਲ ਪ੍ਰੇਰਨਾ ਲਈ ਵਿਸ਼ੇਸ਼ ਉਪਰਾਲੇ ਕਰਨੇ ਚਾਹੀਦੇ ਹਨ। ਦਸਤਾਰ ਸਜਾਉਣ ਲਈ ਕੇਂਦਰ ਸਥਾਪਿਤ ਕਰਨੇ, ਮੁਕਾਬਲੇ ਕਰਾਉਣੇ ਤਾਂ ਜੋ ਬੱਚੇ ਅੰਦਰ ਦਸਤਾਰ ਨੂੰ ਸਜਾਉਣ ਦਾ ਸ਼ੌਕ ਪੈਦਾ ਹੋ ਸਕੇ। ਉਚਿਤ ਇਨਾਮ ਸਨਮਾਨ ਦਿੱਤੇ ਜਾਣ। ਸੋ ਖਾਲਸੇ ਦੇ ਜਨਮ ਦਿਹਾੜੇ ਤੇ ਵਿਸ਼ੇਸ਼ ਤੌਰ ਤੇ ਦਸਤਾਰਬੰਦੀ ਮੁਕਾਬਲੇ ਕਰਵਾ ਕੇ ਸੰਸਾਰ ਪੱਧਰ ਤੇ ਇਸ ਮੁੱਦੇ ਨੂੰ ਲਿਜਾਇਆ ਜਾਵੇ। ਸਿੱਖ ਧਰਮ ਦੇ ਪ੍ਰਚਾਰ ਲਈ ਬੱਚਿਆਂ ਨੂੰ ਮੋਹਰੀ ਬਣਾ ਕੇ ਪ੍ਰੋਗਰਾਮ ਉਲੀਕੇ ਜਾਣ ਜਿਵੇਂ ਧਾਰਮਿਕ, ਵਿਦਿਅਕ ਮੁਕਾਬਲੇ, ਪਟਕੇ, ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ। ਲੋੜ ਕੇਵਲ, ਟੀ.ਵੀ. ਚੈਨਲਾਂ ਤੇ ਸਿੱਖੀ ਕਿਰਦਾਰ ਵਾਲੇ ਸੀਰੀਅਲ ਪੇਸ਼ ਕਰਨ ਦੀ। ਸਿੱਖੀ ਦਾ ਆਪਣਾ ਚੈਨਲ ਹੋਣਾ ਚਾਹੀਦਾ ਹੈ ਜਿਹੜਾ ਕਿ ਸਿੱਖ ਬੱਚਿਆਂ ਵੱਲੋਂ ਰੋਮਾਂਟਿਕ, ਧਾਰਮਿਕ, ਵਿਦਿਅਕ ਦੂਜੇ ਚੈਨਲਾਂ ਦੇ ਮੁਕਾਬਲੇ ਪ੍ਰੋਗਰਾਮ ਪੇਸ਼ ਕਰੇ ਤਾਂ ਕਿ ਸਿੱਖੀ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾਵੇ। ਸਾਡੇ ਸਿੱਖ ਨੇਤਾਵਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸਲੀ ਗੁਰਸਿੱਖ ਕਿੰਨੇ ਕੁ ਹਨ।

ਸਿਰਫ ਦਾੜ੍ਹੀ ਕੇਸ ਵਾਲਾ ਹੀ ਸਿੱਖ ਸਮਝ ਲਿਆ ਜਾਂਦਾ ਹੈ ਪਰ ਅੱਜ ਅਸੀਂ ਜਦੋਂ ਇਹੋ ਜਿਹੇ ਸਰੂਪ ਵਾਲੇ ਨੂੰ ਬੀੜੀ ਪੀਂਦੇ ਤੇ ਜਰਦਾ ਮਲਦੇ ਦੇਖਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਕਿਉਂ ਨਾਂ ਇਹ ਲੋਕ ਵੀ ਵਾਲ ਕਟਵਾ ਲੈਂਦੇ, ਘੱਟੋ ਘੱਟ ਸਿੱਖੀ ਸਰੂਪ ਨੂੰ ਢਾਹ ਤਾਂ ਨਹੀਂ ਲੱਗਦੀ। ਇਸ ਲਈ ਸਾਨੂੰ ਸਿੱਖੀ ਤੇ ਮਾਣ ਕਰਨ ਵੇਲੇ ਇਹਨਾਂ ਲੋਕਾਂ ਬਾਰੇ ਸੋਚਣ ਦੀ ਲੋੜ ਹੈ ਕਿ ਇਹ ਕਿਉਂ ਸਿੱਖੀ ਨਾਲੋਂ ਟੁੱਟਦੇ ਜਾ ਰਹੇ ਹਨ।

*ਪਾਠਕਾਂ ਦੀ ਸੱਥ*

# ਪੱਤਰਕਾਰ ਬਿਨ 'ਪਤਿ' ਨਹੀਂ

**ਤਰਲੋਚਨ ਸਿੰਘ ਦੁਪਾਲਪੁਰ**
(1-408-915-1268)

ਕਿਉਂ ਫਲਾਣਾ ਮੇਰੇ 'ਤੇ ਜੱਜ ਲੱਗਾ ਹੋਇਆ ਐ ? ਸਾਡੇ ਸਮਾਜ ਵਿਚ ਕਹਿਆ-ਸੁਣਿਆ ਜਾਣ ਵਾਲਾ ਇਹ ਆਮ ਜਿਹਾ ਫਿਕਰਾ ਜੱਜ ਦੇ ਅਹੁਦੇ ਦੀ ਮਾਣਮੱਤੀ ਵਡਿਆਈ ਪ੍ਰਗਟਾਉਂਦਾ ਹੈ। ਫਿਰ ਜੱਜ ਉਹ ਵੀ ਸੁਪਰੀਮ ਕੋਰਟ, ਜਾਣੀ ਸਰਬ ਉੱਚ ਅਦਾਲਤ ਵਿਖੇ ਤਾਇਨਾਤ ਹੋਣਾ ਸੁਣ ਕੇ ਤਾਂ ਹੋਰ ਵੀ ਅੱਖਾਂ ਅੱਡੀਆਂ ਜਾਂਦੀਆਂ ਹਨ। ਪਰ ਬੀਤੇ ਦਿਨੀਂ ਜਦੋਂ ਭਾਰਤੀ ਸੁਪਰੀਮ ਕੋਰਟ ਦੇ ਚਾਰ ਜੱਜ ਸਾਹਿਬਾਨ ਨੂੰ ਦਿੱਲੀ ਵਿਚ 'ਦਿਲੀ ਦੁੱਖੜੇ' ਸੁਣਾਉਣ ਲਈ ਪੱਤਰਕਾਰਾਂ ਦਾ ਸਹਾਰਾ ਲੈਣਾ ਪਿਆ, ਤਾਂ ਇਉਂ ਮਹਿਸੂਸ ਹੋਇਆ ਜਿਵੇਂ ਪੱਤਰਕਾਰ ਹੋਣਾ ਜੱਜ ਤੋਂ ਵੀ ਵੱਧ ਅਹਿਮੀਅਤ ਰਖਾਉਂਦਾ ਹੋਵੇ। ਨਿਵੇਕਲੀ ਜਿਹੀ ਵੇਸ਼ ਭੂਸ਼ਾ ਧਾਰਨ ਕਰਕੇ ਜਿਹੜੇ ਮਾਣਯੋਗ ਜੱਜ ਸਾਹਿਬਾਨ ਰੋਜ਼ਾਨਾ ਹੀ ਅਦਾਲਤਾਂ ਵਿਚ ਸਭ ਤੋਂ ਉੱਚੀ ਥਾਂ ਬੈਠ ਕੇ ਸੈਂਕੜੇ ਲੋਕਾਂ ਦੇ ਰੋਣੇ ਧੋਣੇ ਸੁਣਦਿਆਂ ਨਿਆਂ ਕਰਦੇ ਹਨ, ਉਨ੍ਹਾਂ ਨੇ ਵੀ ਪੱਤਰਕਾਰਾਂ ਰਾਹੀਂ ਆਪਣੀ ਅਵਾਜ਼ ਲੋਕਾਈ ਤੱਕ ਪਹੁੰਚਾਈ।

ਆਜ਼ਾਦ ਭਾਰਤ ਵਿਚ ਪਹਿਲੀ ਵਾਰ ਵਾਪਰਿਆ ਇਹ ਅੱਲੋਕਾਰ ਵਰਤਾਰਾ ਦੇਖ ਕੇ ਮੈਨੂੰ ਦੋ ਲਤੀਫੇ ਯਾਦ ਆ ਗਏ। ਪਹਿਲੇ ਲਤੀਫੇ ਵਿਚ ਵਕੀਲਾਂ ਮੋਹਰੇ ਰੱਬ ਨੂੰ ਵੀ ਬੇਬੱਸ ਦਿਖਾਇਆ ਗਿਆ ਤੇ ਦੂਸਰੇ ਵਿਚ ਇਕ ਮੀਡੀਆ ਕਰਮੀਂ ਕੋਲੋਂ ਜੰਗਲ ਦਾ ਬਾਦਸ਼ਾਹ ਸ਼ੇਰ ਵੀ ਭੈਅ ਮੰਨਦਾ ਦਰਸਾਇਆ ਗਿਆ ਹੈ।

ਕਹਿੰਦੇ ਇਕ ਵਾਰ ਰੱਬ ਦੀ ਦਰਗਾਹ ਵਿਚ ਸਵਰਗਵਾਸੀਆਂ ਅਤੇ ਨਰਕਵਾਸੀਆਂ ਦੀ ਆਪਸ ਵਿਚੀਂ ਖੜਕ ਪਈ। ਸਵਰਗ ਵਿਚ ਰਹਿਣ ਵਾਲੇ 'ਰੱਬ ਦੀਆਂ ਦਿੱਤੀਆਂ' ਛਕਣ ਵਾਲੇ ਸਾਊ ਸ਼ਰੀਫ ਲੋਕ ਸਨ। ਇਸ ਕਰਕੇ ਹੱਟੇ ਕੱਟੇ ਨਰਕ ਵਾਸੀਆਂ ਨੇ ਉਹ ਸਾਰੇ ਹੀ ਮਾਰ ਧਾੜ ਕਰਕੇ ਜ਼ਖਮੀ ਕਰ ਦਿੱਤੇ। ਨਿੰਮੋਝੂਣੇ ਜਿਹੇ ਹੋਏ ਸਵਰਗ ਵਾਲੇ 'ਰੱਬ ਆਪਣੇ ਵੱਲ੍ਹ ਦਾ' ਜਾਣ ਕੇ ਨਰਕ ਵਾਲਿਆਂ ਨੂੰ ਕਹਿੰਦੇ ਕਿ ਕੋਈ ਨਾ ਪੁੱਤਰੋਂ, ਹੁਣ ਮੁਕੱਦਮਾ ਭੁਗਤਣ ਲਈ ਤਿਆਰ ਰਿਹੋ ਅਸੀਂ ਰੱਬ ਜੀ ਪਾਸ ਤੁਹਾਡੇ ਵਿਰੁੱਧ 'ਕੇਸ' ਕਰਨ ਜਾ ਰਹੇ ਹਾਂ।

ਇਹ ਗੱਲ ਸੁਣ ਕੇ ਸਾਰੇ ਨਰਕ ਵਿਚ ਹਾਸੜ ਮੱਚ ਗਈ। ਹੱਸ ਹੱਸ ਕੇ ਲੋਟਪੋਟ ਹੁੰਦਿਆਂ ਨਰਕ ਵਾਲੇ ਕਹਿੰਦੇ,

"ਕੇਸ ਤੁਹਾਡਾ ਲੜੂ ਕੌਣ ? ਵਕੀਲ ਤਾਂ ਸਾਰੇ ਈ ਸਾਡੇ ਕੋਲ ਹਨ ?"

ਦੂਜਾ ਲਤੀਫਾ ਇਉਂ ਕਿ ਸ਼ਾਮ ਦੇ ਵੇਲੇ ਜੰਗਲ ਵਿਚ ਸ਼ੇਰ ਤੇ ਸ਼ੇਰਨੀ ਬੈਠੇ ਚੁਹਲ ਮੁਹਲ ਜਿਹੇ ਕਰ ਰਹੇ ਸਨ। ਉੱਥੇ ਇਕ ਗਿੱਦੜ ਨਿਕਲ ਆਇਆ। ਉਨ੍ਹਾਂ ਵੱਲ੍ਹ ਨੂੰ ਤੁਰਿਆ ਆਉਂਦਾ ਦੇਖ ਕੇ ਸ਼ੇਰਨੀ ਨੇ ਸੋਚਿਆ ਕਿ ਅੱਜ ਇਸ ਗਿੱਦੜ ਦੀ ਖ਼ੈਰ ਨਹੀਂ। ਪਰ ਉਹ ਧੌਣ ਅਕੜਾ ਕੇ ਬੜੀ ਮਸਤੀ ਨਾਲ ਤੁਰਦਾ ਹੋਇਆ ਸ਼ੇਰ ਦੇ ਕੋਲ ਆ ਕੇ ਬਹਿ ਗਿਆ। ਸ਼ੇਰ ਨੇ ਕੋਈ 'ਐਸੀ ਵੈਸੀ" ਹਰਕਤ ਨਾ ਕੀਤੀ। ਉਦੋਂ ਸ਼ੇਰਨੀ ਹੋਰ ਵੀ ਹੈਰਾਨ ਹੋ ਗਈ, ਜਦ ਉਸਨੇ ਦੇਖਿਆ ਕਿ ਗਿੱਦੜ ਸ਼ਰਾਰਤਾਂ ਜਿਹੀਆਂ ਕਰਦਾ ਹੋਇਆ ਕਦੇ ਸ਼ੇਰ ਦੀ ਪੂਛ 'ਤੇ ਹੱਥ ਫੇਰੇ ਅਤੇ ਕਦੇ ਉਹ ਦੀ ਪਿੱਠ 'ਤੇ। ਸ਼ੇਰ ਐਵੇਂ ਮੱਖੀਆਂ ਉਡਾਉਣ ਵਾਂਗ ਥੋੜ੍ਹੀ ਬਹੁਤ ਹਿਲ ਜੁਲ ਹੀ ਕਰੀ ਗਿਆ।

ਪੰਜ ਸੱਤ ਕੁ ਮਿੰਟ ਸ਼ੇਰ ਨਾਲ ਇਲਤਾਂ ਜਿਹੀਆਂ ਕਰਕੇ ਜਦੋਂ ਗਿੱਦੜ ਉੱਥੋਂ ਉਠ ਕੇ ਚਲਾ ਗਿਆ ਤਾਂ ਸ਼ੇਰਨੀ ਨੇ ਬੜੇ ਹਿਰਖ 'ਚ ਆਉਂਦਿਆਂ ਸ਼ੇਰ ਨੂੰ ਤਾਅਨਾ ਮਾਰਿਆ ਕਿ ਅੱਜ ਤੇਰੀ 'ਬਹਾਦਰੀ' ਕਿੱਥੇ ਚਲੇ ਗਈ ?

ਆਲਾ ਦੁਆਰਾ ਦੇਖ ਕੇ ਸ਼ੇਰ ਨੇ ਜਵਾਬ ਦਿੱਤਾ 'ਤੂੰ ਨਹੀਂ ਜਾਣਦੀ ਇਹ ਨੂੰ ? ਇਹ 'ਜੰਗਲ ਟਾਈਮਜ਼' ਅਖਬਾਰ ਦਾ ਸੀਨੀਅਰ ਪੱਤਰਕਾਰ ਹੈ ਭਲੀਏ ਮਾਣਸੇ।"

# ਫਰਿਜ਼ਨੋ ਇਲਾਕੇ ਦੇ ਸਮੂੰਹ ਪੰਜਾਬੀਆਂ ਨੇ ਮਾਘੀ ਤੇ ਲੋਹੜੀ ਦੇ ਦਿਹਾੜੇ ਬੜੀ ਧੂਮ ਧਾਮ ਨਾਲ ਮਨਾਏ

## *ਵੱਖ ਵੱਖ ਗੁਰੂ ਘਰਾਂ ਵਿੱਚ ਚਾਲੀ ਮੁਕਤਿਆਂ ਦੀ ਯਾਦ 'ਚ ਦੀਵਾਨ ਸਜੇ*

**ਫਰਿਜ਼ਨੋ:ਕੁਲਵੰਤ ਧਾਲੀਆਂ/ਨੀਟਾ ਮਾਛੀਕੇ:**

ਫਰਿਜ਼ਨੋ ਇਲਾਕੇ ਦੇ ਸਮੂੰਹ ਪੰਜਾਬੀਆਂ ਨੇ ਮਾਘ ਦੀ ਸੰਗਰਾਂਦ ਤੇ ਲੋਹੜੀ ਦੇ ਤਿਉਹਾਰ ਬੜੀ ਧੂਮ ਧਾਮ ਨਾਲ ਮਨਾਏ। ਸਮੂਹ ਗੁਰਦੁਆਰਾ ਸਾਹਿਬਾਨ ਵਿੱਚ ਸਿੱਖਾਂ ਦੇ ਇਤਿਹਾਸਕ ਦਿਹਾੜੇ ਚਾਲੀ ਮੁਕਤਿਆਂ ਦੀ ਸ਼ਹੀਦੀ ਮੌਕੇ ਵੱਖ ਵੱਖ ਗੁਰੂ ਘਰਾਂ ਵਿੱਚ ਚਾਲੀ ਵਿਸ਼ੇਸ਼ ਦੀਵਾਨ ਸਜੇ। ਲੋਹੜੀ ਦੇ ਸਾਂਝੇ ਤਿਉਹਾਰ ਦੀ ਰਵਾਇਤ ਅਨੁਸਾਰ ਸਮੁੱਚੇ ਕੈਲੀਫੋਰਨੀਆਂ ਅੰਦਰ ਜਿਥੇ ਗੁਰਦੁਆਰਿਆ ਅਤੇ ਮੰਦਰਾਂ ਵਿੱਚ ਸਰਕਾਰੀ ਪ੍ਰਵਾਨਗੀ ਲੈਂਦੇ ਹੋਏ ਲੋਹੜੀ ਦੇ ਵੱਡੇ ਵੱਡੇ ਧੂਣੇ ਲਾਏ ਗਏ। ਪਾਠ ਪੂਜਾ ਦੇ ਦੀਵਾਨ ਵੀ ਸਜੇ। ਇਸ ਤਿਉਹਾਰ ਨੂੰ ਸਭਨਾਂ ਨੇ ਰੱਜ ਕੇ ਮਾਣਿਆ। ਪੰਜਾਬ ਵਾਂਗ ਇਥੇ ਖਾਣ ਪੀਣ ਦੀਆਂ ਵਸਤਾਂ ਤੇ ਮਿਠਾਈਆਂ ਦੇ ਲੰਗਰ ਸਜੇ ਸਨ । ਇਸਤੋਂ ਇਲਾਵਾ ਮੂੰਗਫਲੀ ਤੇ ਰਿਉੜੀਆ ਖਾਂਦਿਆਂ ਸਭਨਾਂ ਨੇ ਲੋਹੜੀ ਦਾ ਅਨੰਦ ਮਾਣਿਆ। ਗੋਰਿਆ ਦੇ ਬੱਚੇ ਵੀ ਇਸ ਤਿਉਹਾਰ ਦੇ ਜਸ਼ਨਾਂ ਵਿੱਚ ਹਿੱਸਾ ਲੈਣ ਲਈ ਦੇਖੇ ਗਏ। ਲੋਹੜੀ ਦੇ ਨਾਲ ਨਾਲ ਇਥੋ ਦੇ ਸਮੂੰਹ ਗੁਰਦੁਆਰਿਆ ਵਿੱਚ ਮਾਘ ਦੇ ਮਹੀਨੇ ਦੀ ਸੁਰੂਆਤ ਅਤੇ ਸਿੱਖ ਇਤਿਹਾਸ ਦੇ ਨਾਲ ਸੰਬੰਧਿਤ ਚਾਲੀ ਮੁਕਤਿਆਂ ਦੀ ਯਾਦ ਵਿੱਚ ਵੀ ਵਿਸ਼ੇਸ਼ ਸਮਾਗਮ ਸਿਲਮਾ,



ਬੇਕਰਸਫੀਲਡ, ਸਨਵਾਕੀਨ, ਕਰਮਨ ਅਤੇ ਫਰਿਜ਼ਨੋ ਸ਼ਹਿਰਾ ਵਿਖੇ ਕੀਤੇ ਗਏ। ਇਸ ਦੌਰਾਨ ਕੀਰਤਨ ਦੀਵਾਨ ਸਜੇ। ਇਸੇ ਲੜੀ ਅਧੀਨ ਕਰਮਨ ਸ਼ਹਿਰ ਦੇ ਗੁਰਦੁਆਰਾ ਅਨੰਦਗੜ ਸਾਹਿਬ ਵਿਖੇ ਸਥਾਨਕ ਕੀਰਤਨੀਏ ਭਾਈ ਸੋਢੀ ਸਿੰਘ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਸਰਵਨ ਕਰਵਾਈ ਗਈ। ਇਸ ਤੋਂ ਇਲਾਵਾ ਹੋਰ ਵੱਖਰੇ-ਵੱਖਰੇ ਬੁਲਾਰਿਆਂ ਨੇ ਵੀ ਹਾਜ਼ਭਰੀ। ਸਮਾਪਤੀ ਦੌਰਾਨ ਅੱਗ ਦੇ ਧੂਣੇ ਲਾਏ ਗਏ ਸਨ। ਵਰਨਣਯੋਗ ਹੈ ਕਿ ਲੋਹੜੀ ਦੇ ਪ੍ਰੰਪਰਾਗਤ ਜਸ਼ਨਾਂ ਤੋਂ ਇਲਾਵਾ ਵਿਸ਼ੇਸ਼ ਧਾਰਮਿਕ ਸਮਾਗਮ ਵੀ ਹੋਏ ਜਿਨ੍ਹਾਂ ਵਿੱਚ ਸਮੂੰਹ ਭਾਈਚਾਰੇ ਨੇ ਰਲ ਮਿਲ ਅਨੰਦ ਮਾਣਿਆ। ਇਸ ਸਮੇਂ ਟੀ. ਵੀ. ਵੱਲੋਂ ਵਿਸ਼ੇਸ਼ ਤੌਰ 'ਤੇ ਬਲਜੀਤ ਕੌਰ ਪੰਨੂੰ ਅਤੇ ਗੁਰਦੁਆਰਾ ਕਮੇਟੀ ਵਿੱਚੋ ਸ. ਕੁਲਦੀਪ ਸਿੰਘ ਕਾਲੇਕਾ ਨਾਲ ਗੱਲਬਾਤ ਕੀਤੀ ਗਈ।

## ਨਿੱਜਤਾ ਦਾ ਅਧਿਕਾਰ ਤੇ ਤਾਨਾਸ਼ਾਹੀ ਦਾ ਆਧਾਰ

*ਸ.ਫਾ 24 ਦਾ ਬਾਕੀ*

ਸਬੰਧੀਆਂ, ਰਿਸ਼ਤੇਦਾਰਾਂ ਆਦਿ ਬਾਰੇ ਜਾਣਕਾਰੀ ਪ੍ਰਾਪਤ ਕਰਨ ਅਤੇ ਇਸ ਜਾਣਕਾਰੀ ਦੇ ਆਧਾਰ 'ਤੇ ਉਸ ਵਿਅਕਤੀ ਦੀ ਜਾਸੂਸੀ ਕਰਨ ਦੇ ਕਾਬਲ ਬਣਾ ਸਕਦੀ ਹੈ। ਤਾਨਾਸ਼ਾਹੀ ਰੁਝਾਨ ਹੋਣ 'ਤੇ ਉਹਦੇ ਬੈਂਕ ਖਾਤੇ ਹੀ ਨਹੀਂ, ਉਹਦੀ ਹੋਂਦ ਨੂੰ ਹੀ ਗੈਰਹਾਜ਼ਰ ਕਰ ਦੇਣ ਦੀ ਵੀ ਪੂਰੀ ਸੰਭਾਵਨਾ ਹੈ। ਇਸੇ ਲਈ ਆਧਾਰ ਦੀ ਲਾਜ਼ਮੀਅਤ ਦੀ ਸ਼ਰਤ ਖ਼ਤਮ ਕੀਤੀ ਜਾਣੀ ਚਾਹੀਦੀ ਹੈ। ਆਧਾਰ ਸ਼ਨਾਖ਼ਤੀ ਕਾਰਡਾਂ ਦੇ ਆਲੋਚਕਾਂ ਵੱਲੋਂ ਦਿੱਤੀਆਂ ਜਾ ਰਹੀਆਂ ਦਲੀਲਾਂ ਨੂੰ ਸ਼ੱਕ ਦੇ ਆਧਾਰ 'ਤੇ ਖਾਰਜ ਨਹੀਂ ਕੀਤਾ ਜਾ ਸਕਦਾ, ਕਿਉਂਕਿ ਲੌਬੀਇਸਟ ਨੀਰਾ ਰਾਡੀਆ ਨੂੰ ਲੋਕ ਅਜੇ ਭੁੱਲੇ ਨਹੀਂ ਹਨ ਜਿਹਦੇ ਫੋਨ ਕਈ ਮਹੀਨਿਆਂ ਤਕ ਟੈਪ ਹੁੰਦੇ ਰਹੇ ਸਨ ਤੇ ਉਨ੍ਹਾਂ 'ਤੇ ਹੋਈ ਗੱਲਬਾਤ ਨੂੰ ਅਪਰਾਧਿਕ ਤਰੀਕੇ ਨਾਲ ਜੱਗ-ਜ਼ਾਹਿਰ ਕਰ ਦਿੱਤਾ ਗਿਆ ਸੀ। ਭਾਰਤ ਵਿੱਚ ਸਰਕਾਰ ਆਪਣੇ ਨਾਗਰਿਕਾਂ ਦੇ ਫੋਨ ਟੈਪ ਕਰਦੀ ਹੈ ਤੇ ਮੁਕਰ ਜਾਂਦੀ ਹੈ, ਇਹ ਗੱਲ ਕਿਸੇ ਤੋਂ ਛੁਪੀ ਹੋਈ ਨਹੀਂ ਹੈ। ਕਾਨੂੰਨੀ ਤਰੀਕੇ ਨਾਲ ਸੰਸਥਾਈ ਅਮਲ ਰਾਹੀਂ ਇਕੱਠੇ ਕੀਤੇ ਦਸਤਾਵੇਜ਼ਾਂ ਉੱਤੇ ਵੀ ਨਾ ਤੇ ਸਰਕਾਰ ਦਾ ਕੋਈ ਕੰਟਰੋਲ ਹੈ ਤੇ ਨਾ ਹੀ ਕੋਈ ਜਵਾਬਦੇਹੀ। ਇੱਕੀਵੀਂ ਸਦੀ ਵਿੱਚ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਸਰਕਾਰ ਸੁਪਰੀਮ ਕੋਰਟ ਕੋਲ ਜੇ ਇਹ ਦਲੀਲ ਲੈ ਕੇ ਜਾਂਦੀ ਹੈ ਕਿ ਨਾਗਰਿਕ ਦੀ ਨਿੱਜਤਾ ਦਾ ਅਧਿਕਾਰ ਮੌਲਿਕ ਹੈ ਹੀ ਨਹੀਂ, ਉਹੀ ਸਰਕਾਰ ਆਪਣੇ ਨਾਗਰਿਕ ਤੋਂ ਇਹ ਤਵੱਕੋ ਕਿਵੇਂ ਰੱਖ ਸਕਦੀ ਹੈ ਕਿ ਉਹਦੇ ਉੱਤੇ ਕਲਿਆਣਕਾਰੀ ਹੋਣ ਜਾਂ ਸੁਰੱਖਿਆ ਦੀ ਗਾਰੰਟੀ ਦਾ ਯਕੀਨ ਕੀਤਾ ਜਾਏ।

1938 ਵਿੱਚ ਹਿਟਲਰ ਦੀ ਨਾਜ਼ੀ ਪਾਰਟੀ ਨੇ ਵੀ ਯਹੂਦੀਆਂ ਦੀ ਸ਼ਨਾਖਤ ਕਰਨ ਲਈ ਇਹੋ ਜਿਹੇ ਕਾਰਡ ਜਿਸ ਮਸ਼ੀਨ 'ਤੇ ਬਣਵਾਏ ਸਨ, ਉਹ ਹੁਣ ਵਾਸ਼ਿੰਗਟਨ ਡੀਸੀ ਦੇ ਅਜਾਇਬਘਰ ਵਿੱਚ ਪਈ ਹੋਈ ਹੈ। ਇਤਫ਼ਾਕ ਹੀ ਹੈ ਕਿ ਇਹ ਮਸ਼ੀਨ ਵੀ ਆਈਬੀਐੱਮ ਨੇ ਬਣਾਈ ਸੀ। ਜਿਸ ਮਸ਼ੀਨ 'ਤੇ ਆਧਾਰ ਸ਼ਨਾਖ਼ਤੀ ਕਾਰਡ ਬਣ ਰਹੇ ਹਨ, ਉਹ ਵੀ ਆਈਬੀਐੱਮ ਕੋਲੋਂ ਹੀ ਲਈ ਗਈ ਹੈ। ਇਸ ਤੱਥ ਦੀ ਅਣਦੇਖੀ ਕਿਵੇਂ ਕੀਤੀ ਜਾ ਸਕਦੀ ਹੈ ਜਿਸ ਬਾਰੇ ਕੁਝ ਸਾਲ ਪਹਿਲਾਂ ਰਾਜ ਸਭਾ ਵਿੱਚ ਸਮਾਜਵਾਦੀ ਨੇਤਾ ਕੇ.ਸੀ. ਤਿਆਗੀ ਨੇ ਵੀ ਕਿਹਾ ਸੀ ਕਿ ਜਿਨ੍ਹਾਂ ਤਿੰਨ ਕੰਪਨੀਆਂ ਦੇ ਹੱਥ ਵਿੱਚ ਆਧਾਰ ਕਾਰਡ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਹੈ, ਉਨ੍ਹਾਂ ਵਿੱਚੋਂ ਇੱਕ ਮੌਰਫੋ ਐੱਲਵਲ ਆਈਡੈਂਟਿਟੀ ਦਾ ਡਾਇਰੈਕਟਰ ਜੌਰਜ ਟੇਨੇਟ, ਅਮਰੀਕੀ ਖੁਫੀਆ ਏਜੰਸੀ ਸੀਆਈਏ ਦਾ ਵੀ ਡਾਇਰੈਕਟਰ ਹੈ। ਇਹਦੇ ਨਾਲ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਵੀ ਜੁੜੀ ਹੋਈ ਹੈ।

ਪਹਿਲਾਂ ਵੀ ਅਨੇਕਾਂ ਵਾਰੀ ਡੇਟਾ ਚੋਰੀ ਜਾਂ ਹੇਰਾ-ਫੇਰੀ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਸਰਕਾਰੀ ਤੇ ਗੈਰ ਸਰਕਾਰੀ ਸੇਵਾਵਾਂ ਵਿੱਚ ਆਧਾਰ ਕਾਰਡ ਨੂੰ ਲਾਜ਼ਮੀ ਬਣਾਉਣ ਲਈ ਲਗਾਤਾਰ ਜ਼ੋਰ ਦਿੱਤਾ ਜਾ ਰਿਹਾ ਹੈ। ਅਦਾਲਤੀ ਆਦੇਸ਼ਾਂ ਦੇ ਬਾਅਦ ਇਹਨੂੰ ਲਾਜ਼ਮੀ ਬਣਾਉਣ ਦਾ ਸਮਾਂ 31 ਮਾਰਚ ਤਕ ਵਧਾ ਦਿੱਤਾ ਗਿਆ ਹੈ। ਦੇਖਣਾ ਦਿਲਚਸਪ ਹਵੇਗਾ ਕਿ ਫੜ੍ਹਾਂ ਮਾਰ ਮਾਰ ਕੇ ਹੰਭੀ ਹੋਈ ਸਰਕਾਰ ਆਧਾਰ ਡੇਟਾ ਦੀ ਦੁਰਵਰਤੋਂ ਅਤੇ ਡੇਟਾ ਲੀਕ ਹੋਣ ਦੀ ਪੋਲ ਖੁੱਲ੍ਹ ਜਾਣ ਦੇ ਬਾਅਦ ਕਿਸ ਤਰ੍ਹਾਂ ਦੀਆਂ ਦਲੀਲਾਂ ਪੇਸ਼ ਕਰਦੀ ਹੈ। ਦਬਾਅ ਹੇਠ ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਬੇਸ਼ੱਕ ਸਮਾਂ ਲੰਘਾਉਣ ਲਈ ਦੋ ਕਦਮ ਪਿੱਛੇ ਹਟ ਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਪੱਖ ਵਿੱਚ ਖੜ੍ਹੇ ਹੋਣ ਦਾ ਦਾਅਵਾ ਕਰ ਰਹੇ ਹੋਣ ਪਰ ਸੱਚ ਤਾਂ ਇਹ ਵੀ ਹੈ ਕਿ ਐਫਆਈਆਰ ਵਿੱਚੋਂ ਰਚਨਾ ਖਹਿਰਾ ਤੇ ਦਿ ਟ੍ਰਿਬਿਊਨ' ਦਾ ਨਾਂ ਹਟਾਇਆ ਨਹੀਂ ਗਿਆ ਹੈ। ਦਰਅਸਲ, ਸਰਕਾਰ ਵੱਲੋਂ ਆਧਾਰ ਸ਼ਨਾਖ਼ਤੀ ਕਾਰਡ ਦੀ ਲਾਜ਼ਮੀਅਤ ਰਾਹੀਂ ਮਨੁੱਖ ਹੋਣ ਦੇ ਦਾਇਰੇ ਨੂੰ ਸੀਮਿਤ ਕਰਨ ਲਈ ਹੀ ਇਹ ਸਾਰੀ ਕਵਾਇਦ ਹੋ ਰਹੀ ਹੈ। ਇਹਦੇ ਵਿੱਚ ਪੱਤਰਕਾਰ ਜੇ ਅੜਿੱਕਾ ਖੜ੍ਹਾ ਕਰਦੇ ਹਨ ਤਾਂ ਉਨ੍ਹਾਂ ਨੂੰ ਐਫਆਈਆਰ ਦਰਜ ਕਰਕੇ ਡਰਾਉਣਾ ਪੁਰਾਣਾ ਸਰਕਾਰੀ ਹਥਕੰਡਾ ਹੈ ਤੇ ਇਹ ਹਥਕੰਡਾ ਮੋਦੀ ਸਰਕਾਰ ਬੜੇ ਖੁੱਲ੍ਹੇ ਦਿਲ ਨਾਲ ਵਰਤ ਰਹੀ ਹੈ।

'ਲੇਖਕ ਸੀਨੀਅਰ ਪੱਤਰਕਾਰ ਤੇ ਫਿਲਮਸਾਜ਼ ਹੈ




## Classified


### ਵਰ ਦੀ ਜ਼ਰੂਰਤ

ਰਾਮਦਾਸੀਆ ਸਿੱਖ ਉਮਰ 25 ਸਾਲ ਕੱਦ 5’-3’, ਐਮ.ਬੀ.ਬੀ.ਐਸ. ਜੋ ਕਿ ਚੰਡੀਗੜ੍ਹ (ਭਾਰਤ) ਵਿਚ ਇਸ ਵੇਲੇ ’ਚ ਮੈਕਸ ਹਸਪਤਾਲ ਵਿਚ ਡਾਕਟਰ ਵਜੋਂ ਕੰਮ ਕਰ ਰਹੀ ਹੈ, ਲਈ ਅਮਰੀਕਾ ਜਾਂ ਕੈਨੇਡਾ ਵਿਚ ਸੈਟਲ ਯੋਗ ਵਰ ਦੀ ਜ਼ਰੂਰਤ ਹੈ।

ਸੰਪਰਕ ਕਰੋ : +1-323-695-1170

Email: Baloch.pup2k@hotmail.com,
varindersingh54@gmail.com

### Groom WANTED

California based Jatt Sikh family seek an equally qualified match for U.S. citizen girl. 27 years old, 5’2”, Software Engineer. Boy must be U.S. citizen from California or willing to move to California.

Contact: bsinghs408@gmail.com

### ਵਰ ਦੀ ਲੋੜ

**ਜੱਟ ਸਿੱਖ ਧਾਮੀ ਉਮਰ 24 ਸਾਲ 5’ 7” MSC B.Ed. ਲੜਕੀ ਇੰਡੀਆ ਵਿਚ ਰਹਿੰਦੀ ਲਈ ਅਮਰੀਕਾ ਜਾਂ ਕੈਨੇਡਾ ਤੋਂ ਇੰਮੀਗਰਾਂਟ ਤੇ ਯੋਗ ਲੜਕੇ ਦੀ ਲੋੜ ਹੈ ਸਾਰਾ ਪਰਿਵਾਰ ਅਮਰੀਕਾ ਸੈੱਟ ਹੈ।**

**ਹੋਰ ਜਾਣਕਾਰੀ ਲਈ ਸੰਪਰਕ ਫੋਨ ਨੰਬਰ**

**916-813-6863**

### Bride WANTED

Jat Sikh boy. B. Tech. Doing Master of Computer Science from NYIT New York. Height 6’4”. Well educated family Father professor. Mother math teacher in Govt school. Boy now in USA on study visa. Please contact @559-312-4428 or 001919872499741

Jat Sikh Dhillon, 24 years, 6’-3”, clean-shaven, handsome, doing M. Tech. Civil Canada, seeks working, beautiful, professionally qualified, above 5’-5” girl preferably from India, US or Canada. Boy owns large urban and rural property and is the son of Class 1 Officer. Contact : 70099-51163 or 9646114506 and erdhillonpseb@gmail.com .

Jatt sikh parents seeking suitable match for their handsome son residing in India, 26 years, 6’ 3” tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA. Preferred well-qualified tall beautiful girl from USA. Email - navneetbhandal@gmail.com Phone - 916-992-4538

### Indian Restaurant for Rent

Highly profitable Indian restaurant in Glendale with consistent Sales and profit grossing over 600K yearly. Low rent Current owners for 13 years retiring.

Contact : 818-472-3927


## ਖੰਡ ਮਿਲਾਂ ਦਾ ਮਾਲਕ ਰੇਤੇ ਉੱਤੇ ਡਿੱਗਿਆ

ਸਨ ਕਿ ਉਨ੍ਹਾਂ ਨੇ ਆਪਣੇ ਖਾਨਸਾਮੇ ਸਮੇਤ ਹੋਰਨਾਂ ਦੇ ਨਾਂ ’ਤੇ ਰੇਤ ਖੱਡਾਂ ਲਈਆਂ ਹਨ। ਦਿ ਟ੍ਰਿਬਿਊਨ ਪ੍ਰਕਾਸ਼ਨ ਸਮੂਹ’ ਨੇ ਇਨ੍ਹਾਂ ਮਾਮਲਿਆਂ ਨੂੰ ਪੂਰੇ ਜ਼ੋਰ ਸ਼ੋਰ ਨਾਲ ਉਭਾਰਿਆ ਸੀ। ਇਸ ਮਾਮਲੇ ਨੂੰ ਲੈ ਕੇ ਪਏ ਰੌਲਾ ਰੱਪੇ ਕਰਕੇ ਅਖੀਰ ਕੈਪਟਨ ਸਰਕਾਰ ਨੂੰ ਇਸ ਸਾਰੇ ਮਾਮਲੇ ਦੀ ਜਸਟਿਸ ਨਾਰੰਗ ਕੋਲੋਂ ਜਾਂਚ ਕਰਵਾਉਣੀ ਪਈ ਸੀ। ਕਮਿਸ਼ਨ ਦੀ ਰਿਪੋਰਟ ਮਗਰੋਂ ਵੀ ਇਹ ਮਾਮਲਾ ਠੰਢਾ ਨਹੀਂ ਪਿਆ ਤੇ ਵਿਰੋਧੀ ਪਾਰਟੀਆਂ ਨੇ ਰਾਣਾ ਦੇ ਅਸਤੀਫੇ ਦੀ ਮੰਗ ਜਾਰੀ ਰੱਖੀ। ਰੇਤੇ ਖੱਡਾਂ ਦੀ ਨਿਲਾਮੀ ਦਾ ਮਾਮਲਾ ਬੇਪਰਦ ਹੋਣ ਪਿੱਛੋਂ ਈਡੀ ਨੇ ਰਾਣਾ ਦੇ ਲੜਕੇ ਨੂੰ ਵਿਦੇਸ਼ਾਂ ਵਿੱਚ ਕਥਿਤ ਗੈਰਕਾਨੂੰਨੀ ਫੰਡ ਇਕੱਠੇ ਕਰਨ ਦੇ ਦੋਸ਼ਾਂ ਵਿੱਚ ਸੰਮਨ ਜਾਰੀ ਕਰ ਦਿੱਤੇ। ਇਸ ਨਾਲ ਮਾਮਲੇ ਨੇ ਹੋਰ ਤੂਲ ਫੜ ਲਈ।

ਇਸ ਦੌਰਾਨ ਠੇਕੇਦਾਰ ਗੁਰਿੰਦਰ ਸਿੰਘ ਕੋਲੋਂ ਪੰਜ ਕਰੋੜ ਰੁਪਏ ਲੈਣ ਦਾ ਮਾਮਲਾ ਸਾਹਮਣੇ ਆਇਆ ਸੀ ਤੇ ਠੇਕੇਦਾਰ ਸਿੰਜਾਈ ਵਿਭਾਗ ਵਿੱਚ ਇਕ ਹਜ਼ਾਰ ਕਰੋੜ ਰੁਪਏ ਦੇ ਘਪਲੇ ਦੇ ਦੋਸ਼ਾਂ ਤਹਿਤ ਵਿਜੀਲੈਂਸ ਬਿਊਰੋ ਦੀ ਹਿਰਾਸਤ ਵਿੱਚ ਹੈ। ਇਸ ਠੇਕੇਦਾਰ ਨੇ ਰੇਤੇ ਦੀਆਂ ਖੱਡਾਂ ਲੈਣ ਲਈ ਕਥਿਤ ਪੈਸੇ ਦਿੱਤੇ ਸਨ ਤੇ ਇਸ ਵਿੱਚੋਂ ਕੁਝ ਪੈਸਾ ਮੰਤਰੀ ਦੇ ਨੌਕਰਾਂ ਕੋਲ ਵੀ ਪਹੁੰਚਿਆ, ਜਿਹੜਾ ਖੱਡਾਂ ਲੈਣ ਲਈ ਵਰਤਿਆ ਗਿਆ। ਸੂਤਰਾਂ ਮੁਤਾਬਕ ਇਹ ਮਾਮਲਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਧਿਆਨ ਵਿੱਚ ਆਉਣ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਗਰਾ ਵਿੱਚ ਸਰਦੀ ਦੀਆਂ ਛੁੱਟੀਆਂ ਕੱਟ ਰਹੇ ਸਨ। ਉਨ੍ਹਾਂ ਦੇ ਵਾਪਸ ਆਉਂਦਿਆਂ ਹੀ ਹਾਈਕਮਾਂਡ ਨੇ ਰਾਣਾ ਕੋਲੋਂ ਅਸਤੀਫਾ ਲੈਣ ਲਈ ਕੈਪਟਨ ’ਤੇ ਦਬਾਅ ਪਾਇਆ।

### ਕੈਪਟਨ ਨੇ ਕੀਤੀ ਅਸਤੀਫ਼ਾ ਮਿਲਣ ਦੀ ਪੁਸ਼ਟੀ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਣਾ ਗੁਰਜੀਤ ਤੋਂ ਅਸਤੀਫ਼ਾ ਲਏ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਮੰਤਰੀ ਦਾ ਅਸਤੀਫਾ 4 ਜਨਵਰੀ ਨੂੰ ਹੀ ਮਿਲ ਗਿਆ ਸੀ, ਜਿਸ ਬਾਰੇ ਅਜੇ ਤਕ ਕੋਈ ਫੈਸਲਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਫ਼ਿਲਹਾਲ ਰਾਣਾ ਗੁਰਜੀਤ ਮੰਤਰੀ ਵਜੋਂ ਕੰਮਕਾਜ ਕਰਦੇ ਰਹਿਣਗੇ। ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਦਾ ਇਕ ਹਿੱਸਾ ਕੈਬਨਿਟ ਮੰਤਰੀ ਦੇ ਅਸਤੀਫੇ ਨੂੰ ਪ੍ਰਵਾਨ ਕਰਨ ਦੇ ਹੱਕ ਵਿੱਚ ਹੈ, ਕਿਉਂਕਿ ਇਸ ਨਾਲ ਸਰਕਾਰ ਤੇ ਪਾਰਟੀ ਦੀ ਸਾਖ਼ ਨੂੰ ਧੱਕਾ ਲੱਗਾ ਹੈ। ਇਸ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ,ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪੰਜਾਬ ਕਾਂਗਰਸ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ, ਸਹਾਇਕ ਇੰਚਾਰਜ ਹਰੀਸ਼ ਚੌਧਰੀ ਦੀ 17 ਜਨਵਰੀ ਨੂੰ ਨਵੀਂ ਦਿੱਲੀ ਵਿੱਚ ਮੀਟਿੰਗ ਹੋਵੇਗੀ ਜਿਸ ਵਿੱਚ ਤਿੰਨ ਨਗਰ ਨਿਗਮਾਂ ਦੇ ਮੇਅਰਾਂ ਸਮੇਤ 32 ਮਿਉਂਸਿਪਲ ਕਮੇਟੀਆਂ ਅਤੇ ਨਗਰ ਕੌਂਸਲਾਂ ਦੇ ਚੇਅਰਮੈਨਾਂ ਦੇ ਨਾਵਾਂ ਦਾ ਫੈਸਲਾ ਕੀਤਾ ਜਾਵੇਗਾ।

### ਰੇਤ ਖੱਡਾਂ ’ਚ ਰਾਣਾ ਦੀ ਸ਼ਮੂਲੀਅਤ ਦਾ ਮਾਮਲਾ

ਦਿ ਟ੍ਰਿਬਿਊਨ ਨੇ ਇਨ੍ਹਾਂ ਕਾਲਮਾਂ ਵਿੱਚ 25 ਮਈ 2017 ਨੂੰ ਛਪੀ ਆਪਣੀ ਇਕ ਖੋਜੀ ਰਿਪੋਰਟ ਰਾਹੀਂ ਖੁਲਾਸਾ ਕੀਤਾ ਸੀ ਕਿ ਕਿਵੇਂ ਸਿੰਜਾਈ ਮੰਤਰੀ ਰਾਣਾ ਗੁਰਜੀਤ ਸਿੰਘ ਦੇ ਚਾਰ ਸਾਬਕਾ ਮੁਲਾਜ਼ਮਾਂ ਨੇ ਨਿਲਾਮੀ ਰਾਹੀਂ ਰੇਤ ਖੱਡਾਂ ਹਾਸਲ ਕੀਤੀਆਂ। ਰਾਣਾ ਗੁਰਜੀਤ ਦੇ ਖਾਨਸਾਮੇ ਅਮਿਤ ਬਹਾਦਰ ਨੂੰ 26.51 ਕਰੋੜ ਰੁਪਏ ’ਚ ਨਵਾਂਸ਼ਹਿਰ ਦੇ ਪਿੰਡ ਸੈਦਪੁਰ ਖੁਰਦ ਵਿੱਚ, ਡਿਪਟੀ ਜਨਰਲ ਮੈਨੇਜਰ ਕੁਲਵਿੰਦਰ ਪਾਲ ਸਿੰਘ ਨੂੰ 9.21 ਕਰੋੜ ’ਚ ਮਹਿਦੀਪੁਰ ਵਿੱਚ, ਗੁਰਿੰਦਰ ਸਿੰਘ ਨੂੰ ਮੁਹਾਲੀ ਜ਼ਿਲ੍ਹੇ ਦੇ ਰਾਮਪੁਰ ਕਲਾਂ ਪਿੰਡ ਵਿੱਚ 4.11 ਕਰੋੜ ਵਿੱਚ ਤੇ ਬਲਰਾਜ ਸਿੰਘ ਨੂੰ ਨਵਾਂਸ਼ਹਿਰ ਦੇ ਬੇਰਸਾਲ ਪਿੰਡ ਵਿੱਚ 10.58 ਕਰੋੜ ਦੀ ਬੋਲੀ ਦੇ ਕੇ ਰੇਤ ਖੱਡਾਂ ਮਿਲੀਆਂ। ਮੰਤਰੀ ਨੇ ਹਾਲਾਂਕਿ ਦਾਅਵਾ ਕੀਤਾ ਸੀ ਕਿ ਉਪਰੋਕਤ ਸਾਰੇ ਉਸ ਦੇ ਸਾਬਕਾ ਮੁਲਾਜ਼ਮ ਸਨ ਤੇ ਰੇਤ ਖੱਡਾਂ ਦੀ ਬੋਲੀ ਤੋਂ ਪਹਿਲਾਂ ਉਸ ਤੋਂ ਵੱਖ ਹੋ ਗਏ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਨੇ ਰਿਪੋਰਟ ਦਾ ਨੋਟਿਸ ਲੈਂਦਿਆਂ ਜਸਟਿਸ ਜੇ.ਐਸ.ਨਾਰੰਗ ਦੀ ਅਗਵਾਈ ਵਿੱਚ ਇਕ ਮੈਂਬਰੀ ਕਮਿਸ਼ਨ ਨੂੰ ਮਾਮਲੇ ਦੀ ਜਾਂਚ ਸੌਂਪ ਦਿੱਤੀ। ਕਮਿਸ਼ਨ ਨੇ ਆਪਣੀ ਪੜਤਾਲ ਦੌਰਾਨ ਕਈ ਅਹਿਮ ਸਬੂਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਮੰਤਰੀ ਨੂੰ ਕਲੀਨ ਚਿੱਟ ਦੇ ਦਿੱਤੀ।

### ਤਿੱਥਵਾਰ ਵੇਰਵਾ

19 ਤੇ 20 ਮਈ :94 ਰੇਤ ਤੇ ਬਜਰੀ ਖੱਡਾਂ ਲਈ ਈ-ਨਿਲਾਮੀ ਹੋਈ

25 ਮਈ : ’ਦਿ ਟ੍ਰਿਬਿਊਨ’ ਵੱਲੋਂ ਮੰਤਰੀ ਦਾ ਖਾਨਸਾਮਾ ਬਣਿਆ 26 ਕਰੋੜ ਦੀ ਰੇਤ ਖੱਡ ਦਾ ਮਾਲਕ’ ਸਿਰਲੇਖ ਹੇਠ ਖ਼ਬਰ ਨਸ਼ਰ

29 ਮਈ : ਮੁੱਖ ਮੰਤਰੀ ਪੰਜਾਬ ਵੱਲੋਂ ਰਾਣਾ ਗੁਰਜੀਤ ਖ਼ਿਲਾਫ਼ ਲੱਗੇ ਦੋਸ਼ਾਂ ਦੀ ਜਾਂਚ ਲਈ ਜੁਡੀਸ਼ਲ ਜਾਂਚ ਦੇ ਹੁਕਮ, ਜਸਟਿਸ ਜੇ.ਐਸ.ਨਾਰੰਗ ਦੀ ਅਗਵਾਈ ਹੇਠ ਇਕ ਮੈਂਬਰੀ ਜੁਡੀਸ਼ਲ ਕਮਿਸ਼ਨ ਕਾਇਮ, ਆਪ ਨੇ ਜਸਟਿਸ ਨਾਰੰਗ ਦੀ ਨਿਰਪੱਖਤਾ ’ਤੇ ਉਠਾਏ ਸਵਾਲ: ਮਈ 30 ਦਿ ਟ੍ਰਿਬਿਊਨ ਨੇ ਆਪਣੀ ਰਿਪੋਰਟ ’ਚ ਖੁਲਾਸਾ ਕੀਤਾ ਕਿ ਰੇਤ ਖੱਡਾਂ ਹਾਸਲ ਕਰਨ ਵਾਲਾ ਖਾਨਸਾਮਾ ਅਮਿਤ ਬਹਾਦਰ ਤੇ ਇਕ ਹੋਰ ਮੁਲਾਜ਼ਮ ਬਲਰਾਜ ਸਿੰਘ ਰਾਣਾ ਗੁਰਜੀਤ ਦੀਆਂ ਤਿੰਨ ਕੰਪਨੀਆਂ ’ਚ ਡਾਇਰੈਕਟਰ ਹਨ। ਈਡੀ ਤੇ ਆਮਦਨ ਕਰ ਵਿਭਾਗ ਹਰਕਤ ’ਚ ਆਏ ਤੇ ਮੰਤਰੀ ਦੇ ਬੈਂਕ ਖਾਤਿਆਂ ਦੀ ਡਿਟੇਲ ਮੰਗੀ।

15 ਜੂਨ : ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਇਸ ਮੁੱਦੇ ਨੂੰ ਲੈ ਕੇ ਪਿਆ ਰੌਲਾ ਰੱਪਾ, ਆਪ ਤੇ ਲੋਕ ਇਨਸਾਫ਼ ਪਾਰਟੀ ਦੇ ਆਗੂ ਸੈਸ਼ਨ ’ਚੋਂ ਮੁਅੱਤਲ ਜੁਲਾਈ 12 ਸਰਕਾਰ ਨੇ ਮੰਤਰੀ ਦੇ ਮੁਲਾਜ਼ਮਾਂ ਨੂੰ ਖੱਡਾਂ ਦੀ ਅਲਾਟਮੈਂਟ ’ਤੇ ਰੋਕ ਲਾਈ 10 ਅਗਸਤ : ਜਸਟਿਸ ਨਾਰੰਗ ਨੇ ਰਾਣਾ ਗੁਰਜੀਤ ਨੂੰ ਕਲੀਟ ਚਿੱਟ ਦਿੰਦੀ ਰਿਪੋਰਟ ਸੌਂਪੀ।

ਸਾਲ 2018:

2 ਜਨਵਰੀ : ਦਿ ਟ੍ਰਿਬਿਊਨ ਨੇ ਖੁਲਾਸਾ ਕੀਤਾ ਕਿ ਰਾਣਾ ਗੁਰਜੀਤ ਦੇ ਖਾਨਸਾਮੇ ਨੇ ਹੋਰ ਵੀ ਕਈ ਖੱਡਾਂ ਹਾਸਲ ਕੀਤੀਆਂ

4 ਜਨਵਰੀ : ਦਿ ਟ੍ਰਿਬਿਊਨ ਨੇ ਦੱਸਿਆ ਕਿ ਕਿਵੇਂ ਰਾਣਾ ਦੇ ਇਕ ਹੋਰ ਮੁਲਾਜ਼ਮ ਬਲਰਾਜ ਸਿੰਘ ਨੇ ਖਣਨ ਵਿੰਗ ਨੂੰ ਦੱਸੇ ਰਿਹਾਇਸ਼ੀ ਪਤੇ ’ਤੇ ਰਾਣਾ ਸ਼ੂਗਰਜ਼ ਮਿਲ ਦਾ ਸਿਰਨਾਵਾ ਲਿਖਵਾਇਆ।

6 ਜਨਵਰੀ : ਟ੍ਰਿਬਿਊਨ ਨੇ ਦੱਸਿਆ ਕਿ ਈਡੀ ਨੇ ਰਾਣਾ ਗੁਰਜੀਤ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਵਿਦੇਸ਼ ਵਿੱਚ ਗੈਰਕਾਨੂੰਨੀ ਤਰੀਕੇ ਨਾਲ ਇਕੱਤਰ ਕੀਤੇ 100 ਕਰੋੜ ਰੁਪਏ ਦੇ ਦੋਸ਼ ’ਚ ਸੰਮਨ ਜਾਰੀ ਕੀਤਾ।

### ਕੁਝ ਹੋਰ ਅਹਿਮ ਤੱਥ

ਰੇਤੇ ਦੀਆਂ ਖੱਡਾਂ ਦੀ ਨਿਲਾਮੀ

ਰੇਤੇ ਦੀਆਂ ਖੱਡਾਂ ਦੀ ਨਿਲਾਮੀ ਦੇ ਮਾਮਲੇ ਵਿੱਚ ਸਭ ਤੋਂ ਪਹਿਲਾ ਨਾਂ ਰਾਣਾ ਗੁਰਜੀਤ ਸਿੰਘ ਦਾ ਹੈ।

ਉਨ੍ਹਾਂ ਦੇ ਰਸੋਈਏ ਅਮਿਤ ਬਹਾਦਰ ਨੇ 26 ਕਰੋੜ ਰੁਪਏ ਦੀ ਬੋਲੀ ਦੇ ਕੇ ਰੇਤੇ ਦੀ ਖੱਡ ਖਰੀਦੀ ਸੀ।

ਹਾਲਾਂ ਕਿ ਰਾਣਾ ਗੁਰਜੀਤ ਦੇ ਮੁਲਾਜ਼ਮ ਰਹੇ ਤਿੰਨ ਵਿਅਕਤੀਆਂ ਵੱਲੋਂ ਲਈਆਂ ਗਈਆਂ ਰੇਤੇ ਦੀਆਂ ਖੱਡਾਂ ਵਿਚੋਂ ਅੱਜ ਤੱਕ ਮਾਈਨਿੰਗ ਨਹੀਂ ਹੋਈ ਹੈ।

### ਕਮਿਸ਼ਨ ਦਾ ਗਠਨ

ਰਾਣਾ ਗੁਰਜੀਤ ਸਿੰਘ ਉਹ ਪਹਿਲੇ ਮੰਤਰੀ ਹਨ ਜਿਨ੍ਹਾਂ ਉਤੇ ਲੱਗੇ ਇਲਜ਼ਾਮਾਂ ਦੀ ਜਾਂਚ ਲਈ ਮੁੱਖ ਮੰਤਰੀ ਨੂੰ ਜਸਟਿਸ ਨਾਰੰਗ ਕਮਿਸ਼ਨ ਬਣਾਉਣਾ ਪਿਆ ਸੀ। ਰਿਪੋਰਟ ਭਾਵੇ ਅਜੇ ਜਨਤਕ ਨਹੀਂ ਹੋਈ ਪਰ ਕਿਹਾ ਜਾਂਦਾ ਹੈ ਕਿ ਰਾਣਾ ਗੁਰਜੀਤ ਸਿੰਘ ਨੂੰ ਕਲੀਨ ਚਿੱਟ ਮਿਲ ਗਈ ਹੈ। ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਕਲੀਨ ਚਿੱਟ ਮਿਲਣ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਇਹ ਰਿਪੋਰਟ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਪਈ ਹੈ।

### ਸਿੰਜਾਈ ਵਿਭਾਗ ਦੇ ਠੇਕੇਦਾਰ ਦਾ ਮਾਮਲਾ

ਰਾਣਾ ਗੁਰਜੀਤ ਸਿੰਘ ਦੇ ਸਿੰਜਾਈ ਵਿਭਾਗ ਦੇ ਇੱਕ ਠੇਕੇਦਾਰ ਗੁਰਿੰਦਰ ਸਿੰਘ, ਜਿਹੜਾ ਸਰਕਾਰੀ ਕੰਮਾਂ ਦੇ ਕਰੋੜਾਂ ਰੁਪਏ ਘਪਲੇ ਦੇ ਦੋਸ਼ਾਂ ਹੇਠ ਜੇਲ੍ਹ ’ਚ ਹੈ, ਬੱਲੋਂ ਰਾਣਾ ਸ਼ੂਗਰ ਮਿਲ ਲਿਮਿਟਿਡ ਦੇ ਸੀ.ਏ ਨੂੰ ਪੰਜ ਕਰੋੜ ਰੁਪਏ ਦੀ ਰਾਸ਼ੀ ਦੇਣ ਦਾ ਮਾਮਲਾ ਸਾਹਮਣਾ ਆਇਆ। ਇਸ ਮਗਰੋਂ ਮੀਡੀਆ ਵਿੱਚ ਦੋਸ਼ ਲੱਗਣ ਵਾਲੀਆਂ ਇਹ ਖਬਰਾਂ ਆਈਆਂ ਸਨ ਕਿ ਮੰਤਰੀ ਨੇ ਰੇਤੇ ਦੀਆਂ ਖੱਡਾਂ ਲਈ ਪੈਸੇ ਲਏ ਸਨ। ਰਾਣਾ ਗੁਰਜੀਤ ਸਿੰਘ ਨੇ 30 ਦਸੰਬਰ 2017 ਨੂੰ ਪ੍ਰੈਸ ਕਾਨਫਰੰਸ ਕਰਕੇ ਦਾਅਵਾ ਕੀਤਾ ਸੀ ਕਿ ਉਨ੍ਹਾਂ ਪੈਸਿਆਂ ਨਾਲ ਮੇਰਾ ਕੋਈ ਸਬੰਧ ਨਹੀਂ ਹੈ। ਉਨ੍ਹਾਂ ਕਿਹਾ ਸੀ ਕਿ ਸੀ.ਏ ਦੇ ਹੋਰ ਵੀ ਗਾਹਕ ਹਨ ਜਿਹੜੇ ਕੰਮ ਕਰਵਾਉਂਦੇ ਹਨ ਉਸੇ ਤਰ੍ਹਾਂ ਉਹ ਸਾਡਾ ਵੀ ਸੀ.ਏ. ਹੈ।

### ਕੈਪਟਨ ਨੂੰ ਚਿੱਠੀ

ਸਰਕਾਰ ਬਣਨ ਦੇ 27 ਦਿਨਾਂ ਬਾਅਦ ਰਾਣਾ ਗੁਰਜੀਤ ਸਿੰਘ ਨੇ ਹਰੀਕੇ ਪੱਤਣ ਦਾ ਦੌਰਾ ਕੀਤਾ ਸੀ। ਰਾਣਾ ਨੇ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਸੀ ਕਿ ਸਿੰਜਾਈ ਵਿਭਾਗ ਵਿੱਚ ਹੋਈਆਂ ਬੇਨਿਯਮੀਆਂ ਦੀ ਜਾਂਚ ਕਰਵਾਈ ਜਾਵੇ।ਪਰ ਰਾਣਾ ਗੁਰਜੀਤ ਸਿੰਘ ਵੱਲੋਂ ਮੀਡੀਆ ਨੂੰ ਵੰਡੇ ਪੱਤਰ ਉਤੇ ਨਾ ਤਾਂ ਰਾਣਾ ਗੁਰਜੀਤ ਸਿੰਘ ਦੇ ਦਸਤਖਤ ਸਨ ਤੇ ਨਾ ਹੀ ਇਸ ਪੱਤਰ ਤੋਂ ਸਾਬਤ ਹੁੰਦਾ ਸੀ ਕਿ ਇਹ ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖਿਆ ਗਿਆ ਹੈ।

### ਸ਼ਾਮਲਾਟ ਜ਼ਮੀਨ ਦਾ ਮਾਮਲਾ

ਰਾਣਾ ਗੁਰਜੀਤ ਇਹ ਵੀ ਇਲਜ਼ਾਮ ਹੈ ਕਿ ਉਨ੍ਹਾਂ ਨੇ ਚੰਡੀਗੜ੍ਹ ਨੇੜਲੇ ਪਿੰਡ ਸਿਉਂਕ ਦੀ 147 ਕਨਾਲ ਸ਼ਾਮਲਾਟ ਜ਼ਮੀਨ ਆਪਣੇ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਂ ਕਰਵਾ ਦਿੱਤੀ ਸੀ।ਪੰਜਾਬ ਵਿਧਾਨ ਸਭਾ ਨੇ 2007 ਵਿੱਚ ਈਸਟ ਪੰਜਾਬ ਕਨਸੋਲੀਡੇਟ ਐਕਟ 2007 ਪਾਸ ਕੀਤਾ ਜਿਸ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਕਿਸੇ ਵੀ ਸ਼ਾਮਲਾਟ ਜ਼ਮੀਨ ਦੀ ਕਿਸਮ ਨੂੰ ਨਹੀਂ ਬਦਲਿਆ ਜਾ ਸਕਦਾ।

ਈਡੀ ਵਲੋਂ ਪੁੱਤਰ ਤਲਬ

ਰਾਣਾ ਗੁਰਜੀਤ ਸਿੰਘ ਦੇ ਪੁੱਤਰ ਰਾਣਾ ਇੰਦਰ ਪ੍ਰਤਾਪ ਸਿੰਘ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ) ਨੇ 100 ਕਰੋੜ ਦੇ ਮਾਮਲੇ ਵਿੱਚ ਫੇਮਾ (ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ) ਦੀ ਉਲੰਘਣਾ ਦੇ ਮਾਮਲੇ ਵਿੱਚ 17 ਜਨਵਰੀ ਨੂੰ ਤਲਬ ਕੀਤਾ ਹੈ। ਇਲਜ਼ਾਮ ਹੈ ਕਿ ਉਨ੍ਹਾਂ ਨੇ ਵਿਦੇਸ਼ਾਂ ਵਿੱਚ ਆਪਣੇ ਸ਼ੇਅਰ ਫਲੋਟ ਕੀਤੇ ਸੀ। ਇਸ ਦੇ ਲਈ ਭਾਰਤੀ ਰਿਜ਼ਰਵ ਬੈਂਕ ਅਤੇ ਸੇਬੀ ਦੀ ਪ੍ਰਵਾਨਗੀ ਨਹੀਂ ਸੀ ਲਈ ਗਈ।ਇਸ ਨੂੰ ਫੌਰਨ ਐਕਸਚੇਂਜ ਮੈਨੇਜਮੈਂਟ ਐਕਟ (ਫੇਮਾ) ਦੀ ਉਲੰਘਣਾ ਮੰਨਦਿਆਂ ਹੀ ਈ.ਡੀ ਨੇ ਰਾਣਾ ਗੁਰਜੀਤ ਸਿੰਘ ਦੇ ਪੁੱਤਰ ਰਾਣਾ ਇੰਦਰਪ੍ਰਤਾਪ ਸਿੰਘ ਨੂੰ ਤਲਬ ਕੀਤਾ ਹੈ। ਇਨ੍ਹਾਂ ਵਿਵਾਦਾਂ ਉਤੇ ਰਾਣਾ ਗੁਰਜੀਤ ਸਿੰਘ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

## ਰਾਣਾ ਦਾ ਅਸਤੀਫਾ ਆਪ ਦੀ ਜਿੱਤ : ਖਹਿਰਾ

ਦਾ ਫੰਡ ਮੈਨੇਜਰ ਹੈ ਅਤੇ ਕਰੋੜਾਂ ਰੁਪਏ ਦਾ ਫੰਡ ਕੈਪਟਨ ਆਪਣੇ ਇਸ ਮੰਤਰੀ ਤੋਂ ਲੈਂਦਾ ਹੈ। ਇਹੀ ਕਾਰਨ ਹੈ ਕਿ ਕੈਪਟਨ ਇਸ ਉਤੇ ਤੇ ਐਕਸ਼ਨ ਨਹੀਂ ਲੈ ਰਿਹਾ।

ਖਹਿਰਾ ਨੇ ਕਿਹਾ ਕਿ ਕੈਪਟਨ ਰਾਣਾ ਗੁਰਜੀਤ ਸਿੰਘ ਖਿਲਾਫ ਕਾਰਵਾਈ ਨਾ ਕਰਕੇ ਭ੍ਰਿਸ਼ਟਾਚਾਰ ਨੂੰ ਬੜਾਵਾ ਦੇ ਰਹੇ ਹਨ। ਜਦਕਿ ਹੁਣ ਨਵੇਂ ਬਣੇ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਲਈ ਇਮਤਿਹਾਨ ਦੀ ਘੜੀ ਹੈ ਅਤੇ ਦੇਖਣਾ ਹੋਵੇਗਾ ਕਿ ਰਾਹੁਲ ਵੀ ਕੈਪਟਨ ਵਾਂਗ ਭ੍ਰਿਸ਼ਟਾਚਾਰ ਨੂੰ ਪ੍ਰਮੋਟ ਕਰਦੇ ਹਨ ਜਾਂ ਅਜਿਹੇ ਦਾਗੀ ਆਗੂ ਖਿਲਾਫ ਕਾਰਵਾਈ ਕਰਦੇ ਹਨ। ਖਹਿਰਾ ਨੇ ਕਿਹਾ ਕਿ ਰੇਤ ਨਿਲਾਮੀ ਖੱਡ ਮਾਮਲੇ ਦੀ ਜਾਂਚ ਕਰਨ ਲਈ ਬਣਾਇਆ ਗਿਆ ਨਾਰੰਗ ਕਮਿਸ਼ਨ ਵੀ ਮਰਜ਼ੀ ਨਾਲ ਬਣਾਇਆ ਗਿਆ ਸੀ। ਰਾਣਾ ਗੁਰਜੀਤ ਸਿੰਘ ਦੇ ਜਸਟਿਸ ਨਾਰੰਗ ਨਾਲ ਪਰਿਵਾਰਕ ਰਿਸ਼ਤੇ ਸਨ, ਇਸੇ ਲਈ ਇਸ ਕਮਿਸ਼ਨ ਵਲੋਂ ਰਾਣਾ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਖਹਿਰਾ ਨੇ ਦੋਸ਼ ਲਗਾਏ ਕਿ ਰਾਣਾ ਗੁਰਜੀਤ ਸਿੰਘ ਨੇ ਸਾਊਥ ਅਫਰੀਕਾ ਵਿਚ ਹਜ਼ਾਰਾਂ ਏਕੜ ਜ਼ਮੀਨ ਖਰੀਦੀ ਹੈ ਅਤੇ ਇਸ ਸਾਰੇ ਮਾਮਲੇ ਵਿਚ ਸੀ. ਬੀ. ਆਈ. ਜਾਂਚ ਹੋਣੀ ਚਾਹੀਦੀ ਹੈ।

## 12 ਬੱਚਿਆਂ ਨੂੰ ਘਰ ’ਚ ਬੰਧਕ ਬਣਾਉਣ ਦੇ ਦੋਸ਼ ਹੇਠ ਪਤੀ ਪਤਨੀ ਗ੍ਰਿਫਤਾਰ

ਦੀ ਜ਼ਮਾਨਤ ਤੇ ਜੇਲ੍ਹ ਵਿੱਚ ਬੰਦ ਹਨ ।ਰਿਵਰਸਾਇਡ ਸ਼ੈਰਫ ਡਿਪਾਰਟਮੈਂਟ ਨੇ ਸੋਮਵਾਰ ਦੁਪਿਹਰ ਸਮੇਂ ਪ੍ਰੈਸ ਕਾਂਨਫਰੰਸ ਕਰਕੇ ਦੱਸਿਆ ਕਿ ਤਹਿਕੀਕਾਤ ਉਸ ਸਮੇਂ ਸ਼ੁਰੂ ਹੋਈ ਜਦੋਂ ਐਤਵਾਰ ਸਵੇਰੇ ਸਵੱਖਤੇ ਪਿਰਸ ਸ਼ਹਿਰ, ਜਿਹੜਾ ਕਿ ਲਾਸ-ਏਜਲਸ ਤੋਂ ਕਰੀਬ 70 ਮੀਲਾਂ ਪੂਰਬ ਦੱਖਣ ਵਾਲੇ ਪਾਸੇ ਸਥਿਤ ਹ, ਤੋਂ ਮਾਂ ਬਾਪ ਦੇ ਚੁੰਗਲ ‘ਚ ਭੱਜੀ 17 ਸਾਲਾਂ ਕੁੜੀ ਨੇ 911 ਕਾਲ ਕਰਕੇ ਪੁਲਿਸ ਨੂੰ ਸੂਚਿਤ ਕੀਤਾ ਕਿ ਉਹ ਕਿਸੇ ਤਰਾਂ ਬਚ ਨਿਕਲੀ ਹੈ ਪਰ ਉਸਦੇ ਹੋਰ 12 ਭੈਂਣ ਭਰਾਵਾਂ ਨੂੰ ਉਸਦੇ ਆਪਣੇ ਮਾਪਿਆਂ ਵੱਲੋਂ ਕੈਦੀ ਬਣਾਇਆਂ ਹੋਇਆ ਹੈ। ਇਹ ਕੁੜੀ ਏਨ੍ਹੀ ਕਮਜ਼ੋਰ ਸੀ ਕਿ ਜਦੋਂ ਪੁਲਿਸ ਵਾਲਿਆ ਨੇ ਪਹਿਲੀ ਨਜ਼ਰ ਇਸ 17 ਸਾਲਾਂ ਕੁੜੀ ਨੂੰ ਵੇਖਿਆ ਤਾਂ ਉਨ੍ਹਾਂ ਨੂੰ ਜਾਪਿਆ ਕਿ ਸ਼ਾਇਦ ਇਸਦੀ ਉਮਰ 10 ਕੁ ਸਾਲ ਹੀ ਹੈ।

ਜਦੋਂ ਪੁਲਿਸ ਵਾਲੇ ਟਰਪਿਨ ਜੋੜੇ ਦੇ ਘਰ ਪਹੁੰਚੇ ਤਾਂ ਬਹੁਤ ਸਾਰੇ ਬੱਚੇ ਹਨੇਰੇ ਵਿੱਚ ਗੰਦਗੀ ਭਰੀ ਥਾਂ ਤੇ ਮੰਜਿਆਂ ਨਾਲ ਲੋਹੇ ਦੀਆਂ ਚੇਨਾਂ ਨਾਲ ਬੰਨੇ ਹੋਏ ਮਿਲੇ ਅਤੇ ਇਸ ਜਗ੍ਹਾ ਤੋਂ ਬਹੁਤ ਬਦਬੂ ਮਾਰ ਰਹੀ ਸੀ।

ਪੁੱਛ ਗਿੱਛ ਦੌਰਾਨ ਟਰਪਿਨ ਪਤੀ ਪਤਨੀ ਕੋਈ ਠੋਸ ਜਵਾਬ ਨਹੀਂ ਦੇ ਸਕੇ।ਜਦੋਂ ਅਧਿਕਾਰੀ ਮੌਕੇ ਤੇ ਪਹੁੰਚੇ ਓਹਨਾਂ ਸੋਚਿਆਂ ਸਾਰੇ ਬੱਚੇ ਨਾਬਾਲਗ ਹੀ ਹਨ ਪਰ ਜਾਣਕਾਰੀ ਇਕੱਤਰ ਕਰਨ ਤੋਂ ਬਾਅਦ ਪਤਾ ਲੱਗਾ ਕਿ ਇਹਨਾਂ ਬੱਚਿਆਂ ਵਿੱਚੋਂ 7 ਜਾਣੇ 18 ਸਾਲ ਤੋਂ ਉੱਪਰ ਹਨ। ਜਦੋਂ ਬੱਚਿਆਂ ਦੀ ਬਰਾਮਦੀ ਹੋਈ ਉਹ ਬਹੁਤ ਗੰਦੇ ਸਨ, ਭੁੱਖ ਅਤੇ ਪਿਆਸ ਨਾਲ ਤੜਫ ਰਹੇ ਸਨ।ਪਾਣੀ ਵਗੈਰਾ ਪਿਆਉਣ ਤੋਂ ਬਾਅਦ ਇਹਨਾਂ ਨੂੰ ਲੋਕਲ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ।

ਦਸਿਆ ਜਾਂਦਾ ਹੈ ਕਿ ਟਰਪਿਨ ਜੋੜਾ ਸਾਲ 2010 ਵਿੱਚ ਟੈਕਸਾਸ ਸਟੇਟ ਤੋਂ ਪਿਰਸ ਕੈਲੇਫੋਰਨੀਆਂ ਆਕੇ ਵੱਸਿਆ ਸੀ ਤੇ ਸਾਲ 2011 ਵਿੱਚ ਇਨ੍ਹਾਂ ਨੇ ਅਪਣੇ ਆਪ ਨੂੰ ਦੀਵਾਲੀਆ ਸ਼ੋਅ ਕਰ ਦਿੱਤਾ ਸੀ। ਇਹ ਘਰ ਜਿੱਥੇ ਟਰਪਿਨ ਜੋੜਾ ਰਹਿ ਰਿਹਾ ਸੀ ਨੂੰ ਇੱਕ ਸਕੂਲ ਸ਼ੋਅ ਕੀਤਾ ਹੋਇਆ ਸੀ ਤੇ ਡੇਵਿੱਡ ਟਰਪਿਨ ਨੇ ਆਪਣੇ ਆਪ ਨੂੰ ਇਸ ਸਕੂਲ ਦਾ ਪ੍ਰਿੰਸੀਪਲ ਸ਼ੋਅ ਕੀਤਾ ਹੋਇਆ ਸੀ ।ਡੇਵਿਡ ਕਿੱਤੇ ਦੇ ਤੌਰ ਤੇ ਇੰਜਨੀਅਰ ਹੈ ਤੇ ਲੁਇਸ ਟਰਪਿਨ ਨੇ ਆਪਣੇ ਆਪ ਨੂੰ ਘਰ ਬਣਾਉਣ ਵਾਲੀ ਵਿਖਾਇਆ ਹੋਇਆ ਹੈ। ਇਸ ਖ਼ਬਰ ਨੇ ਪੂਰੇ ਅਮਰੀਕਾ ਨੂੰ ਹਿਲਾ ਕੇ ਰੱਖ ਦਿੱਤਾ ਹੈ। ਪੁਲਿਸ ਗਵਾਂਢੀਆਂ ਤੋਂ ਜੋੜੇ ਦੇ ਰਹਿਣ ਸਹਿਣ ਅਤੇ ਬੱਚਿਆਂ ਦੇ ਮੇਲ ਮਿਲਾਪ ਬਾਰੇ ਪੁੱਛ ਗਿੱਛ ਕਰ ਰਹੀ ਹੈ। ਲਗਦਾ ਇਸ ਘਿਨਾਉਣੇ ਕਾਰੇ ਕਰਕੇ ਜੋੜੇ ਨੂੰ ਸਾਰੀ ਉਮਰ ਜੇਲ੍ਹ ਵਿੱਚ ਬਿਤਾਉਣੀ ਪਵੇਗੀ।

## ਇਨਸਾਫ਼ ਲਈ ਸਿੱਖਾਂ ਨੂੰ ਜੂਝਣਾ ਪਵੇਗਾ ਤੇ ਸੱਚ ਲਈ ਲੜਨਾ ਪਵੇਗਾ

ਤਰੱਕੀਆਂ ਲੈਣ ਦੇ ਲਈ, ਅਮੀਰ ਬਣਨ ਦੇ ਲਈ, ਆਪਣੀਆਂ ਤਿਜੌਰੀਆਂ ਭਰਨ ਦੇ ਲਈ ਪੰਜਾਬ ਵਿਚ ਲੁੱਟਮਾਰ ਕੀਤੀ ਤੇ ਵਰਦੀਆਂ ਵਿਚ ਕਰਾਈਮ ਕੀਤਾ। ਇਸ ਨੂੰ ਕਦਾਚਿਤ ਦਰੁਸਤ ਨਹੀਂ ਠਹਿਰਾਇਆ ਜਾ ਸਕਦਾ।

**ਸੁਆਲ-ਸਿੱਖ ਅਦਾਲਤਾਂ 'ਚ ਕੇਸ ਕਿਉਂ ਹਾਰੇ ?**

**ਜੁਆਬ**-ਸਿੱਖਾਂ ਕੋਲ ਇਸ ਸੰਬੰਧੀ ਚੰਗੇ ਡਾਕੂਮੈਂਟਸ ਨਹੀਂ ਸਨ, ਜੋ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਸਮਰੱਥ ਹੋ ਸਕਦੇ। ਗਵਾਹਾਂ ਦਾ ਮੁਕਰ ਜਾਣਾ ਤੇ ਇਸ ਸੰਬੰਧੀ ਲੜਨ ਵਾਲੇ ਲੋਕਾਂ ਕੋਲ ਚੰਗੀ ਮੈਨਜਮੈਂਟ ਨਾ ਹੋ ਸਕਣਾ, ਪੀੜਤ ਪਰਿਵਾਰਾਂ ਨੂੰ ਸੁਰੱਖਿਆ ਨਾ ਪ੍ਰਦਾਨ ਨਾ ਕਰ ਸਕਣਾ, ਇਸ ਹਾਰ ਦਾ ਪ੍ਰਮੁਖ ਕਾਰਨ ਹੈ। ਜਿਨ੍ਹਾਂ ਪਰਿਵਾਰਾਂ ਨੂੰ ਸੁਰੱਖਿਆ ਦਿੱਤੀ ਗਈ, ਸਬੂਤ ਇਕੱਠੇ ਕਰ ਲਏ ਗਏ, ਉਹ ਕੇਸ ਪੁਲੀਸ ਲਈ ਚੁਣੌਤੀ ਬਣੇ ਤੇ ਕਈ ਕੇਸਾਂ ਵਿਚ ਸਜ਼ਾਵਾਂ ਵੀ ਹੋਈਆਂ।

**ਸੁਆਲ-ਕੀ ਭਾਰਤ ਵਿਚ ਮਨੁੱਖੀ ਅਧਿਕਾਰ ਸੁਰੱਖਿਅਤ ਹਨ ?**

**ਜੁਆਬ**-ਜਿੰਨਾ ਚਿਰ ਤੱਕ ਅਸੀਂ ਲੋਕ ਮਨੁੱਖੀ ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਹੋਵਾਂਗੇ, ਓਨਾ ਚਿਰ ਤੱਕ ਮਨੁੱਖੀ ਅਧਿਕਾਰ ਸੁਰੱਖਿਅਤ ਨਹੀਂ ਹੋ ਸਕਦੇ। ਮਨੁੱਖੀ ਅਧਿਕਾਰਾਂ ਲਈ ਜਾਨ ਤਲੀ 'ਤੇ ਧਰ ਕੇ ਜੂਝਣਾ ਪੈਂਦਾ ਹੈ। ਡਰ ਮਨ ਵਿਚੋਂ ਕੱਢਣਾ ਪੈਂਦਾ ਹੈ। ਗੌਰੀ ਲੰਕੇਸ਼ ਨੂੰ ਦੇਖੋ, ਉਹ ਮਨੁੱਖੀ ਅਧਿਕਾਰਾਂ ਲਈ ਲੜਦੀ ਮੁੱਕ ਗਈ। ਚੁੱਪ ਰਹਿਣਾ ਤਾਂ ਮੌਤ ਹੁੰਦੀ ਹੈ। ਜਸਵੰਤ ਸਿੰਘ ਖਾਲੜਾ ਚੁੱਪ ਨਹੀਂ ਰਹੇ। ਆਪਣੇ ਲੋਕਾਂ ਲਈ ਮਰ ਮਿਟੇ, ਭਾਵੇਂ ਇਸ ਬਾਰੇ ਪੰਜਾਬ ਨੂੰ ਇਨਸਾਫ਼ ਨਹੀਂ ਮਿਲਿਆ, ਪਰ ਖਾਲੜਾ ਜੀ ਦੀ ਸ਼ਹਾਦਤ ਭਾਰਤ ਸਰਕਾਰ ਨੂੰ ਮਹਿੰਗੀ ਪਈ ਹੈ। ਅਜੇ ਤੱਕ ਲਾਵਾਰਸ ਲਾਸ਼ਾਂ ਭਾਰਤ ਸਰਕਾਰ ਨੂੰ ਡਰਾ ਰਹੀਆਂ ਹਨ। ਜਿੰਨਾ ਚਿਰ ਤੱਕ ਇਨਸਾਫ਼ ਨਹੀਂ ਮਿਲੇਗਾ, ਓਨਾ ਚਿਰ ਤੱਕ ਜੱਦੋਂ ਜਹਿਦ ਚਲਦੀ ਰਹੇਗੀ। ਭਾਰਤ ਦੇ ਸਿਸਟਮ ਵਿਚ ਕਮੀਆਂ ਹਨ। ਅਦਾਲਤੀ ਸਿਸਟਮ ਢਿੱਲਾ ਹੈ। ਵਕਤ ਸਿਰ ਇਨਸਾਫ਼ ਨਹੀਂ ਮਿਲਦਾ। ਝੂਠੇ ਪੁਲੀਸ ਮੁਕਾਬਲੇ ਪ੍ਰਸ਼ਾਸ਼ਣ ਦਾ ਭ੍ਰਿਸ਼ਟਾਚਾਰ ਇਕ ਵੱਡਾ ਕਰਾਈਮ ਹੈ, ਜੋ ਸਮਾਜ ਨੂੰ ਸ਼ਾਂਤ ਨਹੀਂ ਰਹਿਣ ਦਿੰਦਾ। ਇਸੇ ਵਿਚੋਂ ਹਥਿਆਰਬੰਦ ਲਹਿਰਾਂ ਨਿਕਲੀਆਂ ਹਨ। ਫੇਕ ਐਨਕਾਊਟਰ ਹੁੰਦੇ ਹਨ ਤੇ ਉਸ ਦੇ ਪ੍ਰਤੀਕਰਮ ਵਿਚ ਬਦਲਾਲਊ ਭਾਵਨਾ ਤਹਿਤ ਪੁਲੀਸ ਅਫ਼ਰ ਵੀ ਮਾਰੇ ਜਾਂਦੇ ਹਨ। ਇਹ ਸਭ ਸਰਕਾਰ ਆਪਣੀ ਕੁਰਸੀ ਕਾਇਮੀ ਲਈ ਕਰਾਉਂਦੀ । ਜੇ ਦੰਗੇ ਹੁੰਦੇ ਹਨ, ਕਿਸੇ ਭਾਈਚਾਰੇ ਦੀ ਨਸਲਕੁਸ਼ੀ ਹੁੰਦੀ ਹੈ ਤਾਂ ਉਸ ਪਿੱਛੇ ਵੀ ਸਿਆਸਤ ਹੁੰਦੀ ਹੈ। ਦਿੱਲੀ ਸਿੱਖ ਕਤਲੇਆਮ, ਨਵੰਬਰ 84, ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਤੇ ਗੁਜਰਾਤ ਦੰਗੇ ਇਸ ਪ੍ਰਸੰਗ ਵਿਚ ਅਹਿਮ ਘਟਨਾਵਾਂ ਗਿਣੀਆਂ ਜਾ ਸਕਦੀਆਂ ਹਨ, ਜਿਸ ਪਿੱਛੇ ਭ੍ਰਿਸ਼ਟ ਸਿਆਸਤ ਸਰਗਰਮ ਰਹੀ ਹੈ।

**ਸੁਆਲ-ਤੁਸੀਂ ਦਿੱਲੀ ਸਿੱਖ ਕਤਲੇਆਮ ਬਾਰੇ ਕੀ ਸਮਝਦੇ ਹੋ ?**

**ਜੁਆਬ**-ਦਿੱਲੀ ਸਿੱਖ ਕਤਲੇਆਮ ਕੋਈ ਹਿੰਦੂ ਸਿੱਖ ਦੰਗੇ ਨਹੀਂ, ਇਹ ਸਰਕਾਰੀ ਕਤਲੇਆਮ ਗਿਣੀ ਮਿੱਥੀ ਸਾਜ਼ਿਸ਼ ਤਹਿਤ ਹੋਇਆ। ਇੰਦਰਾ ਗਾਂਧੀ ਨੂੰ ਜਦੋਂ ਉਸ ਦੇ ਬਾਡੀਗਾਰਡਾਂ ਰਾਹੀਂ ਕਤਲ ਕੀਤਾ ਗਿਆ ਤਾਂ ਪੂਰੇ ਤਿੰਨ ਦਿਨ ਟੀਵੀ 'ਤੇ ਨਾਅਰੇ ਲਗਾਏ ਗਏ ਕਿ ਖ਼ੂਨ ਦਾ ਬਦਲਾ ਖ਼ੂਨ। ਇਹ ਵੀ ਕਿਹਾ ਗਿਆ ਕਿ ਇੰਦਰਾ ਨੂੰ ਮਾਰਨ ਵਾਲੇ ਲੋਕ ਸਿੱਖ ਸਨ। ਇੱਥੋਂ ਤੱਕ ਅਮਿਤਾਬ ਬਚਨ ਨੇ ਟੀਵੀ 'ਤੇ ਨਾਅਰੇ ਲਗਾਏ ਕਿ ਖ਼ੂਨ ਦਾ ਬਦਲਾ ਖ਼ੂਨ। ਇਹ ਕਤਲੇਆਮ ਕਰਨ ਦੀ ਵੱਡੀ ਸਾਜ਼ਿਸ਼ ਸੀ। ਇਹ ਕਤਲੇਆਮ ਆਮ ਲੋਕਾਂ ਨੇ ਨਹੀਂ ਕੀਤਾ, ਬਲਕਿ ਗਿਣੀ ਮਿੱਥੀ ਸਾਜ਼ਿਸ਼ ਰਾਹੀਂ ਸਿਆਸਤਦਾਨਾਂ ਨੇ ਆਪਣੇ ਗੁੰਡਿਆਂ ਰਾਹੀਂ ਕਰਵਾਇਆ ਹੈ। ਰਾਜੀਵ ਗਾਂਧੀ ਨੇ ਉਸ ਸਮੇਂ ਕਿਹਾ ਸੀ ਕਿ ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਭੂਚਾਲ ਆਉਂਦਾ । ਇਹ ਸ਼ਬਦ ਉਸ ਨੇ ਆਪਣੀ ਮਾਂ ਇੰਦਰਾ ਦੇ ਮਰਨ ਤੋਂ ਬਾਅਦ ਕਹੇ। ਦੋਸ਼ ਇਹ ਵੀ ਲੱਗੇ ਹਨ ਕਿ ਇਹ ਸਭ ਕੁਝ ਰਾਜੀਵ ਗਾਂਧੀ ਦੇ ਆਦੇਸ਼ਾਂ 'ਤੇ ਹੋਇਆ। ਇੱਥੋਂ ਤੱਕ ਭਾਰਤ ਦੇ ਫ਼ੌਜੀ ਜਰਨੈਲ ਜਗਜੀਤ ਸਿੰਘ ਤੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਵੀ ਆਪਣੀਆਂ ਜਾਨਾਂ ਲੁਕਾ ਕੇ ਬੈਠੇ ਰਹੇ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕਤਲੇਆਮ ਆਮ ਲੋਕਾਂ ਨੇ ਨਹੀਂ ਕਰਵਾਇਆ, ਬਲਕਿ ਸਰਕਾਰੀ ਸਾਜ਼ਿਸ਼ ਤਹਿਤ ਕਰਵਾਇਆ ਗਿਆ। ਤੁਸੀਂ ਦੇਖੋ ਇਸ ਬਾਰੇ ਕਈ ਕਮੇਟੀਆਂ ਤੇ ਕਮਿਸ਼ਨ ਬਣੇ। ਚੋਣਾਂ ਤੋਂ ਪਹਿਲਾਂ ਕਮਿਸ਼ਨ ਬਣਾਏ ਜਾਂਦੇ ਰਹੇ, ਪਰ ਇਨਸਾਫ਼ ਨਹੀਂ ਮਿਲਿਆ। ਇਹ ਇਨਸਾਫ਼ ਨਾਲ ਖੇਡਾਂ ਖੇਡੀਆਂ ਗਈਆਂ। ਜਦ ਕਤਲ ਕਰਨ ਵਾਲੇ ਸੱਤਾਧਾਰੀ ਲੋਕ ਹਨ ਤਾਂ ਇਨਸਾਫ਼ ਕਿਵੇਂ ਮਿਲ ਸਕਦਾ ਹੈ ? ਹੁਣ ਵੀ ਕਮਿਸ਼ਨ ਮਿਲ ਬਣ ਗਿਆ ਹੈ। ਰਾਜਨੀਤਕ ਲੋਕ ਕਹਿ ਰਹੇ ਹਨ ਕਿ ਇਨਸਾਫ਼ ਮਿਲੇਗਾ। ਪਰ ਸੁਆਲ ਹੈ ਕਿ ਪਹਿਲਾਂ ਕਿਉਂ ਨਹੀਂ ਮਿਲਿਆ। ਜੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ 'ਤੇ ਸੱਤਾਧਾਰੀ ਧਿਰਾਂ ਨੂੰ ਲਾਭ ਮਿਲਦਾ ਹੋਵੇਗਾ ਤਾਂ ਸਿੱਖਾਂ ਨੂੰ ਇਨਸਾਫ਼ ਮਿਲੇਗਾ ਤੇ ਜੇਕਰ ਦੋਸ਼ੀਆਂ ਨੂੰ ਸਜ਼ਾਵਾਂ ਨਾ ਦੇ ਕੇ ਸਿਆਸੀ ਲਾਭ ਹੁੰਦਾ ਹੋਇਆ ਤਾਂ ਫਿਰ ਇਨਸਾਫ਼ ਨਹੀਂ ਮਿਲੇਗਾ। ਹੁਣ ਤਾਂ ਗਵਾਹ ਵੀ ਚੁਪ ਕਰਕੇ ਬਿਠਾ ਦਿੱਤੇ ਗਏ, ਸਬੂਤ ਮਿਟਾ ਦਿੱਤੇ ਗਏ ਤਾਂ ਇਨਸਾਫ਼ ਕਿੰਝ ਮਿਲ ਸਕਦਾ ਹੈ ? ਪਰ ਇਹ ਲੜਾਈ ਜਾਰੀ ਰਹੇਗੀ, ਜਿੰਨਾ ਚਿਰ ਤੱਕ ਇਨਸਾਫ਼ ਨਹੀਂ ਮਿਲ ਜਾਂਦਾ।

**ਸੁਆਲ-ਤੁਸੀਂ ਸਿੱਖਾਂ ਦਾ ਭਵਿੱਖ ਕਿੰਝ ਦੇਖਦੇ ਹੋ ?**

**ਜੁਆਬ**-ਸਿੱਖਾਂ ਦਾ ਭਵਿੱਖ ਉਜਵਲ ਹੈ, ਉਹ ਪੂਰੇ ਵਿਸ਼ਵ ਵਿਚ ਵਿਕਾਸ ਕਰ ਰਹੇ ਹਨ। ਭਾਰਤ ਵਿਚ ਉਹ ਇਨਸਾਫ਼ ਲਈ ਜੂਝ ਰਹੇ ਹਨ। ਸਿੱਖ ਕੌਮ ਇਸ ਸਮੇਂ ਘੱਲੂਘਾਰਿਆਂ ਵਿਚੋਂ ਨਿਕਲ ਕੇ ਪਾਵਰਫੁੱਲ ਕੌਮ ਬਣ ਗਈ ਹੈ। ਉਸ ਦੀਆਂ ਜੜ੍ਹਾਂ ਮਜ਼ਬੂਤ ਹਨ। ਕੈਨੇਡਾ, ਅਮਰੀਕਾ, ਯੂਰਪ, ਇੰਗਲੈਂਡ, ਅਸਟਰੇਲੀਆ ਵਿਚ ਉਹ ਵੱਡੀਆਂ ਵੱਡੀਆਂ ਪੋਸਟਾਂ 'ਤੇ ਪਹੁੰਚ ਚੁੱਕੇ ਹਨ ਤੇ ਸਿਆਸਤ ਉੱਪਰ ਉਨ੍ਹਾਂ ਦਾ ਬੋਲਬਾਲਾ ਹੋ ਚੁੱਕਾ ਹੈ। ਕੈਨੇਡਾ ਵਿਚ ਤਾਂ ਉਹ ਭਾਰਤ ਤੋਂ ਵੀ ਵੱਧ ਤਰੱਕੀ ਦੀਆਂ ਰਾਹਾਂ 'ਤੇ ਹਨ। ਵਿਸ਼ਵ ਵਿਚ ਤਾਂ ਉਹ ਪੰਜਾਬ ਤੋਂ ਵਧ ਫੈਲੇ ਹੋਏ ਹਨ। ਇਸ ਲਈ ਇਸ ਸੰਬੰਧੀ ਚਿੰਤਾ ਕਰਨ ਦੀ ਲੋੜ ਨਹੀਂ ਕਿ ਸਿੱਖਾਂ ਦੇ ਭਵਿੱਖ ਦਾ ਕੀ ਬਣੇਗਾ ? ਹੁਣ ਨਾ ਸਿੱਖ ਪਹਿਰਾਵਾ ਖਤਮ ਹੋਵੇਗਾ, ਨਾ ਸੱਭਿਆਚਾਰ, ਨਾ ਬੋਲੀ। ਸਿੱਖ ਇਸ ਬਾਰੇ ਪੂਰੀ ਤਰ੍ਹਾਂ ਸੁਚੇਤ ਹਨ।

**ਸੁਆਲ-ਜੱਜਾਂ ਦਾ ਪ੍ਰੈੱਸ ਕਾਨਫਰੰਸ ਕਰਕੇ ਚੀਫ਼ ਜਸਟਿਸ ਨੂੰ ਚੁਣੌਤੀ ਦਿੱਤੀ ਹੈ, ਉਸ ਬਾਰੇ ਕੀ ਕਹਿਣਾ ਚਾਹੋਗੇ ?**

**ਜੁਆਬ**-ਨਿਆਂਪ੍ਰਣਾਲੀ ਸਰਕਾਰ ਉੱਤੇ ਨਜ਼ਰ ਰੱਖਦੀ ਹੈ। ਇਹ ਜੱਜਾਂ ਤੇ ਜਨਤਾ ਦੇ ਹੱਕਾਂ ਦੀ ਰਾਖੀ ਕਰਦੀ ਹੈ। ਜੇ ਚੀਫ਼ ਜਸਟਿਸ ਹੀ ਇਮਾਨਦਾਰ ਨਾ ਹੋਵੇ, ਆਪਣੇ ਜੱਜਾਂ ਦੇ ਕਤਲ ਦੀ ਜਾਂਚ ਨਾ ਕਰਦਾ ਹੋਵੇ, ਤਾਂ ਜ਼ਰੂਰੀ ਸੀ ਜੱਜ ਹੀ ਬੋਲਣ, ਕਿਉਂਕਿ ਇਸ ਨਾਲ ਲੋਕਾਂ ਦਾ ਵਿਸ਼ਵਾਸ ਰਹੇਗਾ। ਇਹ ਸੁਪਰੀਮ ਕੋਰਟ ਨੂੰ ਇਮਾਨਦਾਰ ਬਣਾਉਣ ਵੱਲ ਪਹਿਲਾ ਕਦਮ ਹੈ ।

**ਸੁਆਲ-ਚੀਫ਼ ਜਸਟਿਸ ਉੱਤੇ ਸਵਾਲੀਆ ਨਿਸ਼ਾਨ ਲਾਉਣ ਦਾ ਅਸਰ ਕੀ ਹੋਏਗਾ ?**

**ਜੁਆਬ**-ਨਿਆਂਪ੍ਰਣਾਲੀ ਸਾਡੇ ਦੇਸ ਨੂੰ 70 ਸਾਲ ਤੱਕ ਜੁਆਬ ਸਹੀ ਤਰੀਕੇ ਨਾਲ ਚਲਾ ਰਹੀ ਸੀ। ਦੇਸ ਦੇ ਸਭ ਲੋਕਾਂ ਨੇ ਸੁਪਰੀਮ ਕੋਰਟ ਨੂੰ 'ਸੁਪਰੀਮ' ਹੀ ਦੇਖਿਆ ਸੀ। ਅਦਾਲਤ ਦੇ ਸਭ ਫੈਸਲਿਆਂ ਦਾ ਸਨਮਾਨ ਹੁੰਦਾ ਸੀ। ਸੁਪਰੀਮ ਕੋਰਟ ਨੇ ਵੀ ਲੋਕਾਂ ਦੇ ਹੱਕਾਂ ਦੀ ਰਾਖੀ ਸੁਪਰੀਮ ਕੋਰਟ ਹੋਣ ਦੇ ਨਾਤੇ ਕੀਤੀ। ਕਿਸੇ ਨੇ ਵੀ ਇਹ ਕਦੇ ਨਹੀਂ ਦੇਖਿਆ ਕਿ ਕੋਈ ਜੱਜ ਕਿਹੜੀ ਥਾਂ ਨਾਲ ਸਬੰਧ ਰੱਖਦਾ ਹੈ ਜਾਂ ਉਸ ਦਾ ਇਨਸਾਫ਼ ਕਰਨ ਦਾ ਕੋਈ ਵੱਖਰਾ ਢੰਗ ਹੋਵੇਗਾ। ਹੁਣ ਸੁਪਰੀਮ ਕੋਰਟ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ, ਇਮਾਨਦਾਰ ਅਤੇ ਬੇਈਮਾਨ। ਇਹ ਸੋਚਣਾ ਕਿ ਕੁਝ ਹਿੱਸਾ ਸੁਪਰੀਮ ਕੋਰਟ ਦਾ ਇਮਾਨਦਾਰ ਨਹੀਂ ਹੈ, ਅਦਾਲਤ ਦੀ ਉਲੰਘਣਾ ਹੈ। ਇਸ ਨਾਲ ਸੁਪਰੀਮ ਕੋਰਟ ਦੇ ਅਕਸ 'ਤੇ ਧੱਬਾ ਲੱਗਦਾ ਹੈ। ਸੁਪਰੀਮ ਕੋਰਟ ਦੇ ਚਾਰ ਜੱਜਾਂ ਵੱਲੋਂ ਇਲਜ਼ਾਮ ਲਾਉਣਾ ਯਾਨਿ ਕਿ ਨਿਆਂਪਾਲਿਕਾ ਦਾ ਕੁਝ ਹਿੱਸਾ ਬਿਮਾਰ ਹੋ ਗਿਆ ਹੈ। ਅੱਜ ਇਸ ਨੂੰ ਠੀਕ ਕਰਨ ਲਈ ਵੱਡੇ ਉਪਰਾਲੇ ਅਤੇ ਫਿਕਰ ਕਰਨ ਦੀ ਲੋੜ ਹੈ। ਸੰਵਿਧਾਨ ਮੁਤਾਬਕ ਇਮਾਨਦਾਰੀ ਨਾਲ ਕੰਮ ਕਰਨਾ ਤੇ ਨਿਰਪੱਖਤਾ ਨਿਆਂਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਹਨ, ਪਰ ਸੁਪਰੀਮ ਕੋਰਟ ਕਾਨੂੰਨ ਮੁਤਾਬਕ ਫੈਸਲੇ ਨਹੀਂ ਦੇ ਰਿਹਾ, ਇਹ ਦੇਸ ਲਈ ਬਹੁਤ ਵੱਡਾ ਸੰਕਟ ਹੈ।

**ਸੁਆਲ-ਸੁਪਰੀਮ ਕੋਰਟ ਵਿੱਚ ਕਿਵੇਂ ਕੰਮ ਹੁੰਦਾ ਹੈ, ਜੱਜ ਨੂੰ ਕੇਸ ਕਿਵੇਂ ਦਿੱਤੇ ਜਾਂਦੇ ਹਨ ?**

**ਜੁਆਬ**-ਜਦੋਂ ਕੋਈ ਕੇਸ ਫਾਈਲ ਹੁੰਦਾ ਹੈ, ਤਾਂ ਹਾਈਕੋਰਟ ਤੇ ਸੁਪਰੀਮ ਕੋਰਟ ਦਾ ਕੰਮਕਾਜ ਕਰਨ ਦਾ ਤਰੀਕਾ ਇੱਕੋ-ਜਿਹਾ ਹੀ ਹੈ। ਸਾਰੀਆਂ ਪਟੀਸ਼ਨਾਂ ਨੂੰ ਨੰਬਰ ਲਾਏ ਜਾਂਦੇ ਹਨ, ਸਾਰੇ ਕਾਗਜ਼ ਚੈੱਕ ਹੋਣ ਤੋਂ ਬਾਅਦ ਰਜਿਸਟਰਾਰ ਕੋਲ ਪਹੁੰਚਦੇ ਹਨ। ਅਦਾਲਤ ਵਿੱਚ 20 ਜੱਜ ਹਨ ਤਾਂ ਘੱਟੋ-ਘੱਟ 2 ਜੱਜ ਇੱਕ ਕੇਸ ਉੱਤੇ ਹੁੰਦੇ ਹਨ। ਫਿਰ ਰਜਿਸਟਰਾਰ ਦੇਖਦਾ ਹੈ ਕਿ ਕਿਹੜੇ ਜੱਜ ਨੂੰ ਕਿਹੜਾ ਕੇਸ ਭੇਜਣਾ ਹੈ। ਆਮ ਤੌਰ ਉੱਤੇ ਇਹ ਕੰਮ ਕੰਪਿਊਟਰ ਸਿਸਟਮ ਜ਼ਰੀਏ ਤੈਅ ਹੋ ਜਾਂਦਾ ਹੈ। ਇੱਕ ਖਾਸ ਕਿਸਮ ਦੇ ਕੇਸ ਇੱਕ ਤਰ੍ਹਾਂ ਦੇ ਜੱਜ ਨੂੰ ਹੀ ਦਿੱਤੇ ਜਾਂਦੇ ਹਨ। ਜਿਵੇਂ ਕਿ ਕਿਰਾਏ ਨਾਲ ਜੁੜੇ ਮਾਮਲੇ ਇੱਕੋ ਬੈਂਚ ਕੋਲ ਜਾਣਗੇ, ਕਰਾਈਮ ਕੇਸ ਇੱਕ ਜੱਜ ਕੋਲ, ਸਰਵਿਸ ਨਾਲ ਜੁੜੇ ਮਾਮਲੇ ਇੱਕ ਬੈਂਚ ਨੂੰ ਭੇਜੇ ਜਾਂਦੇ ਹਨ। ਇਸੇ ਤਰ੍ਹਾਂ ਹੀ ਸੰਵਿਧਾਨਕ ਮਾਮਲੇ ਇੱਕ ਖਾਸ ਬੈਂਚ ਕੋਲ ਹੀ ਭੇਜੇ ਜਾਂਦੇ ਹਨ। ਚੀਫ਼ ਜਸਟਿਸ ਜਾਂ ਕੋਈ ਵੀ ਹੋਰ ਸ਼ਖ਼ਸ ਇਨ੍ਹਾਂ ਵਿੱਚ ਵਧੇਰੇ ਬਦਲਾਅ ਨਹੀਂ ਕਰ ਸਕਦਾ। ਜੇ ਅਚਾਨਕ ਚੀਫ਼ ਜਸਟਿਸ ਆ ਕੇ ਆਪਣੀ ਮਰਜ਼ੀ ਨਾਲ ਕੇਸ ਬੈਂਚਾਂ ਨੂੰ ਦੇਵੇ ਜਾਂ ਕਿਸੇ ਕੇਸ ਦੀ ਸੁਣਵਾਈ ਹੁੰਦੇ ਹੋਏ ਵੀ ਉਸ ਦੇ ਜੱਜ ਨੂੰ ਕਿਸੇ ਹੋਰ ਕੇਸ ਦੀ ਤਰੀਕ ਉੱਤੇ ਭੇਜ ਦੇਵੇ ਤਾਂ ਵੱਡਾ ਸ਼ੱਕ ਹੁੰਦਾ ਹੈ।

**ਸੁਆਲ-ਕੀ ਇੱਕ ਕੇਸ ਤੋਂ ਜੱਜ ਨੂੰ ਹਟਾਉਣਾ ਚੀਫ਼ ਜਸਟਿਸ ਦੇ ਅਧਿਕਾਰ ਖੇਤਰ ਵਿੱਚ ਹੈ ?**

**ਜੁਆਬ**-ਚੀਫ਼ ਜਸਟਿਸ ਕੋਲ ਕੋਈ ਵਧੀਕ ਤਾਕਤ ਨਹੀਂ ਹੁੰਦੀ। ਉਨ੍ਹਾਂ ਕੋਲ ਵੀ ਉਨੀ ਹੀ ਨਿਆਂ ਦੀ ਤਾਕਤ ਹੈ ਜਿੰਨੀ ਹੋਰ ਜੱਜਾਂ ਕੋਲ ਹੈ। ਜਿੰਨੇ ਫੈਸਲੇ ਚੀਫ਼ ਜਸਟਿਸ ਕਰ ਸਕਦਾ ਹੈ, ਉਨੇ ਹੀ ਬਾਕੀ ਜੱਜ ਵੀ ਫੈਸਲੇ ਕਰ ਸਕਦੇ ਹਨ। ਉਨ੍ਹਾਂ ਕੋਲ ਕੋਈ ਅਜਿਹੀ ਤਾਕਤ ਨਹੀਂ ਕਿ ਹਾਈਕੋਰਟ ਦਾ ਕੋਈ ਫੈਸਲਾ ਚੀਫ਼ ਜਸਟਿਸ ਹੁੰਦੇ ਹੋਏ ਉਹ ਬਦਲ ਦੇਣ। ਉਹ ਜੱਜ ਹੋਣ ਦੇ ਨਾਤੇ ਕਿਸੇ ਕੇਸ ਨੂੰ ਸੁਣ ਕੇ ਫੈਸਲਾ ਦੇ ਸਕਦੇ ਹਨ। ਚੀਫ਼ ਜਸਟਿਸ ਦਾ ਕੰਮ ਹੈ ਆਪਣੇ ਮੁਲਾਜ਼ਮਾਂ ਨੂੰ ਕਾਬੂ ਕਰਨਾ। ਕੇਸ ਕਿਹੜੇ ਜੱਜ ਨੂੰ ਦੇਣੇ ਹਨ, ਜਦੋਂ ਇਸ ਦਾ ਗਲਤ ਇਸਤੇਮਾਲ ਹੋਣ ਲੱਗਦਾ ਹੈ ਤਾਂ ਇਹ ਗਲਤ ਹੈ। ਸੀਨੀਓਰਿਟੀ, ਕੇਸਾਂ ਦੀ ਤਰਜੀਹ ਦੇ ਅਧਾਰ ਉੱਤੇ ਤੈਅ ਕੀਤਾ ਜਾਂਦਾ ਹੈ ਕਿ ਕਿਹੜਾ ਕੇਸ ਕਿਸ ਨੂੰ ਦੇਣਾ ਹੈ। ਹੁਣ ਤਾਂ ਕੰਪਿਊਟਰ ਸਿਸਟਮ ਤੋਂ ਹੀ ਤੈਅ ਹੋ ਜਾਂਦਾ ਹੈ ਕਿ ਕਿਹੜੇ ਜੱਜ ਕੋਲ ਕੇਸ ਜਾਣੇ ਹਨ। 1990 ਤੋਂ ਬਾਅਦ ਫੈਸਲਿਆਂ ਵਿੱਚ ਨਿਘਾਰ ਆਇਆ ਹੈ। ਸਰਕਾਰ ਵਿਰੋਧੀ ਫੈਸਲੇ ਘੱਟ ਗਏ, ਮਨੁੱਖੀ ਅਧਿਕਾਰਾਂ ਦੀ ਰੱਖਿਆ ਸਬੰਧੀ ਫੈਸਲੇ ਘਟੇ, ਕਿਸੇ ਵੀ ਵੱਡੇ ਅਫ਼ਸਰ ਖਿਲਾਫ਼ ਕਾਰਵਾਈ ਕਰਨਾ ਬੰਦ ਹੋ ਗਿਆ ਹੈ। ਇਨਸਾਫ਼ 'ਤੇ ਪ੍ਰਸ਼ਨ ਚਿੰਨ੍ਹ ਲੱਗਾ ਹੈ।

## ਮੋਦੀ ਸਰਕਾਰ ਨੇ ਮੁਸਲਮਾਨਾਂ ਨੂੰ ਹੱਜ ਲਈ ਦਿੱਤੀ ਜਾਂਦੀ ਸਬਸਿਡੀ ਕੀਤੀ ਬੰਦ

**ਨਿਵੀਂ ਦਿੱਲੀ/ਬਿਊਰੋ ਨਿਊਜ਼:**

ਘੱਟਗਿਣਤੀ ਮਾਮਲਿਆਂ ਬਾਰੇ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਦੱਸਿਆ ਕਿ ਇਸ ਸਾਲ ਤੋਂ ਹੱਜ ਲਈ ਸਬਸਿਡੀ ਨਹੀਂ ਮਿਲੇਗੀ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਸਬਸਿਡੀ ਵਾਪਸ ਲਏ ਜਾਣ ਦੇ ਬਾਵਜੂਦ ਇਸ ਸਾਲ ਭਾਰਤ ਤੋਂ 1.75 ਲੱਖ ਮੁਸਲਿਮ ਹੱਜ ਲਈ ਜਾਣਗੇ। ਸ੍ਰੀ ਨਕਵੀ ਨੇ ਕਿਹਾ ਕਿ ਸਾਊਦੀ ਅਰਬ ਸਰਕਾਰ ਨੇ ਭਾਰਤ ਤੋਂ ਸਮੁੰਦਰੀ ਜਹਾਜ਼ਾਂ ਰਾਹੀਂ ਹੱਜ ਯਾਤਰਾ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ ਅਤੇ ਵਿਧੀ ਨੂੰ ਅੰਤਿਮ ਰੂਪ ਦੇਣ ਲਈ ਦੋਵੇਂ ਮੁਲਕਾਂ ਦੇ ਅਧਿਕਾਰੀ ਇਕੱਠੇ ਬੈਠ ਕੇ ਵਿਚਾਰ ਵਟਾਂਦਰਾ ਕਰਨਗੇ। ਉਨ੍ਹਾਂ ਕਿਹਾ, ਘੱਟਗਿਣਤੀਆਂ ਦਾ ਸਨਮਾਨਪੂਰਵਕ ਸਸ਼ਕਤੀਕਰਨ ਸਾਡੀ ਨੀਤੀ ਦਾ ਹਿੱਸਾ ਹੈ।' ਇਸ ਸਾਲ ਦੀ ਸ਼ੁਰੂਆਤ ਵਿੱਚ ਉਨ੍ਹਾਂ ਕਿਹਾ ਸੀ ਕਿ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਕੇਂਦਰ ਵੱਲੋਂ ਹੱਜ ਯਾਤਰੀਆਂ ਲਈ ਸਬਸਿਡੀ ਖ਼ਤਮ ਕੀਤੀ ਜਾਵੇਗੀ।

## ਬੌਧਿਕ ਕੰਗਾਲੀ ਦਾ ਕਾਰਨ ਬਣੀ ਭਾਸ਼ਾ ਪ੍ਰਤੀ ਪੰਜਾਬੀਆਂ ਦੀ ਗੈਰ-ਵਿਗਿਆਨਕ ਤੇ ਦੋਸ਼ਪੂਰਨ ਸਮਝ

ਇਹ ਹੈ ਕਿ ਮਿਆਰ ਨੂੰ ਉਪਰ ਚੁੱਕਿਆ ਜਾਵੇ। ਜੇ ਵਿਦਿਆਰਥੀ ਗਣਿਤ ਵਿਚ ਕਮਜ਼ੋਰ ਹਨ ਤਾਂ ਕੀ ਅੰਗਰੇਜ਼ੀ ਰਟਾਉਣ ਨਾਲ ਉਸ ਦੀ ਕਮਜ਼ੋਰੀ ਦੂਰ ਹੋ ਜਾਵੇਗੀ? ਅੰਗਰੇਜ਼ੀ ਇਕ ਭਾਸ਼ਾ ਹੈ, ਨਾ ਕਿ ਗਿਆਨ ਜਾਂ ਸਿੱਖਿਆ। ਅਕਾਦਮਿਕਤਾ ਦਾ ਪੈਮਾਨਾ ਅੰਗਰੇਜ਼ੀ ਨਹੀਂ ਹੈ। ਸਿੱਖਿਆ ਦਾ ਮਾਧਿਅਮ ਕਿਹੜੀ ਭਾਸ਼ਾ ਵਿਚ ਹੈ, ਇਹ ਗੱਲ ਮਿਆਰ ਦੇ ਪੱਖ ਤੋਂ ਅਹਿਮੀਅਤ ਨਹੀਂ ਰੱਖਦੀ। ਮਾਧਿਅਮ ਕੋਈ ਵੀ ਹੋਵੇ, ਮਿਆਰ ਫਿਰ ਵੀ ਉਪਰ ਚੁੱਕਿਆ ਜਾ ਸਕਦਾ ਹੈ।

ਕੌਮਾਂਤਰੀ ਭਾਸ਼ਾ ਵਿਗਿਆਨੀ ਤੇ ਖੋਜਕਾਰ ਆਪਣੇ ਅਧਿਐਨਾਂ ਦੇ ਆਧਾਰ 'ਤੇ ਬੱਚਿਆਂ ਨੂੰ ਮੁਢਲੀ ਸਿੱਖਿਆ ਉਹਨਾਂ ਦੀ ਮਾਂ-ਬੋਲੀ ਵਿਚ ਨਾ ਦੇਣ ਦੀ ਪਹੁੰਚ ਨੂੰ ਰੱਦ ਕਰਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸ਼੍ਰੀ ਅੰਮ੍ਰਿਤਸਰ ਦੇ ਪੰਜਾਬੀ ਮਹਿਕਮੇ ਦੇ ਸਾਬਕਾ ਮੁਖੀ ਡਾ. ਧਰਮ ਸਿੰਘ ਅਨੁਸਾਰ ਪਾਕਿਸਤਾਨ ਵਿਚ ਅੰਨਪੜਤਾ ਦਾ ਵੱਡਾ ਕਾਰਨ ਉਹਨਾਂ ਦੀ ਮਾਂ-ਬੋਲੀ ਵਿਚ ਸਿੱਖਿਆ ਨਾ ਦੇਣਾ ਹੈ। ਅਸਲ ਵਿਚ, ਜੇ ਸਿੱਖਿਆ ਮਾਂ-ਬੋਲੀ ਵਿਚ ਨਾ ਦਿੱਤੀ ਜਾਵੇ ਤਾਂ ਸਿੱਖਿਆ ਪੇਚੀਦਾ ਬਣ ਜਾਂਦੀ ਹੈ ਅਤੇ ਵਿਦਿਆਰਥੀਆਂ ਦੇ ਇਮਤਿਹਾਨਾਂ ਵਿਚ ਸਫਲ ਹੋਣ ਦੀ ਦਰ ਘੱਟ ਜਾਂਦੀ ਹੈ। ਕੁਝ ਤਾਂ ਪਹਿਲਾਂ ਹੀ ਹੱਥ ਖੜੇ ਕਰਕੇ ਸਿੱਖਿਆ ਤੋਂ ਬਾਹਰ ਹੋ ਜਾਂਦਾ ਹਨ, ਕਈ ਸਫਲ ਨਹੀਂ ਹੋ ਪਾਉਂਦੇ। ਪੰਜਾਬ ਵਿਚ ਭਾਸ਼ਾਈ ਵਿਸ਼ੇ ਦੇ ਤੌਰ 'ਤੇ ਅੰਗਰੇਜ਼ੀ ਨੂੰ ਔਖਾ ਮੰਨਿਆ ਜਾਂਦਾ ਹੈ ਅਤੇ ਅਨੇਕਾਂ ਵਿੱਦਿਆਰਥੀ ਹਰ ਸਾਲ ਅੰਗਰੇਜ਼ੀ 'ਚੋਂ ਫੇਲ ਹੁੰਦੇ ਦੇਖੇ ਜਾ ਸਕਦੇ ਹਨ। ਸਰਕਾਰੀ ਸਕੂਲਾਂ ਦੇ ਅਜਿਹੇ ਮਿਆਰ ਦੇ ਚਲਦਿਆਂ ਅੰਗਰੇਜ਼ੀ ਬਤੌਰ ਮਾਧਿਅਮ ਕਿਵੇਂ ਕਾਮਯਾਬ ਹੋ ਸਕਦੀ ਹੈ ?

## ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਡਾ. ਪ੍ਰਿਤਪਾਲ ਸਿੰਘ ਦੇ ਮਾਤਾ ਹਰਚਰਨ ਕੌਰ ਜੀ ਦੇ ਅਕਾਲ ਚਲਾਣੇ ਦੀ ਅੰਤਮ ਅਰਦਾਸ

ਦੀ ਪੰਥਕ ਸੇਵਾ ਦੀ ਸ਼ਲਾਘਾ ਕਰਦਿਆਂ ਪ੍ਰਵਾਰ ਨੂੰ ਵਾਹਿਗੁਰੂ ਦੇ ਭਾਣੇ ਵਿਚ ਰਹਿੰਦਿਆਂ ਭਾਣਾ ਮੰਨਣ ਲਈ ਅਰਦਾਸ-ਬੇਨਤੀ ਕੀਤੀ। ਮਾਤਾ ਹਰਚਰਨ ਕੌਰ ਜੀ ਨੂੰ ਸ਼ਰਧਾਂ ਦੇ ਫੁੱਲ ਭੇਂਟ ਕਰਨ ਵਾਲੇ ਬੁਲਾਰਿਆਂ ਵਿਚ ਡਾ: ਅਮਰਜੀਤ ਸਿੰਘ ਖਾਲਿਸਤਾਨ ਅਫੇਅਰਜ਼ ਸੈਂਟਰ ਵਾਸ਼ਿੰਗਟਨ ਦੇ ਸੰਚਾਲਕ ਤੇ ਟੀਵੀ-84 ਦੇ ਹੋਸਟ, ਏਜੀਪੀਸੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ, ਡਾ: ਹਰਦਮ ਸਿੰਘ ਅਜ਼ਾਦ ਹਿਊਸਟਨ, ਇੰਦਰਜੀਤ ਸਿੰਘ ਥਿੰਦ ਸੈਨ ਹੋਜ਼ੇ, ਜਸਪਾਲ ਸਿੰਘ ਸੈਣੀ ਸੈਨ ਹੋਜ਼ੇ, ਗੁਰਦੇਵ ਸਿੰਘ ਸੰਧੂ ਮਿਲਪੀਟਸ, ਮਨਜੀਤ ਸਿੰਘ ਉਪਲ ਸਟਾਕਟਨ, ਮਿਲਪੀਟਸ ਗੁਰਦੁਆਰਾ ਦੇ ਸਕੱਤਰ ਭਾਈ ਕੰਗ, ਸੁਰਿੰਦਰ ਸਿੰਘ ਫਰਿਜ਼ਨੋ, ਜਸਵਿੰਦਰ ਸਿੰਘ ਜੰਡੀ ਤੇ ਕਸ਼ਮੀਰ ਸਿੰਘ ਸ਼ਾਹੀ ਫਰੀਮਾਂਟ ਤੇ ਹੋਰ ਪਤਵੰਤੇ ਸ਼ਾਮਲ ਸਨ। ਇਸ ਤੋਂ ਇਲਾਵਾ, ਟਰਲਕ, ਯੂਬਾ ਸਿਟੀ, ਡੈਲੋਸ, ਮਨਟੀਕਾ, ਅਲਸਬਰਾਂਟੇ, ਸੈਕਰਾਮੈਂਟੋ ਤੇ ਹਿਊਸਟਨ ਤੋਂ ਵੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਬੁਲਾਰੇ ਅਤੇ ਸਥਾਨਕ ਪੰਥਕ ਜਥੇਬੰਦੀਆਂ ਦੇ ਪ੍ਰਤੀਨਿਧ ਪਹੁੰਚੇ ਹੋਏ ਸਨ। ਅੰਤ ਵਿਚ ਗੁਰੂਦੁਆਰਾ ਪ੍ਰਬੰਧਕ ਕਮੇਟੀ ਮਿਲਪੀਟਸ ਵੱਲੋਂ ਡਾ: ਪ੍ਰਿਤਪਾਲ ਸਿੰਘ ਨੂੰ ਸਿਰੋਪਾ ਸਾਹਿਬ ਦੀ ਬਖਸ਼ਿਸ਼ ਕੀਤੀ ਗਈ। ਮਾਤਾ ਜੀ ਹਰਚਰਨ ਕੌਰ ਦੀ ਅੰਤਮ ਅਰਦਾਸ ਵਿਚ ਅਕਾਲ ਪੁਰਖ ਅੱਗੇ ਮਾਤਾ ਜੀ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਲਈ ਅਰਜੋਈ ਕੀਤੀ ਗਈ। ਆਈਆਂ ਸੰਗਤਾਂ ਲਈ ਪਰਿਵਾਰ ਵੱਲੋਂ ਲੰਗਰ ਪਾਣੀ ਦੀ ਸੇਵਾ ਕੀਤੀ ਗਈ।


JESSIE TAX SERVICES

We Provide Comprehensive Tax Services



JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com